RNI No. - PUNPUN/2022/82997
ISSN : 2584-1211

# ਆਪਣੀ ਆਵਾਜ਼
# अपनी आवाज़
# APNI AAWAAZ


| | | | | | | |
|---|---|---|---|---|---|---|
| Vol. 5 | Issue 7 | July 2026 | Punjabi Monthly | Published at Jalandhar | Price : Your Love & Affection | Page : 68 |
| ਸਾਲ 5 | ਅੰਕ 7 | ਜੁਲਾਈ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਨੱਕਾਸ਼ ਚਿੱਤੇਵਾਣੀ

| ਸਾਲ 5 | Vol. 5 | ਅੰਕ 7 | Issue 7 | ਮਾਸਿਕ | Monthly | ਜੁਲਾਈ 2026 | July 2026 |
|---|---|---|---|---|---|---|---|

A Referred Journal of Punjabi Language & Literature

# Apni Aawaaz

Punjabi Monthly

**Editorial Board**

**Chief Editor**
Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**
Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**
Sant Sandhu
Surinder Khiwa
Baljit Singh Sangha

**Advisory Board :**
Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Referees :**
Dr Jasvir Singh, Shri Anandpur Sahib
Dr Paramjit Singh, Chandigarh
Dr. Harpreet Singh, Panchkula
Dr. Baljit Singh, Chandigarh
Dr. Prithvi Raj Thapar, New Delhi
Dr. Jagdeep Singh, Chandigarh
Dr. Mandeep Singh, Khiala

**Contact :**
+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਧਰਮ ਤੇ ਰਾਜਨੀਤੀ | ਸੁਰਿੰਦਰ ਸਿੰਘ ਸੁੰਨੜ | 3 |
| 2. ਸੰਪਾਦਕੀ – ਧਰਮੀ ਧਰਮ ਕਰਹਿ ਗਵਾਵਹਿ.... | ਡਾ. ਰਾਮ ਮੂਰਤੀ | 4 |
| 3. ਇਲਾਹੀ ਨਦਰ ਦੇ ਪੈਂਡੇ | ਚੇਤਨ ਸਿੰਘ | 5 |
| 4. ਜੱਗ ਜਿਊਂਦਿਆਂ ਦੇ ਮੇਲੇ | ਜਗਜੀਤ ਸਿੰਘ ਲੋਹਟਬੱਦੀ | 8 |
| 5. ਆਪਣੇ ਆਪ ਨਾਲ ਆਨੰਦ ਦੀ ਜ਼ਿੰਦਗੀ ਸ਼ੁਰੂ ਕਰੋ ! | ਜ਼ਫ਼ਰ ਇਕਬਾਲ ਜ਼ਫ਼ਰ | 11 |
| 6. ਕਵਿਤਾ ਕਾਦੰਬਰੀ ਦੀਆਂ ਹਿੰਦੀ ਕਵਿਤਾਵਾਂ | ਪ੍ਰਿੰ. ਹਰੀ ਕ੍ਰਿਸ਼ਨ ਮਾਇਰ | 13 |
| 7. ਅਧਿਆਪਕਾਂ ਲਈ ਫ਼ਰਿਆਦ | ਲਖਵਿੰਦਰ ਸਿੰਘ ਲੱਖਾ | 14 |
| 8. ਪੁਸਤਕ ਰੀਵਿਊ–1. ਕਿਛੁ ਸੁਣੀਐ... | ਪ੍ਰੋ. ਨਵ ਸੰਗੀਤ ਸਿੰਘ | 15 |
| 2. ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ ਬਾਰੇ... | | |
| 3. ਚਾਨਣ ਵੰਡਦੀਆਂ ਬਾਲ–ਕਹਾਣੀਆਂ : ... | | |
| 9. ਹਿੰਦੀ ਵਿਅੰਗ–ਕੁੱਤੇ ਸਾਥੋਂ ਉੱਤੇ | ਡਾ. ਦਲਜੀਤ ਕੌਰ | 23 |
| 10. ਜੁਹਦ ਦੀ ਜਿੱਤ | ਲਖਵਿੰਦਰ ਸਿੰਘ ਬਾਜਵਾ | 25 |
| 11. ਸ਼ਬਦਾਂ ਦਾ ਸਾਧਕ : ਅਮਰਜੀਤ ਟਾਂਡਾ ਦੀ ਕਾਵਿ ਅਤੇ ... | ਡਾ. ਜੋਗਿੰਦਰ ਸਿੰਘ ਕੈਰੋਂ | 26 |
| 12. ਅਸੀਂ ਪ੍ਰਵਾਸੀ ਨਹੀਂ –ਅਸੀਂ ਤਾਂ ਬਾਬੇ ਨਾਨਕ ਦੀ ਉਡਾਰੀ ਹਾਂ | ਡਾ ਅਮਰਜੀਤ ਟਾਂਡਾ | 29 |
| 13. ਰਾਜਾ ਪਰਜਾ | ਸੁਰਿੰਦਰ ਸਿੰਘ ਸੁੰਨੜ | 30 |
| 14. ਕਹਾਣੀ – ਰਗਾਂ 'ਚ ਦੌੜਦਾ ਲਹੂ | ਸੁਖਮਿੰਦਰ ਸੇਖੋਂ | 31 |
| 15. ਨਾਵਲ – ਖੋਰਾ | ਧਰਮਪਾਲ ਸਾਹਿਲ | 32 |
| 16. ਗ਼ਜ਼ਲ / (ਮਿੱਟੀ ਦੇ ਮੱਨੁਖ–ਲਖਵਿੰਦਰ ਸਿੰਘ ਬਾਜਵਾ) | ਮੁਖਤਿਆਰ ਸਿੰਘ ਸ਼ਿਵਾਨ | 34 |
| 17. ਮਨੁੱਖੀ ਜੀਵਨ ਨੂੰ ਖ਼ੂਬਸੂਰਤ ਬਣਾਉਣ ਦੀ ਦਿਸ਼ਾ ਵਿੱਚ ... | ਨਵਤੇਜ ਗੜ੍ਹਦੀਵਾਲਾ | 35 |
| 18. ਗੁਰੂ ਗੋਬਿੰਦ ਸਿੰਘ ਅਤੇ ਮਹਾਤਮਾ ਗਾਂਧੀ | ਡਾ: ਆਸਾ ਸਿੰਘ ਘੁੰਮਣ | 37 |
| 19. ਟਰੰਪ : ਟਪੂਸੀ, ਗਿਰਗਿਟ ਬਨਾਮ ਰੰਗ ਬਦਲਣਾ | ਅਸ਼ੋਕ ਕੁਮਾਰ ਖੁਰਾਣਾ (ਡਾ.) | 40 |
| 20. ਮਿੰਨੀ ਕਹਾਣੀ : ਇਤਿਹਾਸਕ ਪਰਿਪੇਖ | ਦਵਿੰਦਰ ਸਿੰਘ ਪਨੇਸਰ | 42 |
| 21. ਵਿਅੰਗ ਮੂਰਖਾਂ ਦਾਂ ਪ੍ਰਧਾਨ | ਮਨੀਸ਼ ਤਾਲਿਬ | 45 |
| 22. ਕੁਲਦੀਪ ਦੁਸਾਂਝ ਦੀਆਂ ਚਾਰ ਰੁਬਾਈਆਂ | ਕੁਲਦੀਪ ਦੋਸਾਂਝ | 47 |
| 23. ਪੰਜਾਬੀ ਫਿਲਮਾਂ ਦੀਆਂ ਛੋਕਰ–ਖੇਲ੍ਹਾਂ ਵਿੱਚ ਫ਼ਕੀਰ ਦਾ ... | ਡਾ. ਰਾਮ ਮੂਰਤੀ | 48 |
| 24. 'ਕਾਕਰੋਚ ਜਨਤਾ ਪਾਰਟੀ : ... | ਡਾ.ਲਾਭ ਸਿੰਘ ਖੀਵਾ | 49 |
| 25. ਰਤਨ ਸਿੰਘ ਢਿੱਲੋਂ ਦੀ ਪਰਵਾਜ਼ : ਰਚਨਾਤਮਕ ਵਿਵੇਕ | ਡਾ. ਕਿਰਨਦੀਪ ਕੌਰ | 51 |
| 26. ਭਾਸ਼ਾ ਵਿਭਾਗ ਦੀ ਨੌਕਰੀ | ਚੇਤਨ ਸਿੰਘ | 57 |
| 27. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆਂ | 61 |
| 28. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

**ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ**

# ਧਰਮ ਤੇ ਰਾਜਨੀਤੀ



ਇਨਸਾਨੀਅਤ ਕਾਇਮ ਰੱਖਣ ਲਈ ਧਰਮ ਜ਼ਰੂਰੀ ਹੈ। ਧਰਮ ਚਲਾਉਣ ਲਈ ਰਾਜ ਸਰਕਾਰ ਜ਼ਰੂਰੀ ਹੈ। ਪਰ ਰਾਜੇ ਦਾ ਧਰਮੀਂ ਹੋਣਾ ਵੀ ਜ਼ਰੂਰੀ ਹੈ। ਜੇ ਸਰਕਾਰ ਸਮਝੇ ਕਿ ਰਾਜਾ ਧਰਮ ਚਲਾ ਰਿਹਾ ਹੈ ਤਾਂ ਇਹ ਮਨਮਤੀ ਹੈ। ਹਿਟਲਰ ਜੇ ਵੈਟੀਕਨ ਤੇ ਕਾਬਜ਼ ਹੋਣ ਦੀ ਗ਼ਲਤੀ ਨਾ ਕਰਦਾ ਤਾਂ ਹਿਟਲਰ ਦਾ ਰਾਜ ਭਾਗ ਕਦੇ ਸਮਾਪਤ ਨਾ ਹੁੰਦਾ। ਪਰਕਾਸ਼ ਸਿੰਘ ਬਾਦਲ ਨੇ ਕਦੇ ਵੀ ਆਪਣੇ ਆਪ ਨੂੰ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਤੋਂ ਉੱਪਰ ਨਹੀਂ ਸੀ ਸਮਝਿਆ ਇਸ ਕਰਕੇ ਉਹ ਪੰਜ ਵਾਰ ਮੁੱਖ ਮੰਤਰੀ ਬਣੇ ਪਰ ਜਦੋਂ ਅਕਾਲੀ ਦਲ ਇਹ ਸਮਝਣ ਲੱਗ ਪਏ ਕਿ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਨਿਯੁਕਤੀ ਅਕਾਲੀ ਦਲ ਦੀ ਮਰਜ਼ੀ ਨਾਲ ਹੁੰਦੀ ਹੈ ਤਾਂ ਅਕਾਲੀ ਦਲ ਪਤਨ ਵੱਲ ਤੁਰ ਪਿਆ। ਅਜੋਕਾ ਪੰਜਾਬ 1909 ਵਾਲੇ ਪੰਜਾਬ ਦਾ ਸਤਵਾਂ ਹਿੱਸਾ ਹੈ। ਤੇ ਇਸ ਵਿੱਚ ਵੀ ਅਕਾਲੀ ਦਲ ਕਮਜ਼ੋਰ ਹੈ। ਸਿੱਖ ਧਰਮ ਕਮਜ਼ੋਰ ਨਹੀਂ ਹੈ ਅਕਾਲੀ ਦਲ ਕਮਜ਼ੋਰ ਹੋ ਰਿਹਾ ਹੈ ਕਿਉਂਕਿ ਧਰਮ ਤੇ ਕਾਬਜ਼ ਹੋਣ ਦੀ ਗ਼ਲਤੀ ਕਰ ਰਹੇ ਹਨ। ਪੰਜਾਬ ਬਰਬਾਦ ਹੋ ਰਿਹਾ ਹੈ। ਸਿੱਖ ਧਰਮ ਤਾਂ ਸਰਬੱਤ ਦਾ ਭਲਾ ਮੰਗਣ ਵਾਲਾ ਧਰਮ ਹੈ ਇਹ ਤਾਂ ਚੜ੍ਹਦੀ ਕਲਾ ਵਿੱਚ ਹੈ ਅਤੇ ਚੜ੍ਹਦੀ ਕਲਾ ਵਿਚ ਹੀ ਰਹੇਗਾ। ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਇਹ ਐਲਾਨ ਕਰ ਦੇਵੇ ਕਿ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦੀ ਚੋਣ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਅਤੇ ਮਾਯੂਦਾ ਜਥੇਦਾਰ ਸਾਹਿਬ ਹੀ ਕਰਨ। ਅਕਾਲ ਤਖ਼ਤ ਤਾਂ ਸਰਕਾਰ ਨੂੰ ਹਦਾਇਤ ਕਰ ਸਕਦਾ ਹੈ ਪਰ ਅਕਾਲ ਤਖਤ ਸਰਕਾਰ ਦੇ ਅਧੀਨ ਨਹੀਂ ਤਾਂ ਹਟਕੋਰੇ ਲੈਂਦੀ ਸਿੱਖ ਸਿਆਸਤ ਚੜ੍ਹਦੀ ਕਲਾ ਵਿਚ ਹੋ ਸਕਦੀ ਹੈ। ਭਾਰਤ ਦੇ 80 ਪ੍ਰਤੀਸ਼ਤ ਵਸਨੀਕ ਹਿੰਦੂ ਹਨ ਪਰ ਜੇ ਮੋਦੀ ਸਰਕਾਰ ਸਮਝ ਰਹੀ ਹੈ ਕਿ ਸਰਕਾਰ ਹਿੰਦੂ ਧਰਮ ਦੀ ਰੱਖਿਆ ਕਰ ਰਹੀ ਹੈ ਤਾਂ ਇਹ ਮਨਮਤੀ ਹੈ। ਜੇ ਰਾਜਾ ਧਰਮੀਂ ਨਹੀਂ ਤਾਂ ਉਹ ਧਰਮ ਦਾ ਨੁਕਸਾਨ ਕਰ ਸਕਦਾ ਹੈ। ਸਨਾਤਨਤਾ ਪਲੇਠਾ ਧਰਮ ਹੈ ਪਰ ਧਰਮ ਤੇ ਕਾਬਜ਼ ਕਬੁੱਧਿਆਂ ਨੇ ਹਿੰਦੂ ਧਰਮ ਨੂੰ ਦੁਨੀਆਂ ਦੇ ਧਰਮਾਂ ਵਿੱਚ ਤੀਸਰੇ ਸਥਾਨ ਤੇ ਪਹੁੰਚਾ ਦਿੱਤਾ ਹੈ। ਆਓ ਅਰਦਾਸ ਕਰੀਏ ਕਿ ਸਿਆਸਤ ਧਰਮੀਂ ਹੋ ਜਾਏ। ਵੇਦ ਕਤੇਬ ਕਹੋ ਮਤਿ ਝੂਠੇ ਝੂਠਾ ਜੋ ਨਾ ਵਿਚਾਰੇ, ਚਾਰੋਂ ਵੇਦ ਹੋਏ ਸਚਿਆਰ।

ਸ਼ੁਭ ਚਿੰਤਕ ਦਾਸਨ ਦਾਸ

**ਸੁਰਿੰਦਰ ਸਿੰਘ ਸੁੰਨੜ**



# ਧਰਮੀ ਧਰਮ ਕਰਹਿ ਗਾਵਾਵਹਿ....

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫਰਮਾਇਆ ਹੈ : ਧਰਮੀ ਧਰਮ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰ। ਭਾਵ ਜਿਹੜੇ ਧਾਰਮਿਕ ਲੋਕ ਸਮਝਦੇ ਹਨ ਕਿ ਅਸੀਂ ਧਰਮ ਕਮਾ ਰਹੇ ਹਾਂ, ਪੁੰਨ ਕਰਮ ਕਰ ਰਹੇ ਹਾਂ ਜਾਂ ਦੂਸਰਿਆਂ ਉੱਪਰ ਦਇਆ ਤੇ ਪਰਉਪਕਾਰ ਕਰ ਰਹੇ ਹਾਂ ਤੇ ਨਾਲ ਦੀ ਨਾਲ ਉਸ ਪਰਮ ਪਿਤਾ ਪਰਮਾਤਮਾ ਦੀ ਬੰਦਗੀ ਵੀ ਕਰ ਰਹੇ ਹਾਂ, ਬਿਨਾਂ ਸ਼ੱਕ ਇਹ ਸਾਰੇ ਧਰਮ ਦੇ ਕੰਮ ਹਨ ਭਾਵ ਚੰਗੇ ਕੰਮ ਹਨ ਪਰ ਗੁਰੂ ਸਾਹਿਬ ਦਾ ਵਿਚਾਰ ਹੈ ਕਿ ਅਜਿਹਾ ਧਰਮ ਕਰਮ ਕਮਾਉਂਦਿਆਂ ਜੇ ਕੋਈ ਇਹ ਆਸ ਰੱਖੇ ਕਿ ਇਹ ਸਭ ਕਰਨ ਬਦਲੇ ਉਸਨੂੰ ਮੁਕਤੀ ਮਿਲੇ ਭਾਵ ਉਹ ਮੁਕਤੀ ਦੀ ਇੱਛਾ ਲੈ ਕੇ ਇਹ ਧਰਮ ਕਰਮ ਕਰਦੇ ਹਨ ਤਾਂ ਉਹਨਾਂ ਦਾ ਕੀਤਾ ਅਜਿਹਾ ਕਰਮ ਧਰਮ ਵਿਅਰਥ ਹੀ ਚਲੇ ਜਾਂਦਾ ਹੈ ।ਰਮਜ਼ ਗੁਰੂ ਸਾਹਿਬ ਦੀ ਬੜੀ ਡੂੰਘੀ ਹੈ ਕਿ ਇੱਛਾ ਨੂੰ ਮੁੱਖ ਰੱਖ ਕੇ ਪ੍ਰਾਪਤੀ ਜਾਂ ਫਲ ਨੂੰ ਮੁੱਖ ਰੱਖ ਕੇ ਕੀਤਾ ਗਿਆ ਕੋਈ ਵੀ ਨੇਕ ਕਰਮ, ਨੇਕ ਕਰਮਾਂ ਵਿੱਚ ਨਹੀਂ ਗਿਣਿਆ ਜਾ ਸਕਦਾ ਭਾਵ ਇਹ ਇੱਕ ਕਿਸਮ ਦੀ ਸੌਦੇਬਾਜੀ ਹੁੰਦੀ ਹੈ ਕਿ ਪਰਮਾਤਮਾ ਮੈਂ ਤੇਰਾ ਇਹ ਧਰਮ ਦਾ ਕਾਰਜ ਕਰਾਂਗਾ ਤੇ ਤੂੰ ਮੇਰਾ ਇਹ ਦੁਨਿਆਵੀ ਕਾਰਜ ਸਿੱਧ ਕਰ ਦੇ।ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿੱਚ ਉਪਦੇਸ਼ ਦਿੱਤਾ ਹੈ ਕਿ 'ਕਰਮ ਕਰ ਫਲ ਕੀ ਇੱਛਾ ਨਾ ਕਰ' ਇਸ ਦਾ ਸਮੁੱਚਾ ਭਾਵ ਇਹੋ ਹੈ ਕਿ ਧਰਮ ਇੱਕ ਅਜਿਹਾ ਕਾਰਜ ਹੈ ਜੋ ਨਿਸ਼ਕਾਮ ਭਾਵਨਾ ਨਾਲ ਕੀਤਾ ਜਾਣਾ ਚਾਹੀਦਾ ਹੈ । ਜਿਸ ਧਰਮ ਕਰਮ ਜਾਂ ਸੇਵਾ ਦਾ ਉਦੇਸ਼ ਕੋਈ ਦੁਨਿਆਵੀ ਪ੍ਰਾਪਤੀ ਹੋਵੇ ਜਾਂ ਧਰਮ ਨੂੰ ਵਰਤ ਕੇ ਸੱਤਾ ਤੇ ਕਾਬਜ਼ ਹੋਣ ਦੀ ਇੱਛਾ ਹੋਵੇ ਜਾਂ ਇਥੋਂ ਤੱਕ ਕਿ 84 ਲੱਖ ਜੀਆ ਜੂਨ ਤੋਂ ਮੁਕਤੀ ਦਾ ਆਦਰਸ਼ ਵੀ ਕਿਉਂ ਨਾ ਹੋਵੇ, ਉਹ ਸੇਵਾ ਤੇ ਨਿਭਾਇਆ ਗਿਆ ਉਹ ਧਰਮ ਗੁਰੂ ਨਾਨਕ ਦੇਵ ਜੀ ਦੇ ਮੁਤਾਬਕ ਵਿਅਰਥ ਚਲਿਆ ਜਾਂਦਾ ਹੈ। ਹਿੰਦੁਸਤਾਨ ਵਿੱਚ ਅੱਜ ਅਜਿਹਾ ਹੀ ਹੋ ਰਿਹਾ ਹੈ ।ਕੁਝ ਲੋਕ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਲਾਭ ਉਠਾ ਕੇ ਸੱਤਾ ਦੀ ਕੁਰਸੀ ਨੂੰ ਚੁੰਬੜ ਗਏ ਹਨ ਤੇ ਨਤੀਜਤਨ ਮੁਲਕ ਦਾ ਆਰਥਿਕ, ਵਿਗਿਆਨਕ ਤੇ ਨੈਤਿਕ ਵਿਕਾਸ ਅੱਜ ਹੰਭ ਹੁੱਟ ਕੇ ਚੌਰਾਹੇ ਵਿੱਚ ਖੜ੍ਹਾ ਹੈ। ਇਸ ਲਈ ਸਰਕਾਰਾਂ ਦੀ ਚੋਣ ਵੇਲੇ ਭਾਰਤ ਦੇ ਲੋਕਾਂ ਨੂੰ ਇਸ ਬਾਰੇ ਗਹਿਰੀ ਸੂਝ ਸਿਆਣਪ ਨਾਲ ਚੱਲਣ ਦੀ ਜਰੂਰਤ ਹੈ।

- ਡਾ. ਰਾਮ ਮੂਰਤੀ

# ਇਲਾਹੀ ਨਦਰ ਦੇ ਪੈਂਡੇ

(ਮਹਾਕਾਵਿ) (ਭਾਗ - 4)

**ਚੇਤਨ ਸਿੰਘ**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ
98729-81237

*(ਪ੍ਰੋ. ਹਰਿੰਦਰ ਸਿੰਘ ਮਹਿਬੂਬ ਦਾ ਰਚਿਆ ਸ਼ਾਹਕਾਰ ਮਹਾਂਕਾਵਿ ਭਾਗ ਚੌਥਾ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਜੀਵਨ ਤੇ ਉਦੇਸ਼ ਬਾਰੇ ਹੈ। ਸੰਕੇਤ ਤੱਥਾਂ ਮਿਥਾਂ ਦੀ ਯੋਗ, ਕਠਨ, ਢੁਕਵੀਂ ਸ਼ਬਦਾਵਲੀ ਤੇ ਖ਼ਿਆਲ ਦੀ ਪ੍ਰਵਾਜ਼ ਨੂੰ ਸਮਝਣਾ ਆਮ ਪਾਠਕ ਲਈ ਔਖਾ ਹੈ। ਐਪਰ 'ਸਹਿਜੇ ਰਚਿਓ ਖ਼ਾਲਸਾ' ਦਾ ਦੀਰਘ ਅਧਿਐਨ ਮਹਾਂਕਾਵਿ ਸਮਝਣ ਵਿਚ ਸਹਾਇਤਾ ਕਰਦਾ ਹੈ। ਮਹਾਕਾਵਿ ਨੂੰ ਵਾਰਤਕ ਵਿਚ ਲਿਖਣ ਸਮਝਣ (Parapharase) ਲਈ ਇਹ ਮੇਰੇ ਨਿਜੀ ਨੋਟਸ ਹਨ। ਪਾਠਕ ਆਪਣੀ ਉਚੀ ਸੁਰਤਿ ਨਾਲ ਇਸ ਦੀ ਉਚਿਆਈ ਤੱਕ ਪਹੁੰਚ ਸਕਦੇ ਹਨ।*

ਵਾਰਤਕ ਰੂਪ – ਚੇਤਨ ਸਿੰਘ

**ਸਰਗ ਦੂਜਾ**

**ਗੁਰੂ ਵਲਵਲੇ ਦੀਆਂ ਲਿਵ ਉਡਾਣਾਂ**

**ਭਾਗ ਪਹਿਲਾ**

**ਲਿਵ ਦੀਆਂ ਕੂੰਟਾਂ**

ਪਟਨਾ ਨੇੜੇ ਦਰਿਆਵਾਂ ਉੱਪਰ ਸੂਰਜ ਦੀ ਲਾਲੀ ਪ੍ਰਗਟ ਹੋਣ ਤੋਂ ਪਹਿਲਾਂ ਕੋਈ ਅਗੋਚਰ ਨਾਦ ਗੂੰਜ ਰਿਹਾ ਹੈ। ਸਦੀਆਂ ਦੇ ਲੰਮੇ ਅਰਸੇ ਬਾਅਦ ਮਾਨਵਤਾ ਨੂੰ ਕੋਈ ਦੈਵੀ ਉਮੀਦ ਜ਼ਾਹਰ ਹੁੰਦੀ ਭਾਸਦੀ ਹੈ। ਇਹ ਉਮੀਦ ਧਰਤੀ ਦੇ ਬੇਅੰਤ ਪੁਰਾਤਨ ਵੇਸਾਂ ਵਿੱਚੋਂ ਬ੍ਰਹਿਮੰਡ ਦਾ ਇਹ ਇਕੋ ਇਕ ਆਸਰਾ ਬਣ ਕੇ ਸਮੇਂ ਦੀਆਂ ਬੇਅੰਤ ਪਰਤਾਂ ਵਿੱਚੋਂ ਕੁਕਨੂਸ ਵਾਂਗ ਪਰਤੱਖ ਜ਼ਾਹਰ ਹੋ ਰਹੀ ਹੈ। ਬੇਸ਼ੱਕ ਧਰਮਾਂ ਦੀ ਪ੍ਰਚੱਲਤ ਰੂਹਾਨੀਅਤ ਨੇ ਭਟਕਦੀ ਲੁਕਾਈ ਨੂੰ ਕੋਈ ਢਾਰਸ ਨ ਦਿੱਤੀ, ਪਰ ਅੱਜ ਦਾ ਇਹ ਨਾਦ ਕਿਸੇ ਮਾਂ ਅਸੀਸ ਵਰਗਾ ਇਕਰਾਰ ਤੇ ਦਿਲਾਸਾ ਦਿਵਾਉਂਦਾ ਹੈ। ਹੁਣ ਰੂਹਾਨੀ ਤੌਰ 'ਤੇ ਕੁਮਲਾਏ ਹੋਏ ਇਨ੍ਹਾਂ ਧਰਮਾਂ ਤੋਂ ਬਾਅਦ ਰੂਹਾਨੀਅਤ ਨਾਲ ਲਬਰੇਜ਼ ਇੱਕ ਧਰਮ ਨੇ ਮਨੁੱਖਤਾ ਦਾ ਸਾਬਤ ਤਾਜ ਸਿੱਧ ਹੋਣਾ ਹੈ। ਪਟਨੇ ਦੇ ਉੱਪਰ ਵਗਦੀਆਂ ਹਵਾਵਾਂ ਇਸ ਤੀਸਰ ਪੰਥ ਦੀ ਖ਼ੁਸ਼ੀ ਵਿੱਚ ਮਾਨੋ ਇਲਾਹੀ ਗੀਤ ਗਾ ਰਹੀਆਂ ਹਨ। ਪਟਨੇ ਦੀ ਜੂਹ ਵਿੱਚ ਮਹਾਨ ਬੁੱਧ ਨੂੰ ਨਿਰਵਾਣ ਦੀ ਪ੍ਰਾਪਤੀ ਹੋਈ ਸੀ। ਗੰਗਾ ਤੋਂ ਸੁਮੇਰ ਪਰਬਤ ਤੱਕ ਦੇ ਰਾਹਾਂ ਨੇ ਗੁਰੂ ਨਾਨਕ ਦੇ ਕਦਮਾਂ ਨੂੰ ਚੁੰਮਿਆਂ, 'ਅੰਤਮ ਸੱਚ' ਨੂੰ ਵੇਖਣ ਲਈ ਸਮੇਂ ਦੀਆਂ ਤੇਜ਼ ਉਡਾਨਾਂ ਪਟਨੇ ਵੱਲ ਇਸੇ ਲਈ ਧਾ ਰਹੀਆਂ ਹਨ ਕਿਉਂਕਿ ਹੁਣ ਸੰਸਾਰ ਅੰਦਰ ਇਸ ਨਵੇਂ ਧਰਮ ਨੇ ਧਰਤੀ ਦੀ ਤਕਦੀਰ ਨੂੰ ਬਦਲ ਦੇਣਾ ਹੈ। ਇਹ ਨੂਰੀ ਪਰਵਾਜ਼ਾਂ ਹੁਣ ਅਰਸ਼ਾਂ ਤੋਂ ਉਤਰ ਕੇ ਪਟਨੇ ਦੇ ਉੱਚੇ ਮੀਨਾਰਾਂ 'ਤੇ ਗੁੰਬਦਾਂ ਨੂੰ ਛੋਹ



ਰਹੀਆਂ ਹਨ। ਦਰਿਆ ਗੰਗਾ ਪੁਸ਼ਤਾਂ ਦੇ ਭੇਦ ਜਾਣਦਾ ਹੋਇਆ ਅੱਜ ਪੂਰੇ ਧਰਮ ਦੀ ਆਮਦ ਵੱਲ ਇਸ਼ਾਰਾ ਕਰ ਰਿਹਾ ਹੈ।

"ਗੰਗ ਵਹਿਣ ਸਾਗਰ ਨੂੰ ਪੁੱਛਣ, ਕਿਥੇ ਰਾਖ਼ ਹੈ ਪੁਸ਼ਤਾਂ ਦੀ
ਪੂਰਾ ਧਰਮ ਹੀ ਦਰਦ ਪਛਾਣੇ, ਦਰਦ ਭੁੱਲੀਆਂ ਥਾਂਵਾਂ ਦੇ।"

ਗੰਗਾ ਘਾਟ ਨੇ ਅੱਜ ਨੂਰੀ ਫ਼ਜ਼ਰ ਨੂੰ ਵੇਖਿਆ ਹੈ। ਨੌ ਗੁਰੂ ਜੋਤਾਂ ਨੇ ਹਯਾਤੀ ਅੰਦਰ ਵਿਚਰ ਕੇ ਆਦਮ ਜਾਤ ਦਾ ਉੱਧਾਰ ਕੀਤਾ ਹੈ ਅਤੇ ਹੁਣ ਉਹ ਘੜੀ ਆ ਗਈ ਹੈ ਜਦੋਂ ਅੰਤਮ ਗੁਰੂ ਦਸ਼ਮੇਸ਼ ਪਿਤਾ ਦੇ ਅਲੌਕਿਕ ਚੋਜਾਂ ਨੇ ਹੋਰ ਇਲਾਹੀ ਰਾਜ਼ ਪ੍ਰਗਟ ਕਰਨੇ ਨੇ :

"ਨੌ ਨੂਰੀ ਕਦਮਾਂ ਨੇ ਗਾਹੇ ਮੰਡਲ ਸਗਲ ਹਯਾਤੀ ਦੇ
ਕਾਮਲ ਰਾਜ਼ ਝਲਕਣੇ ਸਾਹਵੇਂ, ਅੰਤਮ ਗੁਰੂ ਅਦਾਵਾਂ ਦੇ।"

ਗੁਰੂ ਨਾਨਕ ਦੇ ਦਰ ਘਰ ਤੋਂ ਮਾਨਵ ਨੂੰ ਜਿਹੜਾ ਧਰਵਾਸਾ ਮਿਲਿਆ ਸੀ, ਹੁਣ ਸਮੇਂ ਦੇ ਫੇਰ ਨਾਲ ਉਹੀ ਧਰਵਾਸ ਬਾਲ ਗੋਬਿੰਦ ਨੇ ਦੇਣਾ ਹੈ। ਬਾਲ ਗੋਬਿੰਦ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਉਦਾਸੀ ਕਰਦਿਆਂ ਪਟਨੇ ਦੀ ਤਕਦੀਰ ਸ਼ਬਦ ਦੇ ਰਹੱਸ ਰਾਹੀਂ ਸਿਰਜ ਦਿੱਤੀ ਸੀ। ਅੱਜ ਪਟਨੇ ਵਿੱਚ ਬੰਦਗੀ ਵਾਲੇ ਪੁਰਖਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਗੁਰੂ ਨਾਨਕ ਦੀ ਰਬਾਬ ਵਿੱਚੋਂ ਨਿਕਲੇ ਬੋਲ ਕਲਗੀਧਰ ਪਾਤਸ਼ਾਹ ਦੇ ਹੀ ਸਨ। ਇਸ ਲਈ ਰਬਾਬ ਤੋਂ ਤੇਗ਼ ਦੇ ਰੂਹਾਨੀ ਸਫ਼ਰ ਨੂੰ ਅੱਜ ਧਰਮ ਦੇ ਰਾਹਗੀਰਾਂ ਨੇ ਪਛਾਣ ਲਿਆ ਹੈ। ਪਟਨੇ ਦੀ ਧਰਤੀ ਅੱਜ ਸੰਭਾਵੀ ਕੌਤਕਾਂ ਦਾ ਜ਼ਿਹਨੀ ਚਿੰਤਨ ਕਰ ਰਹੀ ਹੈ। ਬਹੁਤ ਦੇਰ ਬਾਅਦ ਰੂਹਾਨੀ ਉਚਾਈਆਂ ਵਿੱਚ ਰਹਿ ਕੇ ਜ਼ਿੰਦਗੀ ਗੁਜ਼ਾਰਨ ਵਾਲੇ ਇਨਸਾਨਾਂ ਨੇ ਹੁਣ ਪੈਦਾ ਹੋਣਾ ਹੈ। ਇਸ ਰੂਹਾਨੀ ਸੱਚ ਦੀ ਕਨਸੋਅ ਜਲਾਂ ਥਲਾਂ ਵਿੱਚ ਬੇਆਸੇ ਜੀਵਾਂ ਨੂੰ ਸੁਣ ਰਹੀ ਹੈ। ਧਰਮਾਂ ਦੇ ਉੱਚੇ ਸੰਕਲਪਾਂ ਦੀ ਹੁਣ ਇਕ ਅੰਤਮ ਰੂਪ ਵਿੱਚ ਸਿਰਜਣਾ ਹੋਣੀ ਹੈ। ਧਰਮੀ ਇਨਸਾਨਾਂ ਨੇ ਹੁਣ ਅਗਮ ਅਗੋਚਰ ਦੇਸ਼ ਦੀਆਂ ਬਾਤਾਂ ਪਾਉਂਣੀਆਂ ਹਨ। ਵੱਡੇ-ਵੱਡੇ ਗਿਆਨਵਾਨਾਂ ਦੀ ਬੇਰਸ ਸੋਚ ਨੇ ਖ਼ਤਮ ਹੋਣਾ ਹੈ ਤੇ ਹਯਾਤੀ ਦੇ ਹਰ ਮੋੜ 'ਤੇ ਰੂਹਾਨੀ ਪਹਿਲੂਆਂ ਨੇ ਅਗਵਾਈ ਦੇਣੀ ਹੈ। ਨੀਲੇ ਆਸਮਾਨਾਂ ਹੇਠ ਕਲਗੀ ਵਾਲਾ ਪੈਗੰਬਰ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਦਾ ਬੋਲ ਬਾਲਾ ਕਰਾਏਗਾ। ਪਟਨੇ ਸ਼ਹਿਰ ਤੋਂ ਹੀ ਨੌਂਵੇਂ ਗੁਰੂ ਅਗਲੇ ਦੇਸ਼ਾਂ ਨੂੰ ਇਲਾਹੀ ਨੂਰ ਵੰਡਣ ਗਏ ਸਨ। ਨੌਂਵੇਂ ਗੁਰੂ ਦੀ ਸ਼ਹਾਦਤ ਨੇ ਦੁਖੀ ਜਨਤਾ 'ਤੇ ਰਹਿਮ ਦਾ ਕਰਮ ਫ਼ਰਮਾਉਣਾ ਹੈ। ਪਟਨੇ ਵਿੱਚ ਅੱਜ ਪੈਦਾ ਹੋਏ ਬਾਲ-ਗੋਬਿੰਦ ਦੀਆਂ ਕੋਮਲ ਮੁਸਕਾਨਾਂ ਵਿੱਚ ਭਾਰੀ ਜੰਗਾਂ ਦੇ ਰਾਜ਼ ਛੁਪੇ ਹੋਏ ਹਨ। ਸਰਮੱਦ ਦੀ ਰੂਹ ਨੂੰ ਅੱਜ ਸ਼ਹਾਦਤ ਦੇ ਜਲਵੇ ਦੀ ਨਵੀਂ ਗੁਲਜ਼ਾਰ ਸਾਹਮੇਂ ਬੇਕਿਰਕ ਜ਼ਮਾਨੇ ਦੀ ਤੁਛਤਾ ਸਾਫ਼ ਨਜ਼ਰ ਆਉਂਦੀ ਹੈ।

**2. ਪੀਰ ਭੀਖਣ ਸ਼ਾਹ ਦਾ ਪਟਨੇ ਵਿੱਚ ਪ੍ਰਵੇਸ਼ :**

ਅਕਾਸ਼ ਵਿੱਚ ਤਾਰੇ ਕਿਸੇ ਰੂਹਾਨੀ ਵੱਜਦ ਵਿੱਚ ਟਿਮ-ਟਿਮਾ ਰਹੇ ਹਨ। ਕੋਈ ਅਗੰਮੀ ਨੂਰ ਧਰਤ ਨੂੰ ਆਪਣੇ ਕਲਾਵੇ ਵਿੱਚ ਵਗਲ ਰਿਹਾ ਹੈ। ਜਿਸ ਅੰਤਿਮ ਧਰਮ ਨੂੰ ਧਰਤ ਨੇ ਬੁਲਾਵਣਾ ਹੈ, ਉਹ ਮਹਿਰਮਾਂ ਵਾਂਗ ਛਾਂ ਦੇਵੇਗਾ। ਇਹਨਾਂ ਤਾਰਿਆਂ ਦਾ ਅਨਹਦ ਨਾਦ ਪੀਰ ਭੀਖਣ ਸ਼ਾਹ ਨਾਲ ਰੂਹਾਨੀਅਤ ਦੇ ਕੋਈ ਗੁੱਝੇ ਭੇਦ ਸਾਂਝੇ ਕਰ ਰਿਹਾ ਹੈ। ਇਸ ਵਚਿੱਤਰ ਕਾਂਗ ਨੇ ਸੁੱਕੇ ਥਲਾਂ ਦੇ ਭਾਗ ਜਗਾ ਦੇਣੇ ਹਨ। ਇਹ ਸਾਰਾ ਕੁਝ ਸਤ ਮੁਰੀਦਾਂ ਨੂੰ ਨਾਲ ਲੈ ਕੇ ਪਟਨੇ ਵੱਲ ਆ ਰਹੇ ਪੀਰ ਭੀਖਣ ਸ਼ਾਹ ਅਨੁਭਵ ਕਰ ਰਹੇ ਹਨ। ਪੀਰ ਭੀਖਣ ਸ਼ਾਹ ਆਪਣੇ ਮੁਰੀਦਾਂ ਨੂੰ ਦੱਸ ਰਹੇ ਹਨ, "ਭਾਵੇਂ ਅਨੇਕਾਂ ਧਰਮਾਂ ਤੇ ਨਬੀਆਂ ਨੇ ਜਗ ਦਾ ਮਾਰਗ ਰੁਸ਼ਨਾਇਆ ਪਰ ਫਿਰ ਵੀ ਜਗ ਰੂਹਾਨੀਅਤ ਦੇ ਸੱਚੇ ਉਪਦੇਸ਼ ਅਤੇ ਅਮਲ ਬਿਨਾਂ ਅਧੂਰਾ ਹੀ ਰਿਹਾ। ਬਾਲ ਗੋਬਿੰਦ ਸਿੰਘ ਦੇ ਆਉਣ ਨਾਲ ਜੋ ਕੁਝ ਹੋਣਾ ਹੈ, ਪੀਰ ਜੀ ਦੀ ਰੂਹ ਅੰਦਰ ਉਸ ਬਾਰੇ ਖ਼ਿਆਲ ਛੱਲਾਂ ਮਾਰ ਰਹੇ ਹਨ। ਉਹ ਮੁਰੀਦਾਂ ਨੂੰ ਇਸ ਤਰ੍ਹਾਂ ਸਮਝਾ ਰਿਹਾ ਹੈ ਜਿਵੇਂ ਹਯਾਤੀ ਦੀਆਂ ਛੱਲਾਂ ਵਿੱਚ ਗੋਤੇ ਖਾ ਕੇ ਬਾਹਰ ਨਿਕਲ ਕੇ ਅਸਲੀ ਗੱਲ ਕੋਈ ਤਾਰੂ ਦੱਸਦਾ ਹੈ ਕਿ ਇਕ ਸਮਰੱਥ ਹੱਥ ਨੇ ਹੀ ਹੁਣ ਰੱਖਿਆ ਕਰਨੀ ਹੈ। ਪੀਰ ਜੀ ਗੰਭੀਰ ਚੁੱਪ ਵਿੱਚ ਨੌਂਵੇਂ ਗੁਰੂ ਜੀ ਅੱਗੇ ਦੁਖੀਆਂ ਦੀ ਧਰਮ ਰੱਖਣ ਦੀ ਪੁਕਾਰ ਅਤੇ ਦਸਵੀਂ ਜੋਤ ਦੇ ਡਾਹਢੇ ਲਸ਼ਕਰਾਂ ਨਾਲ ਜੰਗ ਦੇ ਦ੍ਰਿਸ਼ ਵੇਖ ਰਹੇ ਹਨ। ਗੁਰੂ

ਪਰਿਵਾਰ ਦੇ ਸਾਰੇ ਜੀਆਂ ਉੱਪਰ ਸਮੇਂ ਦੇ ਹਾਕਮਾਂ ਦੀਆਂ ਕਹਿਰ ਭਰੀਆਂ ਸਖ਼ਤੀਆਂ ਵਿਚੋਂ ਵੀ ਉਸ ਨੂੰ ਸਿਦਕ ਦੀ ਪ੍ਰਵਾਜ਼ ਨਿਰਛੋਹ ਉਡ ਰਹੀ ਭਾਸਦੀ ਹੈ। ਪੀਰ ਜੀ ਆਪਣੇ ਦਿਬ ਲੋਇਣਾਂ ਸਦਕਾ ਗੰਗਾ ਦੇ ਪਾਣੀਆਂ ਉੱਪਰ ਲਿਖੀ ਜਾ ਰਹੀ ਤਕਦੀਰ ਨੂੰ ਵੇਖ ਰਹੇ ਹਨ:

**ਪੀਰ ਮੁਰੀਦਾਂ ਨਾਲ, ਗੰਗਾ ਵੇਖਦਾ ਪੜ੍ਹਦਾ ਹਰਫ਼ ਕਮਾਲ,**
**ਅਜ਼ਲੀ ਲੇਖ ਦਾ।**
**ਦੇਵਣ ਡੂੰਘੇ ਨੀਰ, ਸੋਅ ਪਤਾਲ ਦੀ ਵਲੀ ਤੋਂ ਹਿਰਸ ਅਧੀਰ,**
**ਪੰਧ ਮੁਹਾਲ ਦੀ।**

ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਲੈਣ ਨਾਲ ਇਤਿਹਾਸ ਦੀਆਂ ਬਹੁ-ਪਰਤਾਂ ਦੇ ਸੰਬੰਧ ਹੁਣ ਧਰਤੀ ਨਾਲ ਜੁੜ ਜਾਣਗੇ। ਪਟਨੇ ਦੇ ਦਰਿਆਵਾਂ ਦੀ ਗਰਜ਼ ਵਿੱਚ ਪਟਨੇ ਦੇ ਭਾਗ ਜਾਗ ਪੈਣ ਦਾ ਰਾਜ਼ ਮੌਜੂਦ ਹੈ। ਪੀਰ ਜੀ ਮਾਂ ਗੁਜਰੀ ਦੇ ਘਰ ਜਾ ਕੇ ਬਾਲ ਗੋਬਿੰਦ ਦੇ ਦੀਦਾਰ ਪਾ ਕੇ ਅਨੰਦਿਤ ਹੁੰਦੇ ਹਨ। ਗੁਰੂ ਜੀ ਦਾ ਬਾਲ ਚਿਹਰਾ ਜਿੱਤਾਂ ਦਾ ਪ੍ਰਭਾਵ ਦੇ ਰਿਹਾ ਸੀ। ਪੀਰ ਜੀ ਨੂੰ ਬਾਲ-ਗੋਬਿੰਦ ਦੇ ਦਰਸ਼ਨ ਕਰਨ ਨਾਲ ਆਪਣੀ ਹਯਾਤੀ ਵਿੱਚ ਕੀਤੀਆਂ ਸਾਰੀਆਂ ਜ਼ਿਆਰਤਾਂ ਦੀ ਅਸਲੀ ਅੰਤਮ ਜ਼ਿਆਰਤ ਲੱਗ ਰਹੀ ਹੈ। ਰੂਹ ਦੇ ਆਖ਼ਰੀ ਨਿਜ਼ਾਮ ਪ੍ਰਗਟ ਹੋਣ ਕਿਨਾਰੇ ਹਨ। ਪੀਰ ਜੀ ਬਾਲ-ਪੈਗੰਬਰ ਦੇ ਨਿਆਰੇ ਨਿਆਰੇ ਚੋਜ ਵੇਖ ਰਹੇ ਹਨ। ਪੀਰ ਜੀ ਨੂੰ ਉਤਸੁਕਤਾ ਹੈ ਕਿ ਵੇਖੀਏ ਬਾਲ ਗੋਬਿੰਦ ਦੋਵਾਂ ਕੁੱਜੀਆਂ ਵਿੱਚੋਂ ਕਿਸ 'ਤੇ ਹੱਥ ਰੱਖਦੇ ਹਨ। ਗੁਰੂ ਜੀ ਨੇ ਦੋਵੇਂ ਕੋਮਲ ਹੱਥ ਦੋਵਾਂ ਕੁੱਜੀਆਂ ਉੱਪਰ ਰੱਖ ਦਿੱਤੇ। ਗੁਰੂ ਜੀ ਨੇ ਬਾਲ ਅਵਸਥਾ ਵਿੱਚ ਮੁਸਕਰਾਉਂਦਿਆਂ ਜਦੋਂ ਇਹ ਚੋਜ ਕੀਤਾ ਤਾਂ ਪੀਰ ਭੀਖਣ ਸ਼ਾਹ ਨੂੰ ਯਕੀਨ ਹੋ ਗਿਆ ਕਿ ਇਸ ਬਾਲ-ਪੈਗੰਬਰ ਨੂੰ ਤਿੰਨ ਲੋਕ ਦੀ ਸੋਝੀ ਹੈ ਅਤੇ ਉਹ ਸਾਰੀ ਪਰਜਾ ਦਾ ਰਖਵਾਲਾ ਹੋਵੇਗਾ। ਜਿਵੇਂ ਮੱਖਣ ਸ਼ਾਹ ਲੁਬਾਣੇ ਨੇ ਨੌਵੇਂ ਨੂਰ ਨੂੰ ਪਛਾਣ ਕੇ 'ਗੁਰੂ ਲਾਧੋ ਰੇ! ਗੁਰੂ ਲਾਧੋ ਰੇ!!' ਦੀ ਹੇਕ ਨਾਲ ਸੰਸਾਰ ਵਾਸੀਆਂ ਨੂੰ ਗੁਰੂ ਦੀ ਦੱਸ ਪਾ ਕੇ ਗੁਰੂ ਨੂੰ ਪ੍ਰਗਟ ਕੀਤਾ ਸੀ, ਇਸੇ ਤਰ੍ਹਾਂ ਪੀਰ ਜੀ ਖ਼ੁਸ਼ੀ ਵਿੱਚ ਖੀਵੇ ਹੋਏ ਪਟਨੇ ਦੇ ਲੋਕਾਂ ਸਾਹਵੇਂ ਇਲਾਹੀ ਵੱਜਦ ਵਿੱਚ ਆ ਕੇ ਝੂੰਮਦੇ ਹਨ ਅਤੇ ਨਾਲੇ ਕਹਿੰਦੇ ਹਨ:

ਪੀਰ ਆ ਵਿਚ ਬਜ਼ਾਰ, ਮੌਜ 'ਚ ਨੱਚਿਆ
"ਲੋਕੋ ਲਵੇਗਾ ਸਾਰ, ਬਾਲ ਜੋ ਹੱਸਿਆ।"
ਆਖਿਆ ਸੀਸ ਝੁਕਾ ਭੀਖਣ ਸ਼ਾਹ ਨੇ,
"ਇਹੋ ਮੁਰੀਦ ਗਵਾਹ ਮੈਂਡੇ ਰਾਹ ਨੇ।
ਦੁਨੀ ਇਹ ਸੁੱਚੀ ਥਾਂ, ਸਦਾ ਪੁਲੀਤ ਨਾ
ਵਲੀ ਦੀ ਮਿੱਠੀ ਛਾਂ, ਅਜ਼ਲੀ ਮੀਤ ਨਾ।

ਹੇ ਦੁਨੀਆਂ ਦੇ ਲੋਕੋ! ਜਦੋਂ ਧਰਤੀ ਉੱਪਰ ਧਰਮ ਦਾ ਇਹ ਬ੍ਰਿਛ ਸੁੱਕ ਚੁੱਕਾ ਹੈ ਅਤੇ ਰੂਹਾਂ ਅਗਿਆਨ ਦੀਆਂ ਡੂੰਘੀਆਂ ਖਾਈਆਂ ਵਿੱਚ ਸੁੰਨ ਪਈਆਂ ਹਨ ਤਾਂ ਇਹ ਬਾਲ ਪੈਗੰਬਰ ਨੰਨੀ ਡਾਲ ਵਾਂਗ ਮੌਲ ਕੇ ਜਗਤ ਨੂੰ ਢਾਰਸ ਦੇਵੇਗਾ। ਦੂਰੋਂ ਚੱਲ ਕੇ ਆਏ ਪੀਰ ਜੀ ਦੀਦਾਰ ਪਾ ਕੇ ਰੂਹਾਨੀ ਸੰਕੇਤਾਂ ਵਿੱਚੋਂ ਗੁਰੂ ਚੋਜਾਂ ਦੇ ਅਰਥ ਸਮਝ ਕੇ ਉਸ ਭਲੇ ਸਮੇਂ ਦੀ ਉਡੀਕ ਨੂੰ ਦਿਲ ਵਿੱਚ ਵੱਡੀ ਪ੍ਰਾਪਤੀ ਸਮਝ ਕੇ ਘੁੜਾਮ ਨੂੰ ਵਾਪਸੀ ਕਰਦੇ ਹਨ।

## ਜਾਗੋ



**- ਸੋਮੇਸ਼ਵਰ ਪਾਂਡੇ**
ਦੇਹਰਾਦੂਨ, ਉੱਤਰਾਖੰਡ

ਜੰਗਲ ਸਾਰੇ ਖਾ ਗਿਆ
ਬੰਜਰ ਕੀਤਾ ਥਾਂਵਾਂ ਨੂੰ
ਪੱਥਰ-ਪੱਥਰ ਲਾਈ ਜਾਂਵੇਂ
ਧੁੱਪ 'ਚ ਲੱਭਦਾ ਛਾਂਵਾਂ ਨੂੰ
ਜਿਉਂਦੇ ਕਦਰ ਨਾ ਕੀਤੀ
ਹੁਣ ਕਿਉਂ ਲੱਭੇ ਮਾਂਵਾਂ ਨੂੰ
ਜਾਗੋ! ਦੇਰ ਹੋਣ ਤੋਂ ਪਹਿਲਾਂ
ਬਚਾ ਲਓ ਕੁੱਖ ਤੇ ਰੁੱਖ
ਭੈਣਾਂ ਕਿੱਥੇ ਗਈਆਂ
ਕਹੋਗੇ ਕੀ ਭਰਾਵਾਂ ਨੂੰ
ਇਨ੍ਹਾਂ ਕਰਕੇ ਹੀ
ਧਰਤ ਉੱਤੇ ਹੋਂਦ ਅਸਾਡੀ
ਫੇਰ ਕਿੱਥੋਂ ਲੱਭਾਂਗੇ ਆਪਾਂ
ਧੀਆਂ - ਮਾਂਵਾਂ - ਛਾਂਵਾਂ ਨੂੰ॥

# ਜੱਗ ਜਿਊਂਦਿਆਂ ਦੇ ਮੇਲੇ

**ਜਗਜੀਤ ਸਿੰਘ ਲੋਹਟਬੱਦੀ**

89684-33500

ਜਿਊਂਦਿਆਂ ਦੇ ਮੇਲੇ ਅੰਗ ਸੰਗ ਰਹਿੰਦੇ ਹਨ ਅਤੇ ਵਿੱਛੜ ਗਿਆਂ ਦੀਆਂ ਯਾਦਾਂ। ਮੂਲ ਤੱਤ 'ਹੈ' ਅਤੇ 'ਸੀ' ਦਾ ਹੁੰਦੈ। ਜੀਵਨ ਧਾਰਾ 'ਅੱਜ' ਦੀ ਨਿਰੰਤਰਤਾ ਵਿੱਚ ਵਹਿੰਦੀ ਰਹਿੰਦੀ ਹੈ; ਬੀਤਿਆ 'ਕੱਲ੍ਹ' ਅਤੀਤ ਦੀ ਬੁੱਕਲ ਵਿੱਚ ਛੁਪ ਜਾਂਦਾ। ਲੰਘੇ ਪਲਾਂ ਵਿੱਚੋਂ ਉਪਜੀ ਕੋਈ ਚਾਨਣ ਦੀ ਲੀਕ ਅਕਸਰ ਅੰਬਰ ਨੂੰ ਰੌਸ਼ਨ ਕਰ ਦਿੰਦੀ ਹੈ, ਜਦੋਂ ਕਿ ਹਨੇਰੇ ਪੱਖ ਦਾ ਕੋਈ ਪੂਰ ਸਾਨੂੰ ਘਨਘੋਰ ਅੰਧਕਾਰ ਦੀ ਸਰਦਲ ਤੇ ਲਿਆ ਖੜ੍ਹਾ ਕਰਦੈ। ਗੁਜ਼ਰੀਆਂ ਹੋਈਆਂ ਘੜੀਆਂ ਚੇਤਿਆਂ ਦੀ ਚੰਗੇਰ ਵਿੱਚ ਵੱਸ ਜਾਂਦੀਆਂ ਹਨ; 'ਭਵਿੱਖ' ਦਾ ਵਾਸਾ ਸਮੇਂ ਦੇ ਗਰਭ ਵਿੱਚ ਹੁੰਦਾ। ਦੋਵਾਂ ਤੋਂ ਵੱਖਰੀ ਚਾਲ ਦਾ ਸੂਚਕ ਹੈ-'ਵਰਤਮਾਨ'। ਵਰਤਮਾਨ ਹੀ ਐਸਾ ਛਿਣ ਹੈ, ਜਿਹੜਾ ਰੰਗਲੀ ਦੁਨੀਆਂ ਦੇ ਸੁਪਨਿਆਂ ਸਾਹਵੇਂ ਖਲ੍ਹਾਰ ਕੇ ਸੁਨੇਹਾ ਦਿੰਦੈ : "ਮਹਿਰਮਾ! ਤਵਾਰੀਖੀ ਸਚਾਈ ਤੇਰੇ ਸਾਹਮਣੇ ਖੜ੍ਹੀ ਐ...ਰੰਗਾਂ ਦੀ ਮਹਿਫਿਲ ਦਾ ਆਨੰਦ ਮਾਣ ਲੈ...ਕੱਲ੍ਹ ਕਿਸੇ ਨਹੀਂ ਵੇਖਿਆ।"

ਜ਼ਿੰਦਗੀ ਜੀਵਨ ਕਲਾ ਦਾ ਨਾਂ ਹੈ। ਜੋ ਸਬਕ ਕਿਤਾਬਾਂ ਵਿੱਚੋਂ ਨਹੀਂ ਮਿਲਦੇ, ਉਹ ਜ਼ਿੰਦਗੀ ਦੀ ਚਿੱਤਰਪਟ ਤੇ ਉੱਕਰੇ ਮਿਲਦੇ ਹਨ। ਮੁਲਾਇਮ ਪਾਸਾ ਦੇਖੋਗੇ, ਤਾਂ ਸੁਹਾਵਣਾ ਲੱਗੇਗਾ; ਖਰ੍ਹਵਾ ਬੰਨਾ ਨਿਰਾਸ਼ ਕਰੇਗਾ। ਕਠੋਰ ਅਧਿਆਪਕ ਦਾ ਦਰਜਾ ਮਿਲਿਆ ਹੋਇਐ, ਜ਼ਿੰਦਗੀ ਨੂੰ। ਸਿਖਾਏ ਬਿਨਾਂ ਮਰਨ ਵੀ ਨਹੀਂ ਦਿੰਦੀ...ਜੱਗ ਜੰਕਸ਼ਨ ਰੇਲਾਂ ਦਾ! ਮਿਲਾਪ ਤੇ ਵਿਛੋੜਾ ਸਕੀਆਂ ਭੈਣਾਂ ਨੇ। ਮੇਲ-ਜੋਲ ਦੇ ਲਮਹੇ ਸਦੀਵੀ ਸਕੂਨ ਬਖ਼ਸ਼ਦੇ ਹਨ, ਪਰ ਜੁਦਾਈ ਦਾ ਹੇਰਵਾ ਮਨਾਂ ਵਿੱਚ ਘਰ ਕਰ ਜਾਂਦੈ। ਦਿਲਾਂ ਦੀ ਉਦਾਸੀ ਬਾਕੀ ਦੇ ਖੈਰ ਸੁੱਖਾਂ ਨੂੰ ਢੱਕ ਲੈਂਦੀ ਹੈ। ਫਿਰ ਮਾਣਕ ਦੀ ਹੇਕ ਰੂਹ ਨੂੰ ਟੁੰਬਦੀ ਲੱਗਦੀ ਹੈ: 'ਮਿਲੇ ਦੀਆਂ ਲੱਖ ਖੁਸ਼ੀਆਂ, ਤੁਰ ਗਏ ਦੀ ਉਦਾਸੀ ਏ।'

ਓਸ਼ੋ ਜ਼ਿੰਦਗੀ ਨੂੰ ਧੰਨਭਾਗ ਆਖਦੈ: "ਜ਼ਿੰਦਗੀ ਅਟੱਲ ਜਾਂ ਅਖੀਰ ਨਹੀਂ...ਇਹ ਨਦੀ ਦੀ ਵਗਦੀ ਨਿਰੰਤਰ ਧਾਰਾ ਹੈ...ਜਾਣਿਆਂ ਪਛਾਣਿਆਂ ਰਾਹਵਾਂ ਤੋਂ ਅਣਦਿਸਦੇ ਦਿਸਹੱਦਿਆਂ ਵੱਲ ਦਾ ਸਫ਼ਰ...ਫਿਰ ਭਵਿੱਖ ਦੀ ਚਿੰਤਾ ਕਿਉਂ?... ਜਦੋਂ ਸਾਹਮਣੇ ਆਵੇਗਾ, ਸਿੱਝ ਲਵਾਂਗੇ। ਸਾਰਾਂਸ਼ ਇਹ ਹੈ ਕਿ ਜਿਹੜੀਆਂ ਨੜਿੰਨਵੇਂ ਪ੍ਰਤੀਸ਼ਤ ਘਟਨਾਵਾਂ ਬਾਰੇ ਅਸੀਂ ਸੋਚ ਰਹੇ ਹੁੰਦੇ ਹਾਂ, ਉਹ ਵਾਪਰਨੀਆਂ ਹੀ ਨਹੀਂ ਹੁੰਦੀਆਂ...ਫਿਰ ਇੱਕ ਫ਼ੀਸਦ ਬਾਰੇ ਸੋਚਣਾ ਤਾਂ ਨਿਰੀ ਮੂਰਖਤਾ ਹੈ।"

ਦੋ-ਧਾਰੀ ਤਲਵਾਰ ਹੈ ਜ਼ਿੰਦਗੀ...ਹੱਸਦੇ ਹਾਂ, ਤਾਂ ਨਾਲ ਹੱਸਦੀ ਹੈ; ਰੋਂਦੇ ਹਾਂ, ਤਾਂ ਰੱਜ ਕੇ ਰੁਲਾਉਂਦੀ ਹੈ। ਉਦਾਸ ਮਨ ਢਲਦੇ ਪ੍ਰਛਾਵਿਆਂ ਨੂੰ ਦੇਖ ਕੇ ਸੋਚਦਾ ਹੈ ਕਿ ਸ਼ਾਮ ਹੋ ਗਈ ਹੈ, ਪਰ ਖੁਸ਼ਮਿਜਾਜ ਦਿਲ ਢਲਦੇ ਸੂਰਜ ਦੀ ਲਾਲੀ ਨੂੰ ਦੇਖ ਤਰੰਗਮਈ ਹੋ ਜਾਂਦਾ ਹੈ ਕਿ ਮਹਿਫਿਲ ਤਾਂ ਸ਼ੁਰੂ ਹੀ ਸ਼ਾਮ ਨੂੰ ਹੁੰਦੀ ਐ। ਫਿਰ ਨਿਰਾਸ਼ਤਾ ਮਨ ਦੇ ਚਾਵਾਂ ਨੂੰ ਖੋਰਾ ਨਹੀਂ ਲਾਉਂਦੀ ਅਤੇ ਜ਼ਿੰਦਾਦਿਲੀ ਆਉਣ ਵਾਲੀਚਾਂਦੀ-ਰੰਗੀ ਸਵੇਰ ਦੀ ਸੂਚਕ ਬਣ ਜਾਂਦੀ ਹੈ। ਹਨੇਰਿਆਂ ਨੂੰ ਰੁਸ਼ਨਾਉਣ ਅਤੇ ਆਫ਼ਤਾਂ ਨਾਲ ਆਢਾ ਲਾਉਣ ਨੂੰ ਗ਼ਜ਼ਲਗੋ ਗੁਰਦਿਆਲ ਰੌਸ਼ਨ ਜਿਉਂਦੇ ਹੋਣ ਦਾ ਪ੍ਰਮਾਣ ਪੱਤਰ ਦੱਸਦਾ ਹੈ:

ਮੁਸ਼ਕਿਲਾਂ ਦੇ ਨਾਲ ਮੇਰਾ ਰਾਬਤਾ ਬਣਿਆ ਰਹੇ
ਜ਼ਿੰਦਗੀ, ਮੈਂ ਤੇਰੇ ਨਾਲ ਜੂਝਦਾ ਹੀ ਠੀਕ ਹਾਂ।

ਜ਼ਿੰਦਗੀ ਵਲਵਲਿਆਂ ਦਾ ਵੇਗ ਹੈ-ਅਰੋਕ...ਅਮੁੱਕ...ਅਨੰਤ। ਕਈ ਵਾਰ ਓਪਰੇ ਰਾਹਵਾਂ ਤੇ ਚਲਦੇ ਰਾਹਗੀਰ ਵੀ ਆਪਣੇ ਲੱਗਦੇ ਹਨ। ਅਚਾਨਕ ਬਣੇ ਰਿਸ਼ਤਿਆਂ ਦੀ ਖ਼ੂਬਸੂਰਤੀ ਉਸ ਮੇਲ-ਜੋਲ ਦੀ ਤਸਵੀਰ ਨੂੰ ਸਾਲਾਂ-ਬੱਧੀ ਯਾਦਾਂ ਦੇ ਚੌਖਟੇ ਵਿੱਚ ਸੰਭਾਲੀ ਰੱਖਦੀ ਹੈ। ਸਫ਼ਰ ਕਰਦਿਆਂ ਕਈ ਵਾਰ ਕੁੱਝ ਅਜਿਹੇ ਚਿਹਰੇ ਜ਼ਿਹਨ ਵਿੱਚ ਵੱਸ ਜਾਂਦੇ ਹਨ, ਜਿਹੜੇ ਭੁਲਾਇਆਂ ਨਹੀਂ ਭੁੱਲਦੇ। ਉਹ ਤੁਹਾਡੇ ਵਿੱਚੋਂ ਆਪਣੇ ਵਿੱਛੜੇ ਪਿਆਰਿਆਂ ਦਾ ਸਿਰਨਾਵਾਂ ਲੱਭਦੇ ਹਨ। ਕਿਸੇ ਪਲ ਦੀ ਯਾਦ ਸਾਂਝੀ ਕਰਨੀ ਉਨ੍ਹਾਂ ਲਈ ਜਿਉਂਦੇ ਜੀਅ ਮੇਲਾ ਬਣ ਜਾਂਦੀ ਹੈ। ਸਬੱਬ ਬਣਿਆ, ਕੈਨੇਡਾ ਦੇ ਵੱਡੇ ਸਟੋਰ 'ਵਾਲਮਾਰਟ' ਤੇ ਜਾਣ ਦਾ। ਅਚਾਨਕ ਇੱਕ ਖੂੰਜੇ ਤੋਂ ਆਈ ਆਵਾਜ਼ ਨੇ ਧਿਆਨ ਖਿੱਚ ਲਿਆ:

"ਸਰਦਾਰ ਜੀ...ਸਤਿ ਸ੍ਰੀ ਅਕਾਲ...।"ਮੈਂ ਹੈਰਾਨ!

"ਘਬਰਾਓ ਨਾ...ਤੁਹਾਡੇ ਗੁਆਂਢੀ ਹੀ ਤਾਂ ਹਾਂ...।"ਚਿਤਵਣੀ ਹੋਰ ਵੱਧ ਗਈ। ਅਜਨਬੀ ਚਿਹਰਾ ਜੁ ਸੀ।

"ਮੈਂ ਜਮਸ਼ੇਰ ਰਾਣਾ...ਰਾਵਲਪਿੰਡੀ ਤੋਂ...ਸੰਤਾਲੀ ਦੇ

ਵਿੱਛੜੇ ਅੱਜ ਮਿਲੇ ਹਾਂ..."ਮੈਂ ਅਵਾਕ ਉਸਦੇ ਮੂੰਹ ਵੱਲ ਵੇਖ ਰਿਹਾ ਸਾਂ।

"ਅੱਬਾ ਜਾਨ ਦੱਸਦੇ ਹੁੰਦੇ ਸੀ...ਗੁਆਂਢ ਵਿੱਚ ਸਰਪੰਚਾਂ ਦਾ ਘਰ ਸੀ...ਮੁਹਾਂਦਰਾ ਹੂਬਹੂ ਤੁਹਾਡੇ ਨਾਲ ਮਿਲਦਾ ਜੁਲਦਾ... ਮੈਨੂੰ ਲੱਗਿਆ ਅੱਜ ਦਹਾਕਿਆਂ ਬਾਅਦ ...ਮੇਰਾ ਗੁਆਂਢੀ ਮਿਲ ਗਿਐ।" ਅਣਜਾਣਪੁਣੇ ਵਿੱਚ ਗੁਆਚੇ ਰਿਸ਼ਤਿਆਂ ਦੀ ਚੀਸ ਵਤਨ ਦੀ ਮਿੱਟੀ ਤੋਂ ਆਏ ਕਿਸੇ ਅਗਿਆਤ ਸਖ਼ਸ਼ ਨੂੰ ਮਿਲ ਕੇ ਮਲ੍ਹਮ ਦਾ ਫਹਿਆ ਬਣ ਜਾਂਦੀ ਹੈ।

ਯਾਦ ਹੈ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਪਹੁਤਾ ਪਾਂਧੀ' ਮੇਜਰ ਸਾਬ੍ਹ ਜੋ 'ਪੇ-ਮਰਿਆਂ' ਦੇ ਫ਼ਸਟ ਕਲਾਸ ਕੋਚ ਨੂੰ ਛੱਡ ਤੀਜੇ ਦਰਜੇ ਦੇ ਖਚਾਖਚ ਭਰੇ ਡੱਬੇ ਵਿੱਚ ਆ ਬੈਠੇ ਸਨ।ਆਪਣੇ ਰੰਗਲੇ ਸੁਭਾਅ ਕਾਰਨ ਸਭ ਦੇ ਚਹੇਤੇ ਹੋ ਨਿੱਬੜੇ। ਵਿੱਛੜਣ ਵੇਲੇ ਮੇਲਾ ਲੁੱਟ ਕੇ ਲੈ ਗਏ ਸਨ ਤੇ ਡੱਬਾ ਭਾਂ ਭਾਂ ਕਰਨ ਲੱਗ ਗਿਆ ਸੀ।ਅਸਮਾਨੀ ਬਿਜਲੀ ਵਾਂਗ ਚਮਕੀ ਕੋਈ ਅਜਨਬੀ ਰੂਹ ਸਾਲਾਂ ਬੱਧੀ ਚੇਤਿਆਂ ਵਿੱਚ ਵੱਸ ਕੇ ਜ਼ਿੰਦਗੀ ਦੀ ਸਾਰਥਿਕਤਾ ਸਮਝਾ ਜਾਂਦੀ ਹੈ ਅਤੇ ਇਤਰ ਕ੍ਰਚ ਭਿੱਜੀਆਂ ਪੌਣਾਂ ਦੀ ਮਹਿਕ ਦਿਲਾਂ ਨੂੰ ਰੁਸ਼ਨਾਉਂਦੀ ਰਹਿੰਦੀ ਹੈ।

ਮਿੱਤਰੋ! ਯੁੱਗ ਪਦਾਰਥਵਾਦੀ ਹੋ ਗਿਐ। ਗੱਲ ਜਰ੍ਹਬਾਂ ਤਕਸੀਮਾਂ ਤੇ ਆ ਕੇ ਰੁਕ ਜਾਂਦੀ ਐ।ਮੇਲਾ ਫਿੱਕਾ ਲੱਗਣ ਲੱਗ ਪੈਂਦੈ। ਚਮਕਦੀਆਂ ਧਾਤਾਂ ਦੀ ਚਕਾਚੌਂਧ ਨੇ ਮਿਲਾਪ ਦੀਆਂ ਘੜੀਆਂ ਦੀ ਲੋਅ ਮੱਧਮ ਕਰ ਦਿੱਤੀ ਹੈ। ਜਹਾਨ ਤੇ ਆਇਆ ਮਨੁੱਖ ਸਿਕੰਦਰ ਬਣਨ ਦੇ ਚੱਕਰਵਿਊ ਵਿੱਚ ਫਸਿਐ।ਮਨ ਵਿੱਚੋਂ ਵਿੱਸਰ ਜਾਂਦਾ: 'ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖ਼ਾਨਾ'। ਸਿਰਫ਼ ਆਉਣ ਜਾਣ ਦਾ ਸਬੱਬ ਹੈ। ਸ੍ਰਿਸ਼ਟੀ ਇਸ ਜਜ਼ੀਰੇ ਤੇ ਪੱਕੇ ਘਰ ਬਣਾਉਣ ਦੀ ਇਜਾਜ਼ਤ ਨਹੀਂ ਦਿੰਦੀ। ਨਾ ਹੀ ਜੰਨਤ ਦੇ ਬੂਹੇ ਤੇ ਖੜ੍ਹਾ ਦਰਬਾਨ ਝੋਲੀਆਂ ਭਰ ਕੇ ਅੰਦਰ ਜਾਣ ਦੀ ਰਜ਼ਾਮੰਦੀ ਦਰਸਾਉਂਦੈ। ਫਿਰ ਝੋਰਾ ਕਿਸ ਗੱਲ ਦਾ? ਖ਼ਾਲੀ ਹੱਥ ਆਏ ਸੀ, ਫਿਰ ਖ਼ਾਲੀ ਹੱਥ ਜਾਣ ਤੇ ਇਤਰਾਜ਼ ਕਿਉਂ? ਕਿਉਂ ਰੋਜ਼ਾਨਾ ਦੇ ਵਹੀ ਖਾਤਿਆਂ ਕ੍ਰਤੇਯਾਰਾਂ ਬੇਲੀਆਂ ਦੀ ਲੰਮੀ ਫਹਿਰਿਸਤ ਦਰਜ ਨਹੀਂ ਹੁੰਦੀ। ਭੁਲੱਕੜ ਮਨ ਭੁੱਲ ਜਾਂਦੈ ਕਿ ਦੁਨੀਆਂ ਦੇ ਰੰਗ ਤਮਾਸ਼ੇ ਵੇਖਣ ਲਈ ਹੀ ਤਾਂ ਸੰਸਾਰ ਸਾਜਿਆ। ਤਾਹੀਓਂ ਤਾਂ ਰੰਗਲੇ ਸੰਸਾਰ ਤੋਂ ਵਿੱਛੜਨ ਨੂੰ ਦਿਲ ਨਹੀਂ ਕਰਦਾ। ਫਿਰ ਕਿਉਂ ਨਾ ਹਰ ਦਿਨ ਤੀਆਂ ਵਰਗਾ ਗੁਜ਼ਰੇ ਅਤੇ ਰਾਤ, ਸੁਹਾਗ-ਰਾਤ ਵਰਗੀ? ਨਵੀਂ ਸਵੇਰ ਦੀਆਂ ਕਿਰਨਾਂ ਨੂੰ ਖੁਸ਼-ਆਮਦੀਦ ਕਹੀਏ ਅਤੇ ਅੰਤਰ-ਧਿਆਨ ਹੋ ਕੇ ਸੋਚੀਏ- ਪ੍ਰੋ. ਮੋਹਨ ਸਿੰਘ ਵਾਂਗ:

ਕੀ ਹੋਇਆ ਜੇ ਬੂਹੇ ਪੂਰੇ ਖੁੱਲ੍ਹੇ ਨਾ
ਝੀਥਾਂ ਵਿੱਚੋਂ ਰੌਸ਼ਨੀਆਂ ਤਾਂ ਆਈਆਂ ਨੇ

ਨਾਮਵਰ ਜਪਾਨੀ ਲੇਖਕ ਤੋਸ਼ੀਕਾਜ਼ੂ ਕਾਵਾਗੁਚੀ ਆਪਣੀ ਪੁਸਤਕ 'Before The Coffee Gets Cold' ਵਿੱਚ ਜ਼ਿੰਦਗੀ ਨੂੰ ਸੁਰਾਂਗਲੀ ਬਣਾਉਣ ਦੀ ਜੁਗਤ ਦੱਸਦੈ। ਉਸ ਦਾ ਮੱਤ ਹੈ ਕਿ ਸਮਾਂ ਉਡਾਰੀਆਂ ਮਾਰ ਰਿਹੈ ਅਤੇ ਵਰਤਮਾਨ ਤੁਹਾਨੂੰ ਨੀਝ ਨਾਲ ਦੇਖ ਰਿਹੈ। ਪਿਛਲੀਆਂ ਗਲਤੀਆਂ ਭੁਲਾਉਣ ਨਾਲ ਅਣਕਹੇ ਬੋਲਾਂ ਦੀ ਜ਼ੁਬਾਨ ਰਸਵੰਤੀ ਹੋ ਜਾਂਦੀ ਹੈ। ਕਿਸੇ ਨਾਲ ਸੰਵਾਦ ਨਾ ਰਚਾਉਣ ਅਤੇ ਆਪਣੇ ਮਨ ਦੇ ਕਪਾਟ ਨਾ ਖੋਲ੍ਹਣ ਨਾਲ ਪਛਤਾਵਾ ਹੀ ਪੱਲੇ ਪੈਂਦਾ।ਮੁਆਫ਼ ਕਰਨ ਦਾ ਮਤਲਬ ਹੈ- ਰਿਸਦੇ ਜ਼ਖ਼ਮਾਂ ਤੇ ਲੇਪ ਲਾਉਣਾ।ਅਤੀਤ ਨੂੰ ਅਹਿਮੀਅਤ ਦੇਣੀ ਬੇਸ਼ਕੀਮਤੀ ਹੈ, ਪਰ ਦੇਖਿਓ ਕਿਤੇ ਤੁਹਾਡੇ 'ਹੁਣ' ਨੂੰ ਬੀਤੇ ਦਾ ਗ੍ਰਹਿਣ ਨਾ ਲੱਗ ਜਾਵੇ। ਧਰਤੀ ਤੇ ਆਮਦ ਦਾ ਉਦੇਸ਼ ਹੈ- ਮੁਹੱਬਤੀ ਰੂਹਾਂ ਦਾ ਸੰਗ! ਹੈ ਨਾ ਜ਼ਿੰਦਗੀ ਜਿਊਣ ਦੀ ਸਟੀਕ ਮਿਸਾਲ?

ਪਰਵਾਸ ਦੇ ਮਸਲਿਆਂ ਨੇ ਜਿਉਂਦੇ ਜੀਆਂ ਦੇ ਮੇਲਿਆਂ ਦਾ ਰੰਗ ਫਿੱਕਾ ਪਾ ਦਿੱਤੈ। ਆਪਣੇ ਹੱਥੀਂ ਤੋਰੇ ਪਿਆਰਿਆਂ ਦੇ ਵਿੱਛੜਨ ਵੇਲੇਫਿਰ ਤੋਂ ਮਿਲਣ ਦੀਆਂ ਆਸਾਂ ਦੀ ਡੋਰ ਟੁੱਟਦੀ ਜਾਪਦੀ ਹੈ। ਸਿੱਕਿਆਂ ਦੀ ਟੁਣਕਾਰ ਸਾਹਮਣੇ, ਮਿਲਾਪ ਦੀਆਂ ਘੜੀਆਂ ਦੂਰ ਹੁੰਦੀਆਂ ਲੱਗਦੀਆਂ ਨੇ। ਸੁਪਨਿਆਂ ਨਾਲ ਸਜਾਈਆਂ ਮਹਿਲ-ਮਾੜੀਆਂ ਸੱਖਣੀਆਂ ਹੋਣ ਤੇ ਵੱਢ ਵੱਢ ਖਾਂਦੀਆਂ ਹਨ। ਖ਼ਾਲੀ ਤਬੇਲਿਆਂ ਵਿੱਚੋਂ ਸੁਣਾਈ ਦਿੰਦੀ ਕਬੂਤਰਾਂ ਦੀ ਗੁਟਰਗੂੰ ਵਿਰਲਾਪ ਨੂੰ ਕਈ ਗੁਣਾਂ ਵਧਾ ਦਿੰਦੀ ਹੈ। ਘਰਾਂ ਦੀਆਂ ਛੱਤਾਂ ਤੇ ਬਣੇ ਹਵਾਈ ਜਹਾਜ਼ ਅਤੇ ਬਲਦਾਂ ਦੀਆਂ ਜੋੜੀਆਂ ਜਿਵੇਂ ਆਪਣੀ ਹੋਣੀ ਤੇ ਝੂਰਦੀਆਂ ਹੋਣ। ਦੀਵਾਰਾਂ ਤੇ ਟੰਗੀਆਂ ਵੱਡ-ਅਕਾਰੀ, ਵੱਡ-ਪਰਿਵਾਰੀ ਤਸਵੀਰਾਂ ਮਨ ਵਿੱਚ ਵੈਰਾਗ ਪੈਦਾ ਕਰ ਦਿੰਦੀਆਂ ਹਨ। ਕੰਬਦੀਆਂ ਕਲਾਈਆਂ ਮੂਰਤਾਂ ਦਾ ਸਿਰ ਪਲੋਸ ਕੇ ਹੀ ਚਿੱਤ ਨੂੰ ਠੁੰਮ੍ਹਣਾ ਦੇ ਲੈਂਦੀਆਂ ਹਨ। ਕੀਹਦੀ ਨਜ਼ਰ ਲੱਗ ਗਈ...ਕਿਹੜੀ ਚੀਜ਼ ਦਾ ਘਾਟਾ ਸੀ ਭਲਾ ਇੱਥੇ?"

ਰਿਸ਼ਤਿਆਂ ਦੀ ਤਿੜਕਣ ਨੇ ਮੇਲਿਆਂ ਦੀ ਆਤਮਾ ਨੂੰ ਝੰਜੋੜ ਦਿੱਤੈ। ਲੋਕੀ ਭਲੇ ਵੇਲਿਆਂ ਨੂੰ ਯਾਦ ਕਰਨ ਲੱਗਦੇ ਨੇ। ਕਦੇ ਖੁਸ਼ੀ ਗ਼ਮੀ ਪਿੰਡ ਵਿੱਚ ਆਇਆ ਤੀਜਾ ਤੇਰ੍ਹਵਾਂ ਵੀ ਮੇਲੀ ਲੱਗਦਾ ਸੀ।ਆਦਮੀ ਸੁੰਗੜ ਜਿਹਾ ਗਿਐ ਤੇ ਨਾਲ ਰਿਸ਼ਤੇ ਵੀ।

ਥਾਣੇ ਕਚਹਿਰੀਆਂ ਇਸ ਦੀ ਸ਼ਾਹਦੀ ਭਰਦੇ ਨੇ। ਬਿਰਧ ਆਸ਼ਰਮਾਂ ਦੀਆਂ ਚਾਰਦੀਵਾਰੀਆਂ ਵਿੱਚ ਪਤਾ ਨਹੀਂ ਕਿੰਨੇ ਕੁ ਹਉਕੇ ਹਾਵੇ ਦਫ਼ਨ ਹੋ ਕੇ ਰਹਿ ਜਾਂਦੇ ਨੇ। ਵੱਟਾਂ ਦੀ ਵੰਡ ਨੇ ਦਿਲਾਂ ਵਿੱਚ ਵੀ ਲਕੀਰ ਖਿੱਚ ਦਿੱਤੀ ਆ। ਹੁਣ ਮਜਲਿਸਾਂ ਭਾਈਆਂ ਬਾਝ ਵੀ ਸੋਂਹਦੀਆਂ ਨੇ। ਗੁੱਟ ਤੇ ਬੰਨ੍ਹੀ ਰੱਖੜੀ ਵਿੱਚੋਂ ਮੁਹੱਬਤ ਦੀ ਖੁਸ਼ਬੂ ਨਹੀਂ ਆਉਂਦੀ। ਸੱਖਣੇ ਖੂਹ ਵਿੱਚੋਂ ਆਪਣੀ ਆਵਾਜ਼ ਹੀ ਵਾਪਸ ਮੁੜ ਆਉਂਦੀ ਹੈ। ਆਦਮੀ ਇਕੱਲਾ ਹੋ ਗਿਐ-ਭਰੇ ਮੇਲੇ ਵਿੱਚ ਇਕੱਲਾ! ਨਵੀਂ ਪੀੜ੍ਹੀ ਦੀਆਂ ਪੁੰਗਰਦੀਆਂ ਕਰੂੰਬਲਾਂ ਨੂੰ ਹੱਥੀਂ ਜਹਾਜ਼ੇ ਚੜ੍ਹਾ ਆਪ ਵੀ ਵਿਹਲੇ ਹੋ ਗਏ ਹਾਂ, ਪਰ ਵਡੇਰੀ ਪੀੜ੍ਹੀ ਦੀ ਪੀੜ ਸਮਝਣ ਦਾ ਨਾ ਅਹਿਸਾਸ ਹੈ, ਨਾ ਹੀ ਸਮਾਂ। ਅੰਦਰੋਂ ਬਾਹਰੋਂ ਟੁੱਟੇ ਹੋਣ ਤੇ ਵੀ ਮਸਨੂਈ ਮੁਸਕਾਨਾਂ ਦੇ ਮੁਖੌਟੇ ਪਾਏ ਹੋਏ ਨੇ :

ਰਿਸ਼ਤੇ ਵਕਤ ਭਾਲਦੇ ਨੇ
ਵਕਤ ਨਾ ਮਿਲੇ, ਤਾਂ ਇਹ
ਟੁੱਟ ਜਾਂਦੇ, ਮੁੱਕ ਜਾਂਦੇ, ਸੁੱਕ ਜਾਂਦੇ
ਰੁੱਖ ਤੇ ਰਿਸ਼ਤੇ
ਇੱਕੋ ਜਿਹੇ (ਕੁਲਵਿੰਦਰ ਵਿਰਕ)

ਸਮਾਂ ਬੀਤਣ ਤੇ ਕਈ ਵਾਰ ਜਦੋਂ ਪਿਛਲ-ਝਾਤ ਮਾਰਦੇ ਹਾਂ ਤਾਂ ਲੱਗਦੈ ਕਿ ਖ਼ਲਾਅ ਵਿੱਚ ਵਿਚਰਦਿਆਂ ਤਮਾਮ ਜ਼ਿੰਦਗੀ ਬਤੀਤ ਕਰ ਲਈ। ਪਰਛਾਵਿਆਂ ਵਿੱਚੋਂ ਰੌਸ਼ਨੀ ਤਲਾਸ਼ਦੇ ਰਹੇ। ਜਿਸ ਮ੍ਰਿਗ ਤ੍ਰਿਸ਼ਨਾ ਦਾ ਪਿੱਛਾ ਕਰਦੇ ਰਹੇ, ਉਹ ਛਲਾਵਾ ਸੀ। ਦੀਵੇ ਦੀ ਲੋਅ ਬੁਝਣ ਤੋਂ ਬਾਅਦ ਹੀ ਉਸਦੀ ਅਹਿਮੀਅਤ ਦਾ ਗਿਆਨ ਝੋਲੀ ਪੈਂਦਾ। ਸਾਹਾਂ ਵਰਗੀਆਂ ਧੜਕਣਾਂ ਦੇ ਰੁਕ ਜਾਣ ਤੇ ਬੰਦੇ ਨੂੰ ਘੁੱਗ ਵੱਸਦੀ ਦੁਨੀਆਂ ਵਿੱਚ ਆਪਣੇ ਸੁੰਞੇ ਹੋਣ ਦਾ ਚੇਤਾ ਆਉਂਦੈ। ਡਾ. ਧਰਮਪਾਲ ਸਾਹਿਲ ਇੱਕ ਅਜਿਹੇ ਹੀ ਘਣਛਾਵੇਂ ਰਿਸ਼ਤੇ ਦੀ ਅਣਹੋਂਦ ਦਾ ਜ਼ਿਕਰ ਕਰਦੈ :

ਲੱਗਦੈ
ਖ਼ਤਮ ਦੁਨੀਆਂ ਦਾ ਮੇਲਾ ਹੋ ਗਿਆ
ਮਾਂ ਦੀ ਅਰਥੀ ਉੱਠੀ
ਮੇਰਾ ਘਰ
ਇਕੱਲਾ ਹੋ ਗਿਆ।

ਮਨ ਵਿੱਚ ਪੁੰਗਰੇ ਵਹਿਸ਼ੀ ਖਿਆਲਾਂ ਵਿਚਾਲੇ ਜਦੋਂ ਖ਼ੂਨ ਸਿਰ ਤੇ ਸਵਾਰ ਹੁੰਦੈ ਅਤੇ ਕਿਸੇ ਨੂੰ ਮੌਤ ਦੀ ਨੀਂਦ ਸੁਲਾਉਣ ਲਈ ਤਲਵਾਰ ਮਿਆਨੋਂ ਬਾਹਰ ਕੱਢੀ ਹੁੰਦੀ ਹੈ, ਉਸ ਵੇਲੇ ਜੋ ਆਨੰਦ ਜ਼ਿੰਦਗੀ ਦੇ ਰੂਬਰੂ ਹੋ ਕੇ ਮਿਲਦਾ, ਸ਼ਬਦ ਉਸਦੀ ਝਾਲ ਨਹੀਂ ਝੱਲ ਸਕਦੇ। ਪਾਕ ਪਵਿੱਤਰ ਰਿਸ਼ਤਿਆਂ ਦੀ ਆਹਟ ਦੈਂਤ-ਰੂਪੀ ਵਿਚਾਰਾਂ ਨੂੰ ਧਰਾਸ਼ਾਈ ਕਰ ਦਿੰਦੀ ਹੈ। ਗੁਰਬਚਨ ਸਿੰਘ ਭੁੱਲਰ ਦੀ ਕਹਾਣੀ ਦੇ ਪਾਤਰ ਕਰਤਾਰੇ ਦੇ ਸਿਰ ਉੱਤੇ ਆਪਣੇ ਫੁੱਲਾਂ ਵਰਗੇ ਕੋਮਲ ਭਤੀਜੇ ਨੂੰ ਕਤਲ ਕਰਨ ਦਾ ਭੂਤ ਸਵਾਰ ਹੁੰਦਾ। ਸਵਾਲ ਸਿਰਫ਼ ਪੰਦਰਾਂ ਘੁਮਾਂ ਜ਼ਮੀਨ ਦੀ ਮਾਲਕੀ ਦਾ! ਸੰਯੋਗਵੱਸ, ਜਦੋਂ ਉਹੀ 'ਕੀੜੇ ਪਤੰਗੇ ਜਿੰਨਾ ਛੋਕਰਾ' ਸਾਹਮਣੇ ਆਉਂਦੈ...ਉਹ ਵੀ ਇਕੱਲਾ...ਮੌਤ ਹਾਰ ਜਾਂਦੀ ਹੈ ਤੇ ਜ਼ਿੰਦਗੀ ਬਾਘੀਆਂ ਪਾਉਂਦੀ ਐ।

"ਕਾਕਾ, ਤੈਨੂੰ ਐਸ ਵੇਲੇ ਕੱਕਲੇ ਨੂੰ ਡਰ ਨਹੀਂ ਲੱਗਦਾ?" ਕਰਤਾਰਾ ਅਪਣੱਤ ਜਤਾਉਂਦੈ।

"ਡਰ ਕਾਹਦਾ...ਮੈਨੂੰ ਕੌਣ ਹੱਥ ਲਾਊ...ਮਾਲਵੇ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ...ਕਰਤਾਰਾ...ਡੱਕਰੇ ਕਰ ਦੇਊ...।" ਤਲਵਾਰ ਖੂਹ ਦੀ ਮੌਣ ਤੇ ਧਰੀ ਧਰਾਈ ਰਹਿ ਜਾਂਦੀ ਹੈ ਅਤੇ ਵੈਲੀ ਕਰਤਾਰੇ ਦੀਆਂ ਅੱਖਾਂ ਤਿੱਪ ਤਿੱਪ ਵਗਣ ਲੱਗਦੀਆਂ ਨੇ।

ਮੇਲੇ ਸਿਰਫ਼ ਮਨੁੱਖਾਂ ਦੇ ਦੀਦਾਰ ਕੀਤਿਆਂ ਹੀ ਨਹੀਂ ਹੁੰਦੇ। ਮਹਿਕਦਾ ਆਲਾ ਦੁਆਲਾ, ਪੱਤਿਆਂ ਦੀ ਖੜਖੜ, ਵਗਦੀ ਪੌਣ ਦੀ ਸਾਂ ਸਾਂ, ਵਹਿੰਦੇ ਪਾਣੀ ਦਾ ਸੰਗੀਤ, ਫ਼ਸਲਾਂ ਦੀ ਹਰਿਆਲੀ ਵੀ ਮੇਲੇ ਵਿੱਚ ਵਿਚਰਨ ਦਾ ਹੁੰਗਾਰਾ ਭਰਦੇ ਨੇ। ਪ੍ਰੋ. ਗੁਰਭਜਨ ਗਿੱਲ ਜਦੋਂ ਸ਼ਾਇਰ ਭਾਸ਼ੋ ਨਾਲ ਗੱਲਾਂ ਕਰਦੈ ਤਾਂ ਮੇਲਾ ਸਾਖ਼ਸਾਤ ਹਾਜ਼ਰ ਹੋ ਜਾਂਦੈ : "ਫੁੱਲਾਂ ਨੂੰ ਖਿੜਦੇ ਵੇਖੋ-ਕਿਆਰੀਆਂ ਕਿਤਾਬਾਂ ਬਣ ਜਾਂਦੀਆਂ...ਰਾਤ ਵੇਲੇ ਨੀਲੇ ਅੰਬਰ ਨੂੰ ਨਿਹਾਰੋ-ਤਾਰਿਆਂ ਨਾਲ ਗੱਲਾਂ ਕਰਦਿਆਂ ਵਿੱਛੜੇ ਮਿੱਤਰ ਪਿਆਰੇ ਲੱਭ ਜਾਂਦੇ ਨੇ...ਸੁਪਨਿਆਂ ਦੀ ਬੁੱਕਲ ਮਾਰੋ-ਨਿੱਘ ਬਣਿਆ ਰਹਿੰਦਾ...ਪਛਤਾਵਿਆਂ ਦੀ ਠਾਰੀ ਮਾਰ ਦਿੰਦੀ ਹੈ-ਸਰਦ ਹਵਾਵਾਂ ਤੋਂ ਬਚ ਕੇ ਰਹਿਣਾ ਬੇਹੱਦ ਜ਼ਰੂਰੀ ਹੈ...ਸ਼ਬਦਾਂ ਨਾਲ ਖੇਡਦਿਆਂ ਬੰਦਾ ਬੁੱਢਾ ਨਹੀਂ ਹੁੰਦਾ...।" ਨੀਝ ਨਾਲ ਵਾਚੋ ਤਾਂ ਸਾਰਾ ਬ੍ਰਹਿਮੰਡ ਹੀ ਜਿਉਂਦਾ ਜਾਗਦਾ ਮੇਲਾ ਲੱਗਦੈ।

ਸੋ ਮੇਲੀਓ! ਮੇਲੇ ਦਾ ਆਨੰਦ ਲੈਣ ਲਈ ਜ਼ਿੰਦਗੀ ਨੂੰ ਜ਼ਿੰਦਾਬਾਦ ਕਹੋ। ਰਿਸ਼ਤਿਆਂ ਦੀ ਸੁੱਚਮਤਾ ਨਾਲ ਸੰਸਾਰ ਸੁਹਾਵਣਾ ਜਾਪੇਗਾ। ਥਿਰਕਦੇ ਕਦਮਾਂ ਦੀ ਧਮਾਲ ਨਾਲ ਦਿਲ ਵੀ ਥਿਰਕਦਾ ਰਹੇਗਾ। ਸਿਆਣੇ ਕਹਿੰਦੇ ਨੇ-ਮੇਲੇ ਤਾਂ ਜੱਗਜਿਉਂਦਿਆਂ ਦੇ ਹੁੰਦੇ ਨੇ, ਮਗਰੋਂ ਤਾਂ ਮਿੱਟੀ ਮੁੱਠੀ ਵਿੱਚ ਆ ਜਾਂਦੀ ਐ। ਕੁੱਝ ਦੇਰ ਤੱਕ ਤਾਂ ਪਾਣੀ ਤੇ ਤੈਰਦੇ ਫੁੱਲਾਂ ਦੇ ਦੀਦਾਰ ਹੁੰਦੇ ਰਹਿੰਦੇ ਨੇ, ਪਰ ਅੱਖ ਦੇ ਫੋਰ ਵਿੱਚ ਉਹ ਵੀ ਨਜ਼ਰੋਂਓਝਲ ਹੋ ਜਾਂਦੇ ਨੇ...ਫਿਰ ਬੇਵੱਸ ਪ੍ਰਾਣੀ ਵਗਦੇ ਪਾਣੀਆਂ ਨੂੰ ਹੀ ਟਿਕਟਿਕੀ ਲਾ ਕੇ ਦੇਖਦਾ ਰਹਿੰਦੈ!

# ਆਪਣੇ ਆਪ ਨਾਲ ਆਨੰਦ ਦੀ ਜ਼ਿੰਦਗੀ ਸ਼ੁਰੂ ਕਰੋ !



**ਜ਼.ਫ਼ਰ ਇਕਬਾਲ ਜ਼.ਫ਼ਰ**

ਜਦੋਂ ਮੈਂ ਆਪਣੇ ਦਿਨ ਅਤੇ ਰਾਤਾਂ ਸਮੇਂ ਦੇ ਰੰਗਾਂ ਵਿੱਚ ਬਿਤਾਉਂਦਾ ਸੀ, ਮੈਂ ਦੁਨੀਆਂ ਨੂੰ ਦੇਖਣ ਦੀ ਇੱਛਾ ਨਾਲ ਨਸ਼ੇ ਵਿੱਚ ਜੀ ਰਿਹਾ ਸੀ। ਮੈਂ ਇੰਨਾ ਲਾਪਰਵਾਹ ਸੀ ਕਿ ਮੈਂ ਕਦੇ ਆਪਣੇ ਅੰਦਰ ਛੁਪੀ ਸੁੰਦਰਤਾ ਨੂੰ ਮਿਲਣ ਬਾਰੇ ਨਹੀਂ ਸੋਚਿਆ। ਦੁਨੀਆਂ ਵਿੱਚ ਕਿੰਨੇ ਲੋਕ ਹਨ ਜੋ ਆਪਣੇ ਆਪ ਨੂੰ ਮਿਲ ਚੁੱਕੇ ਹਨ? ਮੈਂ ਹੁਣ ਕੁਝ ਸਮੇਂ ਤੋਂ ਆਪਣੇ ਆਪ ਨਾਲ ਰਹਿ ਰਿਹਾ ਹਾਂ ਅਤੇ ਮੈਨੂੰ ਇਹ ਸੰਗਤ ਇੰਨੀ ਪਸੰਦ ਹੈ ਕਿ ਮੈਂ ਆਪਣੀ ਪੂਰੀ ਜ਼ਿੰਦਗੀ ਆਪਣੇ ਨਾਲ ਬਿਤਾ ਸਕਦਾ ਹਾਂ ਅਤੇ ਬੋਰ ਵੀ ਮਹਿਸੂਸ ਨਹੀਂ ਕਰ ਸਕਦਾ।

ਮੈਂ ਆਪਣੀ ਅੰਦਰੂਨੀ ਸੁੰਦਰਤਾ ਤੋਂ ਜਾਣੂ ਹੋ ਗਿਆ ਹਾਂ। ਮੈਂ ਇਸਨੂੰ ਲੱਭਿਆ ਹੈ, ਫਿਰ ਇਸਨੂੰ ਸਜਾਇਆ ਹੈ, ਫਿਰ ਆਪਣੇ ਆਪ ਨੂੰ ਆਪਣੇ ਵਿੱਚ ਸੈਟਲ ਕੀਤਾ ਹੈ। ਮੈਂ ਇੱਕ-ਇੱਕ ਕਰਕੇ ਮਿਆਰੀ ਭਾਵਨਾਵਾਂ ਅਤੇ ਭਾਵਨਾਵਾਂ ਦੀ ਖੋਜ ਕੀਤੀ ਹੈ, ਉਨ੍ਹਾਂ ਸਿਧਾਂਤਾਂ ਨੂੰ ਲਾਗੂ ਕੀਤਾ ਹੈ ਜੋ ਮੇਰੇ ਮੂਡ ਅਤੇ ਆਤਮਾ ਨੂੰ ਖੁਸ਼ੀ ਅਤੇ ਮਾਣ ਦਿੰਦੇ ਹਨ, ਅਤੇ ਇਸਨੂੰ ਆਪਣੇ ਅੰਦਰਲੇ ਸਵਰਗ ਦਾ ਹਿੱਸਾ ਬਣਾਇਆ ਹੈ ਜਿਸ ਵਿੱਚ ਮੈਂ ਰਹਿੰਦਾ ਹਾਂ। ਇਹ ਜ਼ਿੰਦਗੀ ਦਾ ਮਾਮਲਾ ਹੈ ਜੋ ਆਪਣੇ ਆਪ ਵਿੱਚ ਡੁੱਬ ਕੇ ਲੱਭਿਆ ਜਾ ਸਕਦਾ ਹੈ। ਲੋਕ ਦਿੱਖ ਵਿੱਚ ਨਿਵੇਸ਼ ਕਰਦੇ ਹਨ, ਮੇਰਾ ਵਜੂਦ ਮੇਰੀ ਪੂੰਜੀ ਹੈ। ਕੇਵਲ ਤਦ ਹੀ ਮੈਂ ਆਪਣੇ ਆਪ ਦਾ ਦੋਸਤ ਨਹੀਂ ਹੋਵਾਂਗਾ, ਸਗੋਂ ਇੱਕ ਪ੍ਰੇਮੀ ਹੋਵਾਂਗਾ ਜੋ ਆਪਣੇ ਨਾਲ ਰਹਿਣ ਲਈ ਇੱਕ ਜ਼ਿੰਦਗੀ ਨੂੰ ਘੱਟ ਸਮਝਦਾ ਹੈ। ਕੋਈ ਵੀ ਬਾਹਰੀ ਦ੍ਰਿਸ਼ ਮੈਨੂੰ ਉਦਾਸ ਨਹੀਂ ਕਰ ਸਕਦਾ ਕਿਉਂਕਿ ਮੈਂ ਕਿਸੇ ਵੀ ਗੈਰ-ਮਿਆਰੀ ਭਾਵਨਾ ਨੂੰ ਆਪਣੇ ਅੰਦਰ ਵਸਣ ਨਹੀਂ ਦਿੰਦਾ, ਦੂਰੋਂ ਵੇਖਣਾ ਤਾਂ ਦੂਰ ਦੀ ਗੱਲ ਹੈ। ਮੈਂ ਆਪਣੀ ਰੱਖਿਆ ਕਰਦਾ ਹਾਂ। ਲੋਕ ਦੁਨਿਆਵੀ ਚੀਜ਼ਾਂ ਦੇ ਲੁੱਟੇ ਜਾਣ ਦੇ ਡਰੋਂ ਸੁਰੱਖਿਆ ਦੀਆਂ ਕੰਧਾਂ ਬਣਾਉਂਦੇ ਹਨ, ਪਰ ਮੇਰੇ ਅੰਦਰ ਚਮਕਦਾਰ ਸੰਕੇਤ ਜੜੇ ਹੋਏ ਹਨ। ਮੈਨੂੰ ਉਨ੍ਹਾਂ ਲਈ ਕੁਝ ਨਿਯਮ ਅਤੇ ਨਿਯਮ ਲਾਗੂ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਜੋ ਲੋਕ ਆਪਣੀ ਮਹੱਤਤਾ ਤੋਂ ਅਣਜਾਣ ਰਹਿੰਦੇ ਹਨ, ਉਹ ਕਿਸੇ ਨੂੰ ਚੰਗਾ ਸਮਝਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਅੰਦਰ ਵਸਾਉਂਦੇ ਹਨ, ਅਤੇ ਸਮਾਂ ਇਸ ਫੈਸਲੇ ਨੂੰ ਗਲਤ ਸਾਬਤ ਕਰਦਾ ਹੈ। ਇੱਕ ਸਸਤੇ ਵਿਅਕਤੀ ਲਈ ਮਹਿੰਗੇ ਜਨੂੰਨ ਦੀ ਕੁਰਬਾਨੀ ਦੇਣ ਨਾਲ ਉਨ੍ਹਾਂ ਦੇ ਗੁਣ ਨਹੀਂ ਬਦਲਦੇ। ਸਵੈ ਦੀ ਇੱਛਾ ਅਤੇ ਪਿਆਰ ਦੇ ਜਨੂੰਨ ਵਿੱਚ ਬਹੁਤ ਵੱਡਾ ਅੰਤਰ ਹੈ। ਜੋ ਲੋਕ ਪਿਆਰ ਦੇ ਅਧਿਆਤਮਿਕ ਜਨੂੰਨ ਤੋਂ ਅਣਜਾਣ ਹਨ, ਉਹ ਆਪਣੇ ਦਿਲਾਂ ਨੂੰ ਸਵੈ ਦੀ ਇੱਛਾ ਦੀ ਖ਼ਾਤਰ ਇੱਕ ਮੰਜ਼ਿਲ ਰਹਿਤ ਯਾਤਰਾ ਵਿੱਚ ਥੱਕ ਜਾਂਦੇ ਹਨ। ਸਵੈ ਦੀ ਇੱਛਾ ਹੋਂਦ ਤੋਂ ਹੋਂਦ ਦਾ ਇੱਕ ਅਸਥਾਈ ਰਿਸ਼ਤਾ ਹੈ, ਪਰ ਪਿਆਰ ਆਤਮਾ ਤੋਂ ਆਤਮਾ ਦਾ ਸਥਾਈ ਰਿਸ਼ਤਾ ਹੈ। ਸ਼ਰਮ ਅਤੇ ਨਿਮਰਤਾ ਵਿੱਚ ਲਪੇਟਿਆ ਪਿਆਰ ਪਿਆਰ ਵਰਗਾ ਹੈ, ਯਾਨੀ ਸਰੀਰ ਦੀ ਅਣਹੋਂਦ ਵਿੱਚ, ਆਤਮਾਵਾਂ ਦਾ ਮੇਲ ਬਣਿਆ ਰਹਿੰਦਾ ਹੈ। ਮੇਰੀ ਖੋਜ ਅਨਮੋਲ ਹੈ। ਮੈਂ ਆਪਣੀ ਆਤਮਾ ਨੂੰ ਸ਼ੁੱਧ ਕੀਤਾ ਹੈ, ਇਸ ਲਈ ਮੇਰਾ ਵਜੂਦ ਇਸਦਾ ਪ੍ਰੇਮੀ ਬਣ ਗਿਆ ਹੈ, ਇਸੇ ਲਈ ਇਹ ਮੈਨੂੰ ਇਸ ਸਵਾਰਥੀ ਯੁੱਗ ਵਿੱਚ ਆਪਣੇ ਨਾਲ ਜੀਉਣ ਲਈ ਮਜਬੂਰ ਕਰਦਾ ਹੈ।

ਹੁਣ, ਸਿੱਖੋ ਕਿ ਇਹ ਚਮਤਕਾਰ ਕਿਵੇਂ ਹੁੰਦਾ ਹੈ ਤਾਂ ਜੋ ਤੁਸੀਂ ਆਪਣੇ ਆਪ ਤੱਕ ਪਹੁੰਚਣ ਦਾ ਰਾਜ਼ ਜਾਣ ਸਕੋ। ਮੇਰੀ ਜ਼ਿੰਦਗੀ ਵਿੱਚ ਇੱਕ ਨਿਰਾਸ਼ਾਜਨਕ ਸਮਾਂ ਸੀ ਜਦੋਂ ਮੈਨੂੰ ਆਪਣੇ ਵਜੂਦ 'ਤੇ ਅਫ਼ਸੋਸ ਸੀ, ਮੈਂ ਕਿਉਂ ਪੈਦਾ ਹੋਇਆ? ਮੈਂ ਕਾਲੇ ਕੱਪੜੇ ਪਹਿਨਦਾ ਸੀ ਅਤੇ ਆਪਣੇ ਜਨਮਦਿਨ 'ਤੇ ਭੁੱਖਾ ਰਹਿੰਦਾ ਸੀ। ਵਿਅਰਥ ਯਾਤਰਾਵਾਂ ਵਿੱਚ ਆਪਣੀ ਵਜੂਦ ਨੂੰ ਥੱਕਣ ਕਾਰਨ, ਮੇਰੀ ਸਿਹਤ ਖਰਾਬ ਹੋ ਗਈ ਅਤੇ ਡਾਕਟਰ ਨੇ ਮੈਨੂੰ ਸ਼ਾਂਤੀ ਅਤੇ ਸ਼ਾਂਤੀ ਲਈ ਇੱਕ ਸਾਲ ਬਿਸਤਰੇ 'ਤੇ ਲੇਟਣ ਦੀ

ਸਲਾਹ ਦਿੱਤੀ, ਜੋ ਕਿ ਪ੍ਰੇਰਣਾ ਤੋਂ ਰਹਿਤ ਸੀ ਅਤੇ ਸਿਹਤਮੰਦ ਹੋਣ ਵਿੱਚ ਮੇਰਾ ਵਿਸ਼ਵਾਸ ਕਮਜ਼ੋਰ ਹੋ ਗਿਆ।

ਇੱਕ ਸਾਲ ਬਿਸਤਰੇ 'ਤੇ ਬਿਮਾਰ ਪਿਆ ਰਿਹਾ... ਜਾਂ ਸ਼ਾਇਦ ਮੌਤ ਦੀ ਉਡੀਕ ਕਰ ਰਿਹਾ ਹਾਂ... ਮੈਂ ਡਰ ਨਾਲ ਕੰਬਦਾ ਹੁੰਦਾ...ਕਿਉਂ...ਕਿਉਂ...ਮੈਂ ਕੀ ਅਪਰਾਧ ਕੀਤਾ ਹੈ? ਕਿ ਮੈਨੂੰ ਇਸ ਸਜ਼ਾ ਦਾ ਹੱਕਦਾਰ ਪਾਇਆ ਗਿਆ?

ਮੈਂ ਰੋਇਆ ਅਤੇ ਵਿਰਲਾਪ ਕੀਤਾ। ਮੇਰਾ ਮੂਡ ਕੌੜਾ ਹੋ ਗਿਆ ਅਤੇ ਮੇਰਾ ਮਨ ਬਗਾਵਤ ਕਰ ਗਿਆ... ਜਿਵੇਂ ਇੱਕ ਵੱਡੇ ਸਦਮੇ ਦੇ ਸਮੇਂ ਰੋਣ ਅਤੇ ਵਿਰਲਾਪ ਕਰਨ ਤੋਂ ਬਾਅਦ, ਆਤਮਾ ਦਾ ਦਰਦ ਤੀਬਰਤਾ ਨਾਲ ਉਤਰਦਾ ਹੈ। ਇਸ ਕੁਦਰਤੀ ਪ੍ਰਕਿਰਿਆ ਵਿੱਚੋਂ ਲੰਘਣ ਤੋਂ ਬਾਅਦ, ਮੈਂ ਆਪਣੇ ਆਪ ਨੂੰ ਦਿਲਾਸਾ ਦਿੱਤਾ ਅਤੇ ਪੁੱਛਿਆ, "ਤੁਹਾਨੂੰ ਕੀ ਲੱਗਦਾ ਹੈ? ਕੀ ਪੂਰਾ ਸਾਲ ਬਿਸਤਰੇ 'ਤੇ ਰਹਿਣਾ ਇੱਕ ਵੱਡੀ ਤ੍ਰਾਸਦੀ ਹੈ?" ਨਹੀਂ, ਤੁਹਾਨੂੰ ਆਪਣੇ ਆਪ ਨੂੰ ਸੋਚਣ ਅਤੇ ਜਾਣਨ ਲਈ ਇਸ ਤਰ੍ਹਾਂ ਦਾ ਸਮਾਂ ਅਤੇ ਵਾਤਾਵਰਣ ਨਹੀਂ ਮਿਲੇਗਾ। ਤੁਸੀਂ ਅਗਲੇ ਕੁਝ ਮਹੀਨਿਆਂ ਵਿੱਚ ਇੰਨਾ ਅਧਿਆਤਮਿਕ ਵਿਕਾਸ ਪ੍ਰਾਪਤ ਕੀਤਾ ਹੈ ਕਿ ਤੁਸੀਂ ਆਪਣੀ ਪੂਰੀ ਜ਼ਿੰਦਗੀ ਵਿੱਚ ਨਹੀਂ ਕਰ ਸਕੋਗੇ। ਇਸ ਵਿਚਾਰ ਤੋਂ ਬਾਅਦ, ਮੈਂ ਚੁੱਪ ਹੋ ਗਿਆ, ਆਪਣੀਆਂ ਗੱਲ੍ਹਾਂ ਤੋਂ ਹੰਝੂ ਪੂੰਝੇ ਅਤੇ ਕਦਰਾਂ-ਕੀਮਤਾਂ ਦੀਆਂ ਨਵੀਆਂ ਭਾਵਨਾਵਾਂ ਪੈਦਾ ਕਰਨ ਵਿੱਚ ਰੁੱਝ ਗਿਆ। ਮੈਂ ਅਧਿਆਤਮਿਕ ਅਤੇ ਅਨੁਭਵੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਤੋਂ ਪਤਾ ਲੱਗਾ ਕਿ ਤੁਸੀਂ ਸਿਰਫ਼ ਉਹੀ ਪ੍ਰਗਟ ਕਰ ਸਕਦੇ ਹੋ ਜੋ ਤੁਹਾਡੀ ਚੇਤਨਾ ਅਤੇ ਅਨੁਭਵ ਦੇ ਅੰਦਰ ਹੈ। ਇਹ ਸ਼ਬਦ ਮੇਰੇ ਦਿਲ ਦੀਆਂ ਡੂੰਘਾਈਆਂ ਤੱਕ ਉਤਰ ਗਏ ਅਤੇ ਉੱਥੇ ਜੜ੍ਹ ਫੜ ਲਈ। ਮੈਂ ਸੋਚਣ ਨੂੰ ਸਮਰੱਥ ਬਣਾਉਣ ਵਾਲੇ ਵਿਚਾਰਾਂ ਨੂੰ ਸੋਚਣ ਦੀ ਕੋਸ਼ਿਸ਼ ਕਰਕੇ ਜੀਣ ਲਈ ਸਫਲ ਸਹਾਇਤਾ ਬਣਾਉਂਦਾ ਰਿਹਾ। ਖੁਸ਼ੀ, ਖੁਸ਼ੀ ਅਤੇ ਸਿਹਤ ਦੇ ਵਿਚਾਰ ਹਰ ਰੋਜ਼ ਸੌਂ ਜਾਂਦੇ ਸਨ। ਜਦੋਂ ਮੈਂ ਜਾਗਦਾ ਹੁੰਦਾ ਸੀ, ਮੈਨੂੰ ਉਨ੍ਹਾਂ ਚੀਜ਼ਾਂ ਨੂੰ ਯਾਦ ਰਹਿੰਦਾ ਸੀ ਜਿਨ੍ਹਾਂ ਲਈ ਮੈਂ ਧੰਨਵਾਦੀ ਸੀ। ਜਿੱਥੇ ਦੁਨੀਆਂ ਮੇਰੇ ਤੋਂ ਖੋਹ ਰਹੀ ਸੀ, ਮੈਂ ਆਪਣੇ ਲਈ ਇੱਕ ਦੁਰਲੱਭ ਸੰਸਾਰ ਬਣਾਇਆ ਜੋ ਸਿਰਫ਼ ਮੇਰਾ ਸੀ।

ਸੰਗੀਤ, ਕਿਤਾਬਾਂ ਅਤੇ ਸੁਆਦੀ ਭੋਜਨ ਨੂੰ ਉਤਸ਼ਾਹਿਤ ਕਰਨਾ, ਮੁਲਾਕਾਤਾਂ ਅਤੇ ਪਰਾਹੁਣਚਾਰੀ ਨੂੰ ਉਤਸ਼ਾਹਿਤ ਕਰਨਾ, ਪ੍ਰੇਰਿਤ ਅਵਸਥਾਵਾਂ ਅਤੇ ਕਾਲਪਨਿਕ ਸੰਸਾਰਾਂ ਦੀਆਂ ਯਾਤਰਾਵਾਂ, ਭਾਵਨਾਵਾਂ ਅਤੇ ਭਾਵਨਾਵਾਂ ਦੇ ਅਨੰਦਮਈ ਦ੍ਰਿਸ਼ਾਂ ਦੇ ਇਕਾਂਤ ਵਿੱਚ ਇਕੱਠ। ਮੈਂ ਪ੍ਰਮਾਤਮਾ ਦੀਆਂ ਸਰੀਰਕ ਅਤੇ ਅਧਿਆਤਮਿਕ ਸ਼ਕਤੀਆਂ ਨਾਲ ਜਾਨਲੇਵਾ ਬਿਮਾਰੀ ਦੇ ਉਨ੍ਹਾਂ ਦਿਨਾਂ ਨੂੰ ਇੱਕ ਨਵੀਂ ਅਤੇ ਬਿਹਤਰ ਜ਼ਿੰਦਗੀ ਵਿੱਚ ਬਦਲ ਦਿੱਤਾ। ਸਰੀਰਕ ਬਿਮਾਰੀਆਂ ਦੇ ਨਾਲ-ਨਾਲ ਅਧਿਆਤਮਿਕ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਸਫਲਤਾ ਪ੍ਰਾਪਤ ਕਰਨਾ ਕੋਈ ਅਸਾਧਾਰਨ ਗੱਲ ਨਹੀਂ ਸੀ।

ਮੈਂ ਉਸ ਸਾਲ ਲਈ ਬਹੁਤ ਧੰਨਵਾਦੀ ਹਾਂ ਜੋ ਮੈਂ ਬਿਮਾਰੀ ਦੇ ਬਿਸਤਰੇ 'ਤੇ ਬਿਤਾਇਆ, ਜੋ ਕਿ ਇੱਕ ਦੁਰਲੱਭ ਅਤੇ ਖੁਸ਼ੀ ਨਾਲ ਭਰਿਆ ਅਨੁਭਵ ਸੀ ਜਿਸਨੇ ਮੈਨੂੰ ਹੈਰਾਨੀਆਂ ਦੀ ਦੁਨੀਆ ਵਿੱਚ ਰਹਿਣ ਦੀ ਆਗਿਆ ਦਿੱਤੀ। ਮੈਂ ਹਰ ਰੋਜ਼ ਆਪਣੀਆਂ ਅਸੀਸਾਂ ਗਿਣਨ ਦੀ ਆਦਤ ਵਿਕਸਤ ਕੀਤੀ ਹੈ, ਜੋ ਕਿ ਮੇਰੀ ਕੀਮਤੀ ਸੰਪਤੀ ਬਣ ਗਈ ਹੈ। ਮੈਨੂੰ ਇਹ ਸਵੀਕਾਰ ਕਰਦੇ ਹੋਏ ਅਫਸੋਸ ਹੈ ਕਿ ਮੇਰੇ ਕੋਲ ਮੌਤ ਦੇ ਡਰ ਤੋਂ ਬਾਅਦ ਜੀਣ ਦਾ ਕੋਈ ਤਰੀਕਾ ਨਹੀਂ ਸੀ।

ਮਨੁੱਖੀ ਜੀਵਨ ਵਿੱਚ ਆਉਣ ਵਾਲੇ ਹਾਦਸੇ ਵੀ ਪ੍ਰਗਟ ਹੋਣ ਦਾ ਸੁਨੇਹਾ ਹੋ ਸਕਦੇ ਹਨ। ਹਰ ਘਟਨਾ ਦੇ ਚਮਕਦਾਰ ਪੱਖ ਨੂੰ ਦੇਖਣ ਦੀ ਆਦਤ ਇੱਕ ਵੱਡੀ ਆਮਦਨ ਨਾਲੋਂ ਵੱਧ ਕੀਮਤੀ ਹੈ।

ਇਸ ਵਾਕ ਨੇ ਬੁੱਧੀ ਦੇ ਦਰਿਆ ਨੂੰ ਇੱਕ ਘੜੇ ਵਿੱਚ ਬੰਦ ਕਰ ਦਿੱਤਾ ਹੈ ਕਿ, ਜ਼ਿੰਦਗੀ ਵਿੱਚ ਸਿਰਫ ਦੋ ਹੀ ਟੀਚੇ ਹਨ, ਪਹਿਲਾ ਜੋ ਤੁਸੀਂ ਚਾਹੁੰਦੇ ਹੋ ਉਸਨੂੰ ਪ੍ਰਾਪਤ ਕਰਨਾ ਅਤੇ ਦੂਜਾ ਇਸਦਾ ਆਨੰਦ ਮਾਣਨਾ। ਸਿਰਫ਼ ਸਿਆਣੇ ਲੋਕ ਹੀ ਦੂਜਾ ਟੀਚਾ ਪ੍ਰਾਪਤ ਕਰ ਸਕਦੇ ਹਨ। ਜੇਕਰ ਤੁਸੀਂ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਕੇ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨਾ ਚਾਹੁੰਦੇ ਹੋ, ਤਾਂ ਆਪਣੀਆਂ ਮੁਸੀਬਤਾਂ ਨੂੰ ਨਹੀਂ ਸਗੋਂ ਆਪਣੇ ਅਸੀਸਾਂ ਨੂੰ ਗਿਣੋ।

# ਕਵਿਤਾ ਕਾਦੰਬਰੀ ਦੀਆਂ ਹਿੰਦੀ ਕਵਿਤਾਵਾਂ

**ਮੁਹਾਵਰੇ**

**ਇੱਕ**

'ਤੁਰਦੇ ਤੁਰਦੇ
ਜੁੱਤੀ ਘਸ ਜਾਣਾ'
ਇੱਕ ਮੁਹਾਵਰਾ ਹੈ
ਜਿਹੜਾ ਲਾਗੂ ਨਹੀਂ ਹੁੰਦਾ
ਉਨ੍ਹਾਂ ਪੈਰਾਂ 'ਤੇ
ਜਿੰਨ੍ਹਾਂ ਨੂੰ ਜੁੱਤੀਆਂ ਨਹੀਂ ਜੁੜਦੀਆਂ
ਜਿਨ੍ਹਾਂ 'ਚ ਬੱਸ ਬਿਆਈਆਂ ਹੁੰਦੀਆਂ ਨੇ
ਜੋ ਘਸਦੀਆਂ ਨਹੀਂ
ਬੱਸ ਰਿਸਦੀਆਂ ਹਨ !

**ਦੋ**

'ਖਿਚੜੀ ਪੱਕਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਘਰਾਂ ਤੇ
ਜਿੱਥੇ ਦਾਲ ਚਾਵਲ ਕਦੀ ਵੀ
'ਕੱਠੇ ਨਸੀਬ ਨਹੀਂ ਹੁੰਦੇ
ਪੱਕਦੀ ਗਲ?ਦੀ ਹੈ ਦੇਹ
ਕਿਸੇ ਹੋਰ ਦੀ ਥਾਲੀ ਖਾਤਰ

**ਤਿੰਨ**

'ਗਜ਼ ਭਰ ਦੀ ਛਾਤੀ ਹੋਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਛਾਤੀਆਂ ਤੇ
ਜਿਨ੍ਹਾਂ ਵਿਚ ਬਰਾਦਰੀ ਵਾਲੇ
ਤੰਗ ਅਤੇ ਹਨੇਰੇ ਦਿਲ ਰਹਿੰਦੇ ਨੇ
ਜਿਨ੍ਹਾ 'ਚ ਰਹਿ ਨਹੀਂ ਸਕਦੇ
ਦੋ ਭਾਈ ਇਕੱਠੇ
ਗਵਾਂਡੀ ਦੀ ਤਾਂ ਗੱਲ ਹੀ ਛੱਡੋ

**ਚਾਰ**

'ਸੀਨੇ ਤੇ ਮੂੰਗ ਦਲਣਾ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਸੀਨਿਆਂ ਤੇ
ਜੋ ਵਰ੍?ਆਂ ਦੀ ਦਲਣ ਪਿੱਛੋਂ
ਵੀ ਨਹੀਂ ਹੋਏ ਚਾਕ
ਜਿਨ੍ਹਾ ਦੇ ਢਿੱਡ ਤੇ ਬੈਠਾ ਹੈ
ਲੋੜਾਂ ਦਾ ਇੱਕ ਭੂਤ
ਪਿੱਠ 'ਤੇ ਡੂੰਘੇ ਜਖਮਾਂ ਦੇ ਹੁੰਦਿਆਂ
ਜਿਨ੍ਹਾਂ ਨੂੰ ਪਾਸਾ ਲੈਣ ਦਾ
ਖਿਆਲ ਤੱਕ ਨਹੀਂ

**ਪੰਜ**

'ਜਲ ਵਿੱਚ ਰਹਿ ਕੇ ਮਗਰ ਨਾਲ ਵੈਰ' ਵੀ
ਇੱਕ ਮੁਹਾਵਰਾ ਹੈ
ਜੋ ਲਾਗੂ ਨਹੀਂ ਹੁੰਦਾ
ਉਨ੍ਹਾਂ ਮੱਛੀਆਂ ਤੇ
ਜਿਨ੍ਹਾ ਖੋਲ੍ਹ ਦਿੱਤਾ ਹੈ ਮੋਰਚਾ
ਆਪਣੇ ਘਰ 'ਤੇ ਹੋਏ
ਮਗਰਮੱਛ ਦੇ ਕਬਜ਼ੇ ਦੇ ਖਿਲਾਫ਼

**ਮੱਛੀ ਦੇ ਖੰਭ**

ਮੈਂ ਬਾਜ਼ ਨਹੀਂ
ਮੱਛੀ ਬਣ ਕੇ ਜੰਮੀ
ਆਪਣੇ ਅੰਦਰ ਤੈਰਨ ਦਾ ਬੇਮਿਸਾਲ
ਹੁਨਰ ਲੈਕੇ
ਨਫ਼ਰਤ ਭਰੀਆਂ ਅੱਖਾਂ ਨੇ ਕਿਹਾ,
ਮੈਨੂੰ ਉੱਡਣਾ ਨਹੀਂ ਆਉਂਦਾ
ਮੈਥੋਂ ਅਸਮਾਨ ਨਹੀਂ ਤੱਕ ਹੁੰਦਾ
ਮੇਰੀ ਬਿਹਤਰੀ ਲਈ
ਮੇਰੇ ਖੰਭਾਂ ਤੇ ਬੰਨ੍ਹ ਦਿੱਤੇ ਗਏ
ਚਿਤਰੇ ਵੱਡੇ ਪੱਥਰ ਦੇ ਖੰਭ
ਅਸਮਾਨ ਵੱਲ ਵਿਹੰਦਿਆਂ
ਮੈਨੂੰ ਪਾਣੀ ਨੇ ਸੌਖਿਆਂ
ਆਪਣੇ ਅੰਦਰ ਹੋਰ ਡੂੰਘਾ
ਦਬੋਚ ਲਿਆ

**ਮੇਰੇ ਬੇਟੇ**

ਮੇਰੇ ਬੇਟੇ
ਕਦੇ ਐਨਾ ਉੱਚਾ ਨਾਂ ਹੋਈਂ
ਕਿ ਮੋਢੇ ਤੇ ਸਿਰ ਰੱਖ ਕੇ ਕੋਈ ਰੋਣਾ ਚਾਹੇ
ਉਸ ਨੂੰ ਲਾਉਣੀਆਂ ਪੈਣ ਪੌੜੀਆਂ
ਨਾਂ ਕਦੀ ਐਨਾ ਬੁੱਧੀਜੀਵੀ
ਕਿ ਮਿਹਨਕਸ਼ਾਂ ਦੇ ਰੰਗ ਤੋਂ
ਵੱਖਰਾ ਹੋਜੇ ਤੇਰਾ ਰੰਗ
ਐਨਾ ਇੱਜ਼ਤਦਾਰ ਵੀ ਨਹੀਂ ਹੋਣਾ
ਕਿ ਮੂੰਹ ਦੇ ਭਾਰ ਡਿੱਗ ਪਵੇਂ
ਅਤੇ ਅੱਖਾਂ ਚੁਰਾ ਕੇ ਉੱਠੇਂ
ਐਨਾ ਤਮੀਜ਼ਦਾਰ ਵੀ
ਕਿ ਬੜੇ ਲੋਕਾਂ ਦੀ ਨਾਫੁਰਮਾਨੀ
ਨਾਂ ਕਰ ਸਕੇਂ ਕਦੀ
ਐਨਾ ਸੱਭਿਅਕ ਵੀ ਨਾਂ ਹੋਵੀਂ
ਕਿ ਛੱਤ 'ਤੇ ਪ੍ਰੇਮ ਕਰਦੇ ਕਬੂਤਰਾਂ ਦਾ ਜੋੜਾ
ਤੈਨੂੰ ਅਸ਼ਲੀਲ ਲੱਗਣ ਲੱਗੇ
ਤੇ ਰੋੜਾ ਮਾਰ ਕੇ ਉਡਾ ਦੇਵੇਂ ਉਨ੍ਹਾਂ ਨੂੰ
ਬੱਚਿਆਂ ਦੇ ਸਾਮ੍ਹਣੇ
ਨਾਂ ਐਨਾ ਸੁਥਰਾ ਬਣੀ
ਕਿ ਮਿਹਨਤ ਨਾਲ ਕਮਾਏ ਗਏ ਕਾਲਰ ਦਾ ਮੈਲ?
ਲਕੋਂਦਾ ਫਿਰੇਂ ਮਹਿਫਿਲ ਵਿੱਚ
ਐਨਾ ਧਾਰਮਿਕ ਨਾਂ ਹੋਵੀਂ
ਕਿ ਰੱਬ ਨੂੰ ਬਚਾਉਣ ਲਈ
ਇਨਸਾਨ 'ਤੇ ਉੱਠ ਜਾਵੇ ਤੇਰਾ ਹੱਥ
ਨਾਂ ਕਦੀ ਐਨਾ ਦੇਸ਼ ਭਗਤ
ਕਿ ਕਿਸੇ ਜ਼ਖ਼ਮੀ ਨੂੰ ਚੁੱਕਣ ਲਈ
ਝੰਡਾ ਜ਼ਮੀਨ ਤੇ ਨਾਂ ਰੱਖ ਸਕੇਂ
ਕਦੀ ਐਨੇ ਸਥਿਰ ਨਹੀਂ ਹੋਣਾ
ਕਿ ਕੋਈ ਲੜਖੜਾਵੇ ਅਤੇ ਤੂੰ ਹੱਸਣ ਲੱਗੇਂ
ਨਾਂ ਕਦੀ ਐਨਾ ਰੱਜਿਆ ਬਣੀਂ
ਕਿ ਕਿਸੇ ਦਾ ਪ੍ਰੇਮ ਵਿੱਚ ਵਿਲਕਣਾ
ਅਤੇ ਭੁੱਖ ਨਾਲ ਮਰ ਜਾਣਾ
ਤੈਨੂੰ ਲੱਗਣ ਲੱਗੇ ਕਿਸੇ
ਕਾਲਪਨਿਕ ਕਥਾ ਵਰਗਾ
———



**ਪੰਜਾਬੀ ਅਨੁਵਾਦ :**
**ਪ੍ਰਿੰ.ਹਰੀ ਕ੍ਰਿਸ਼ਨ ਮਾਇਰ**

# ਅਧਿਆਪਕਾਂ ਲਈ ਫ਼ਰਿਆਦ

ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।
ਜਿੱਥੇ ਵੀ ਹਨ ਸਭੇ ਰਹਿਣ ਆਬਾਦ ਸਦਾ।

ਪੰਜਵੀਂ ਤੱਕ ਮੈਂ ਪਿੰਡ ਆਪਣੇ ਹੀ ਪੜ੍ਹਿਆ ਸਾਂ।
ਕਈ ਬਣਾਏ ਮਿੱਤਰ ਕਈਆਂ ਨਾਲ ਲੜਿਆ ਸਾਂ।
ਸੋਚ ਆਪਣੀ ਰੱਖੀ ਸੱਚ ਅਜ਼ਾਦ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

ਕਰਕੇ ਤਿਆਰੀ ਰੋਜ਼ ਸਕੂਲੇ ਜਾਂਦਾ ਸੀ।
ਸਭਨਾਂ ਨੂੰ ਸਤਿ ਸ੍ਰੀ ਆਕਾਲ ਬੁਲਾਂਦਾ ਸੀ।
ਫੱਟੀ ਬਸਤਾ ਸਲੇਟ ਤੇ ਸਾਂਭੀ ਕਿਤਾਬ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

ਮਾਸਟਰ ਜੀ ਤੇ ਭੈਣ ਜੀ ਆਖੇ ਲੱਗਦਾ ਸੀ।
ਨੱਚਦਾ ਸਾਂ ਫਿਰ ਢੋਲ ਜੇ ਕਿੱਧਰੇ ਵੱਜਦਾ ਸੀ।
ਬਣ ਰਿਹਾ ਚੰਗੀ ਮਾਂ ਪਿਓ ਦੀ ਔਲਾਦ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

ਮਾਸਟਰ ਸਾਡੇ ਦਿਲ ਲਾ ਖ਼ੂਬ ਪੜਾਉਂਦੇ ਸੀ।
ਬੱਚਿਆਂ ਨੂੰ ਵੀ ਜੀ ਜੀ ਆਖ ਬੁਲਾਉਂਦੇ ਸੀ।
ਜੱਗ ਉਨ੍ਹਾਂ ਦੇ ਕਰਮ ਦੀ ਦਿੰਦਾ ਦਾਦ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

ਕੁੜੀਆਂ ਮੁੰਡੇ ਸਾਰੇ ਬਹੁਤ ਸਿਆਣੇ ਸੀ।
ਉਮਰਾਂ ਵੱਲੋਂ ਭਾਵੇਂ ਅਸੀਂ ਨਿਆਣੇ ਸੀ।
ਗ਼ਲਤੀ ਲਈ ਝਿੜਕਾਂ ਦਾ ਲਿਆ ਸੁਆਦ ਸਦਾ।
ਬਚਪਨ ਦੇ ਉਹ ਦਿਨ ਹੈ ਮੈਨੂੰ ਯਾਦ ਸਦਾ।

ਜੇ ਅੱਜ ਮੈਂ ਪ੍ਰਸਿੱਧ ਲੇਖਕ ਇੱਕ ਬਣਿਆ ਹਾਂ।
ਮਿਹਨਤ ਸਭ ਅਧਿਆਪਕਾਂ ਦੀ ਦਾ ਜਣਿਆਂ ਹਾਂ।
ਮੋਮ ਬਣਾਈ ਜਿਨ੍ਹਾਂ ਨੇ ਫ਼ੌਲਾਦ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

ਰੂਪ ਰੱਬ ਦਾ ਸਾਰੇ ਹੀ ਅਧਿਆਪਕ ਸੀ।
ਲੱਖੇ ਸਲੇਮਪੁਰੀ ਨੂੰ ਰੱਜਕੇ ਮਾਫ਼ਕ ਸੀ।
ਮਾਂ ਪਿਓ ਵਰਗਿਆਂ ਤੇ ਰਹੂ ਸਾਨੂੰ ਨਾਜ਼ ਸਦਾ।
ਰੱਬ ਅੱਗੇ ਅਧਿਆਪਕਾਂ ਲਈ ਫ਼ਰਿਆਦ ਸਦਾ।

***




**ਲਖਵਿੰਦਰ ਸਿੰਘ ਲੱਖਾ ਸਲੇਮਪੁਰੀ**
**ਸੰਪਰਕ** : 09855227530
+447459142118


# ਬੇ.ਗੈਰਤ ਇਨਸਾਨ ਹੋਏ

ਚਾਹ ਮੁੱਕੀ ਤੋਂ ਮਿੱਠਾ ਅੱਗੇ ਰੱਖਦੇ ਨੇ।
ਸਾਹਮਣੇ ਬੈਠਿਆ ਨੂੰ ਨਹੀਂ, ਪਿੱਛੋਂ ਤੱਕਦੇ ਨੇ।

ਸਿਫ਼ਤ ਜਿਨ੍ਹਾਂ ਦੀ ਅਸੀਂ ਕਰੀਦੀ ਮੂੰਹ ਉੱਤੇ,
ਉਹੀ ਸਾਨੂੰ ਪਿੱਠ ਤੇ ਮਾੜਾ ਬਕਦੇ ਨੇ।

ਆਪਣੀਆਂ ਹੀ ਸਾਂਭ ਲੈਣ ਗੱਲ ਵੱਡੀ ਹੈ,
ਨਜ਼ਰ ਪਰਾਈਆਂ ਤੇ ਜੋ ਮਾੜੀ ਰੱਖਦੇ ਨੇ।

ਚਾਹ ਦੀ ਫੋਕੀ ਸੁਲਾਹ ਵੀ ਨਾ ਜੋ ਮਾਰ ਸਕੇ,
ਦੂਜਿਆਂ ਦੇ ਘਰ ਜਾ ਪਰੌਂਠੇ ਛਕਦੇ ਨੇ।

ਆਸ ਅੱਜ ਦੇ ਮੰਤਰੀਆਂ ਤੇ ਕਿੰਝ ਕਰੀਏ,
ਵੋਟਾਂ ਲੈ ਜੋ ਫੇਰ ਪਿੱਛੇ ਨਾ ਤੱਕਦੇ ਨੇ।

ਇੱਕ ਦਿਨ ਓਹਲੇ ਬਹਿ ਧੂਏਂ ਪੱਜ ਰੋਵਣਗੇ,
ਮਜ਼ੇ ਪਰਾਈ ਮਾਇਆ ਨਾਲ ਜੋ ਚੱਖਦੇ ਨੇ।

ਬੇਗ਼ੈਰਤ ਇਨਸਾਨ ਹੋਏ ਅੱਜ ਦੁਨੀਆ ਦੇ,
ਆਪਣੀ ਅਣਖ਼-ਜਮੀਰ ਸਾਂਭ ਨਾ ਰੱਖਦੇ ਨੇ।

ਲੱਖਾ ਸਲੇਮਪੁਰੀ ਗੱਲ ਸੌ ਦੀ ਇੱਕ ਆਖੇ,
ਸਦਾ ਹੀ ਇੱਜ਼ਤਾਂ ਵਾਲਿਆਂ ਦੇ ਘਰ ਵੱਸਦੇ ਨੇ।

***

# ਪੁਸਤਕ ਰੀਵਿਊ



**ਰੀਵੀਊਕਾਰ - ਪ੍ਰੋ. ਨਵ ਸੰਗੀਤ ਸਿੰਘ**

### 1. ਲੇਖਕਾਂ ਨਾਲ ਸੰਵਾਦ : ਕਿਛੁ ਸੁਣੀਐ ਕਿਛੁ ਕਹੀਐ

ਡਾ. ਜਸਵਿੰਦਰ ਕੌਰ ਬਿੰਦਰਾ ਨੇ ਐਮਏ (ਪੋਲ. ਸਾਇੰਸ ਅਤੇ ਪੰਜਾਬੀ) ਅਤੇ ਪੀਐਚਡੀ ਕਰਕੇ ਕੁਝ ਸਮਾਂ ਦਿੱਲੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਖਾਲਸਾ ਕਾਲਜ ਵਿੱਚ ਨੌਕਰੀ ਕੀਤੀ। ਉਹਨੇ ਆਲੋਚਨਾ ਦੇ ਖੇਤਰ ਵਿੱਚ ਵਧੀਆ ਕੰਮ ਕੀਤਾ ਹੈ, ਜਿਸ ਵਿੱਚ ਉਹਦੀਆਂ 6 ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪੰਜਾਬੀ ਤੋਂ ਹਿੰਦੀ ਅਤੇ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਦੀਆਂ 6 ਪੁਸਤਕਾਂ ਛਪ ਚੁੱਕੀਆਂ ਹਨ। ਪ੍ਰੋ. ਪੂਰਨ ਸਿੰਘ, ਪੀਲੂ ਅਤੇ ਕੁਝ ਹੋਰ ਕਿਤਾਬਾਂ ਦੀ ਉਹਨੇ ਸੰਪਾਦਨਾ ਕੀਤੀ ਹੈ।

ਸਾਹਿਤਯਸ਼ਿਲਾ ਪ੍ਰਕਾਸ਼ਨ ਦਿੱਲੀ ਨੇ ਇਸੇ ਵਰ੍ਹੇ ਡਾ. ਬਿੰਦਰਾ ਦੀ ਸਾਹਿਤਕ ਮੁਲਾਕਾਤਾਂ ਦੀ ਪੁਸਤਕ 'ਕਿਛੁ ਸੁਣੀਐ ਕਿਛੁ ਕਹੀਐ' (ਪੰਨੇ 199, ਮੁੱਲ 300/- ਰੁਪਏ) ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ 11 ਲੇਖਕਾਂ ਨਾਲ ਸਵਾਲ-ਜਵਾਬ ਹਨ, 12ਵੇਂ ਲੇਖਕ ਵਜੋਂ ਬਿੰਦਰਾ ਆਪ ਸ਼ਾਮਲ ਹੈ, ਜਿਸ ਨਾਲ ਕਹਾਣੀਕਾਰ ਜਿੰਦਰ ਨੇ ਮੁਲਾਕਾਤ ਕੀਤੀ ਹੈ। ਪੁਸਤਕ ਵਿੱਚ ਹਰ ਵਿਧਾ ਦੇ ਲੇਖਕ ਹਨ : 2 ਨਾਵਲਕਾਰ (ਰਾਮ ਸਰੂਪ ਅਣਖੀ, ਦਰਸ਼ਨ ਸਿੰਘ), 6 ਕਹਾਣੀਕਾਰ (ਸੁਖਵੰਤ ਕੌਰ ਮਾਨ, ਨਿਰਮਲ ਜਸਵਾਲ, ਜਿੰਦਰ, ਸੁਰਿੰਦਰ ਸਿੰਘ ਓਬਰਾਏ, ਜਰਨੈਲ ਸਿੰਘ, ਜਤਿੰਦਰ ਸਿੰਘ ਹਾਂਸ), 2 ਕਵੀ (ਮੋਹਨਜੀਤ, ਅਮੀਆ ਕੁੰਵਰ), 1 ਨਾਟਕਕਾਰ (ਸਵਰਾਜਬੀਰ), 1 ਆਲੋਚਕ (ਡਾ. ਬਿੰਦਰਾ)।

ਡਾ. ਬਿੰਦਰਾ ਨੇ ਲੇਖਕਾਂ ਨੂੰ ਉਨ੍ਹਾਂ ਦੀਆਂ ਲਿਖਤਾਂ, ਲਿਖਣ ਵੇਲਾ, ਸਮਾਜਕ ਚੌਗਿਰਦਾ, ਪਾਤਰਾਂ, ਘਟਨਾਵਾਂ, ਪੇਸ਼ਕਾਰੀ ਆਦਿ ਬਾਰੇ ਬਹੁਤ ਢੁਕਵੇਂ ਸੁਆਲ ਪੁੱਛੇ ਹਨ। ਇਨ੍ਹਾਂ ਸੁਆਲਾਂ ਤੋਂ ਇੱਕ ਗੱਲ ਪ੍ਰਤੱਖ ਹੈ ਕਿ ਬਿੰਦਰਾ ਨੇ ਸੰਬੰਧਿਤ ਲੇਖਕਾਂ ਦੀਆਂ ਸਾਰੀਆਂ ਕਿਤਾਬਾਂ ਬੜੇ ਗਹੁ ਨਾਲ ਪੜ੍ਹੀਆਂ ਹਨ ਤੇ ਉਨ੍ਹਾਂ ਵਿੱਚੋਂ ਉਭਰਦੇ ਪ੍ਰਸ਼ਨ ਹੀ ਲੇਖਕ ਨੂੰ ਕੀਤੇ ਹਨ। ਵੱਖ ਵੱਖ ਸਮੇਂ ਕੀਤੀਆਂ/ਛਪੀਆਂ ਮੁਲਾਕਾਤਾਂ ਨੂੰ ਡਾ. ਬਿੰਦਰਾ ਨੇ ਇਸ ਪੁਸਤਕ ਵਿੱਚ ਸੰਭਾਲ ਲਿਆ ਹੈ, ਜਿਸ ਤੋਂ ਨਵੀਂ ਪੀੜ੍ਹੀ ਦੇ ਲੇਖਕਾਂ/ਪਾਠਕਾਂ ਨੂੰ ਭਰਪੂਰ ਮਦਦ/ਪ੍ਰੇਰਨਾ ਮਿਲ ਸਕੇਗੀ।

ਰਾਮ ਸਰੂਪ ਅਣਖੀ ਨੇ ਦੱਸਿਆ ਹੈ ਕਿ ਉਹ ਵੱਡੇ ਸ਼ਹਿਰਾਂ ਦੀ ਧੜੇਬੰਦੀ ਤੋਂ ਬਚਿਆ ਹੋਇਆ ਹੈ, ਕਿਉਂਕਿ ਉਹ ਆਪਣੇ ਪਿੰਡ ਧੌਲੇ ਜਾਂ ਬਰਨਾਲੇ ਨਾਲ ਹੀ ਜੁੜਿਆ ਰਿਹਾ। ਉਹਦੀਆਂ ਲਿਖਤਾਂ ਬਠਿੰਡਾ-ਮਾਲਵੇ ਦੇ ਪਿੰਡਾਂ ਨਾਲ ਸੰਬੰਧਿਤ ਹਨ। ਕਣਕਾਂ ਦਾ ਕਤਲਾਮ, ਬਾਰਾਂਤਾਲੀ, ਗੇਲੋ, ਦੁੱਲੇ ਦੀ ਢਾਬ, ਕੋਠੇ ਖੜਕ ਸਿੰਘ, ਪਰਤਾਪੀ, ਮਲ੍ਹੇ ਝਾੜੀਆਂ, ਆਪਣੀ ਮਿੱਟੀ ਦੇ ਰੁੱਖ, ਕੱਤਣੀ ਮਾਰੇ ਫੁੰਕਾਰੇ ਆਦਿ ਲਿਖਤਾਂ ਦਾ ਰਚੈਤਾ ਮਰਹੂਮ ਅਣਖੀ ਗਰਮੀਆਂ ਵਿੱਚ ਸਵੇਰੇ ਚਾਰ ਵਜੇ ਅਤੇ ਸਰਦੀਆਂ ਵਿੱਚ ਪੰਜ ਵਜੇ ਉਠਦਾ ਸੀ। ਜਵਾਨੀ ਵਿੱਚ ਉਹ 4-5 ਘੰਟੇ ਲਗਾਤਾਰ



ਲਿਖ ਲੈਂਦਾ ਸੀ। ਉਹ ਅਜਿਹਾ ਲੇਖਕ ਸੀ, ਜਿਸਨੂੰ ਉਹਦੀਆਂ ਕਿਤਾਬਾਂ ਲਈ ਪ੍ਰਕਾਸ਼ਕ ਤੋਂ ਰਾਇਲਟੀ ਮਿਲਦੀ ਰਹੀ। ਵਡੇਰੀ ਉਮਰੇ ਉਹ ਘੱਟ ਲਿਖਣ ਲੱਗ ਪਿਆ ਸੀ। ਉਹਦੇ ਨਾਲ ਇਹ ਗੱਲ ਵਾਪਰੀ ਕਿ ਜਦੋਂ ਦੰਦ ਸਨ, ਉਦੋਂ ਬਦਾਮ ਨਹੀਂ ਸਨ ਤੇ ਜਦੋਂ ਬਦਾਮ ਮਿਲਣ ਲੱਗੇ, ਉਦੋਂ ਦੰਦ ਨਾ ਰਹੇ।

ਸੁਖਵੰਤ ਕੌਰ ਮਾਨ ਆਪਣੀ ਕਿਸੇ ਰਚਨਾ ਤੋਂ ਸੰਤੁਸ਼ਟ ਨਹੀਂ ਹੁੰਦੀ। ਇਕੱਲੀ, ਬੀਮਾਰ ਤੇ ਬੇਰੁਜ਼ਗਾਰ ਔਰਤ ਹੋਣ ਕਰਕੇ ਉਹਨੂੰ ਕਈ ਤਰ੍ਹਾਂ ਦੀਆਂ ਮਜਬੂਰੀਆਂ ਸਹਿਣੀਆਂ ਪਈਆਂ। ਉਹਨੇ ਕਹਾਣੀਆਂ ਦੇ ਨਾਲ ਨਾਲ ਨਾਵਲ ਅਤੇ ਬਾਲ ਸਾਹਿਤ ਦੀ ਰਚਨਾ ਵੀ ਕੀਤੀ। ਉਹ ਦੱਸਦੀ ਹੈ ਕਿ ਦ?ਾਲ-ਸਬਜ਼ੀ ਤਾਂ ਉਹਦੀ ਘੱਟ ਹੀ ਸੁਆਦ ਬਣਦੀ ਹੈ ਪਰ ਰਚਨਾ ਪ੍ਰਕਿਰਿਆ ਸਮੇਂ ਉਹ ਆਪਣੀ ਸੰਪੂਰਨਤਾ ਵਿੱਚ ਹੁੰਦੀ ਹੈ।

ਨਾਵਲਕਾਰ ਦਰਸ਼ਨ ਸਿੰਘ ਨੇ ਲੰਮਾ ਸਮਾਂ ਅਨੁਵਾਦ ਕਾਰਜ ਤੇ ਪੱਤਰਕਾਰੀ ਕੀਤੀ ਤੇ ਬੜੀ ਦੇਰ ਬਾਦ ਸਾਹਿਤ ਸਿਰਜਣਾ ਸ਼ੁਰੂ ਕੀਤੀ। ਉਹਦੇ ਪਾਤਰ ਸ਼ਹਿਰੀ ਹਨ, ਕਿਉਂਕਿ ਉਹਨੂੰ ਪੇਂਡੂ ਜ਼ਿੰਦਗੀ ਦਾ ਅਨੁਭਵ ਨਹੀਂ ਹੈ। ਉਹ ਸਿੱਟੇ ਕੱਢਣ ਲਈ ਨਹੀਂ ਲਿਖਦਾ। 1970 ਤੋਂ ਪਿੱਛੋਂ ਉਹਨੇ ਅਨੁਵਾਦ ਦਾ ਕੰਮ ਇਸਲਈ ਬੰਦ ਕਰ ਦਿੱਤਾ ਕਿਉਂਕਿ ਉਹਨੂੰ ਜਾਪਿਆ ਕਿ ਪੰਜਾਬੀ ਅਨੁਵਾਦ ਵਿੱਚ ਗਧਾ-ਘੋੜਾ ਸਭ ਇੱਕ ਬਰਾਬਰ ਹਨ। ਉਹ ਆਪਣੀ ਖੁਸ਼ੀ ਲਈ ਪਰ ਨੇਮ ਨਾਲ ਲਿਖਦਾ ਹੈ। ਉਹ ਵਧੀਆ ਪੰਜਾਬੀ ਦਾ ਕਦਰਦਾਨ ਹੈ ਕਿਉਂਕਿ ਉਹਨੇ ਆਪਣੀ ਮਾਂ ਅਤੇ ਵੱਡੀ ਭੈਣ ਤੋਂ ਬਹੁਤ ਚੰਗੀ ਪੰਜਾਬੀ ਸੁਣੀ ਹੈ।

ਮੋਹਨਜੀਤ ਦਾ ਜਨਮ ਅੰਮ੍ਰਿਤਸਰ ਵਿੱਚ ਹੋਇਆ ਪਰ ਉਹਦੀ ਨੌਕਰੀ ਤੇ ਘਰ-ਬਾਰ ਦਿੱਲੀ ਵਿੱਚ ਸਨ। ਉਹਨੇ ਕਵਿਤਾ ਤੇ ਕਾਵਿਕ ਰੇਖਾ ਚਿੱਤਰ ਲਿਖੇ। ਪਰ ਪੜ੍ਹਨ ਪੱਖੋਂ ਉਹ ਵਧੇਰੇ ਗਲਪ ਪੜ੍ਹਦਾ ਸੀ। ਉਹਨੂੰ ਸੇਖੋਂ, ਅਤਰ ਸਿੰਘ, ਹਰਿਭਜਨ ਸਿੰਘ ਆਦਿ ਆਲੋਚਕਾਂ ਵਿੱਚ ਗੁੱਟ-ਰਾਜਨੀਤੀ ਦੀ ਬੋਅ ਆਉਂਦੀ ਸੀ।

ਜਿੰਦਰ ਨੇ ਦੂਜੀਆਂ ਭਾਸ਼ਾਵਾਂ ਦਾ ਬਹੁਤ ਸਾਰਾ ਸਾਹਿਤ ਪੜ੍ਹਿਆ ਹੈ। ਹਿੰਦੀ ਤੋਂ ਬਿਨਾਂ ਉਹਨੇ ਅੰਗਰੇਜ਼ੀ ਲੇਖਕਾਂ ਦੀਆਂ ਰਚਨਾਵਾਂ ਦਾ ਨਿੱਠ ਕੇ ਅਧਿਐਨ ਕੀਤਾ ਹੈ। ਉਹਨੇ ਆਪਣੀ ਮੁਲਾਕਾਤ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਲੇਖਕਾਂ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਵਰਤਿਆ ਹੈ। ਕਿਸੇ ਵੀ ਰਚਨਾ ਨੂੰ ਲਿਖਣ ਲਈ ਉਹ ਪਹਿਲਾਂ ਡੂੰਘੀ ਜਾਣਕਾਰੀ ਪ੍ਰਾਪਤ ਕਰਦਾ ਹੈ। ਉਹ ਸਿਰਫ ਸਾਹਿਤਕ ਰਚਨਾਵਾਂ ਹੀ ਨਹੀਂ ਪੜ੍ਹਦਾ, ਸਗੋਂ ਦਰਸ਼ਨ-ਸ਼ਾਸਤਰ ਅਤੇ ਮਨੋਵਿਗਿਆਨ ਵਿੱਚ ਵੀ ਰੁਚੀ ਲੈਂਦਾ ਹੈ। ਉਹ ਇਸ ਵਿਚਾਰ ਦਾ ਹਮਾਇਤੀ ਹੈ ਕਿ ਸਮੇਂ ਨਾਲ ਖੁਦ ਨੂੰ ਬਦਲਣਾ ਬੜਾ ਜ਼ਰੂਰੀ ਹੈ।

ਸੁਰਜੀਤ ਓਬਰਾਏ (ਜਨਮ 1936) ਨੇ ਸਾਇੰਸ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਪੰਜਾਬੀ ਵਿੱਚ ਤਿੰਨ ਕਹਾਣੀ ਸੰਗ੍ਰਹਿ ਤੇ ਹਾਸ ਵਿਅੰਗ ਦੀ ਪੁਸਤਕ ਲਿਖੀ ਹੈ। ਉਹਨੇ 'ਮਾਯਾ ਮਨੋਹਰ ਕਹਾਨੀਆਂ' ਨੂੰ ਪੜ੍ਹ ਕੇ 1958 ਵਿੱਚ ਲਿਖਣਾ ਸ਼ੁਰੂ ਕੀਤਾ ਸੀ। ਉਹਨੇ ਲਿਖਣ ਲਈ ਇੱਕ ਦਿਨ ਤੋਂ ਲੈ ਕੇ 40-45 ਸਾਲ ਤੱਕ ਦਾ ਸਮਾਂ ਲਿਆ ਹੈ। ਉਹ ਹੱਡਬੀਤੀ/ਤਜਰਬੇ ਨਾਲੋਂ ਕਲਪਨਾਤਮਕ ਰਚਨਾਵਾਂ ਨੂੰ ਮਹੱਤਵਪੂਰਣ ਮੰਨਦਾ ਹੈ। ਉਹ ਪੰਜਾਬੀ ਦੀ ਕਹਾਣੀ ਨੂੰ ਵਿਸ਼ਵ-ਕਹਾਣੀ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸਮਝਦਾ।

ਨਵੀਂ ਪੀੜ੍ਹੀ ਦੇ ਲੇਖਕ ਵਜੋਂ ਜਤਿੰਦਰ ਹਾਂਸ ਨੂੰ 2018 ਵਿੱਚ ਉਹਦੇ ਕਹਾਣੀ ਸੰਗ੍ਰਹਿ 'ਜਿਉਣਾ ਸੱਚ ਬਾਕੀ ਝੂਠ' ਲਈ ਢਾਹਾਂ ਪੁਰਸਕਾਰ ਮਿਲਿਆ ਹੈ। ਉਹਦੀਆਂ ਕਈ ਕਹਾਣੀਆਂ ਹਿੰਦੀ ਵਿੱਚ ਅਨੁਵਾਦ ਹੋਈਆਂ ਹਨ ਤੇ ਕਈਆਂ ਉੱਤੇ ਫਿਲਮਾਂ ਬਣ ਚੁੱਕੀਆਂ ਹਨ। ਕੁਝ ਫਿਲਮਾਂ ਵਿੱਚ ਉਹਨੇ ਅਦਾਕਾਰੀ ਵੀ ਕੀਤੀ ਹੈ। ਉਹ ਮੰਨਦਾ ਹੈ ਕਿ ਸਾਹਿਤ ਦਾ ਅਜਨਬੀਕਰਣ ਹੁੰਦਾ ਹੈ। ਉਹਨੂੰ ਸਾਹਿਤ ਪੜ੍ਹਨਾ ਤੇ ਲਿਖਣਾ ਦੁਨੀਆਂ ਦਾ ਸਭ ਤੋਂ ਖੂਬਸੂਰਤ ਕੰਮ ਲੱਗਦਾ ਹੈ।

ਪੁਸਤਕ ਵਿਚਲੇ ਬਾਕੀ ਸਾਰੇ ਰਚਨਾਕਾਰਾਂ ਨਾਲ ਮੁਲਾਕਾਤਾਂ ਵੀ ਬਹੁਤ ਦਿਲਚਸਪ ਅਤੇ ਜਾਣਕਾਰੀ ਭਰਪੂਰ ਹਨ। ਇਨ੍ਹਾਂ ਦੀ ਦੇਣ/ਸਾਹਿਤਕ ਕੱਦ ਕਿਸੇ ਪੱਖੋਂ ਵੀ ਘੱਟ ਨਹੀਂ ਹੈ। ਮੇਰਾ ਵਿਚਾਰ ਹੈ ਕਿ ਟਾਈਟਲ ਤੇ ਜਾਂ ਅੰਦਰਵਾਰ ਜੇ ਲੇਖਕਾਂ ਦੀਆਂ ਤਸਵੀਰਾਂ ਵੀ ਛਪ ਜਾਂਦੀਆਂ ਤਾਂ ਹੋਰ ਵੀ ਪ੍ਰਭਾਵਸ਼ਾਲੀ ਹੋਣਾ ਸੀ। ਬਹਿਰਹਾਲ, ਡਾ. ਬਿੰਦਰਾ ਦੇ ਪ੍ਰਸ਼ਨ ਬਹੁਤ ਗੰਭੀਰ ਕਿਸਮ ਦੇ ਹਨ ਤੇ ਸੰਬੰਧਿਤ ਲੇਖਕਾਂ ਨੇ ਵੀ ਉਨੇ ਹੀ ਡੂੰਘੇ ਤੇ ਸਟੀਕ ਜਵਾਬ ਦਿੱਤੇ ਹਨ। ਇਹ ਪੁਸਤਕ ਹਰ ਲੇਖਕ/ਪਾਠਕ ਨੂੰ ਪੜ੍ਹਨੀ ਚਾਹੀਦੀ ਹੈ, ਖਾਸ ਤੌਰ ਤੇ ਖੋਜਾਰਥੀਆਂ ਲਈ ਇਹ ਕਿਤਾਬ ਕਾਫੀ ਲਾਹੇਵੰਦ ਹੈ।

***

## 2. ਸੁਖਦੇਵ ਸਿੰਘ ਸ਼ਾਂਤ ਦੀਆਂ ਗੁਰਬਾਣੀ ਬਾਰੇ ਤਿੰਨ ਪੁਸਤਕਾਂ

ਸੁਖਦੇਵ ਸਿੰਘ ਸ਼ਾਂਤ ਪਿਛਲੇ ਲੱਗਭੱਗ ਇੱਕ ਦਹਾਕੇ ਤੋਂ ਗੁਰਮਤਿ ਸਾਹਿਤ ਦੇ ਅਧਿਐਨ ਵਿੱਚ ਰੁੱਝੇ ਹੋਏ ਹਨ। ਉਂਜ ਉਨ੍ਹਾਂ ਦਾ ਸਾਹਿਤ ਪ੍ਰਤੀ ਲਗਾਓ ਚਿਰੋਕਣਾ ਹੈ। ਉਨ੍ਹਾਂ ਨੇ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿੱਚ ਮੁੱਲਵਾਨ ਕਾਰਜ ਕੀਤਾ ਹੈ, ਜਿਸ ਵਿੱਚ ਮਿੰਨੀ ਕਹਾਣੀ, ਕਹਾਣੀ, ਕਵਿਤਾ, ਬਾਲ ਸਾਹਿਤ ਤੇ ਗੁਰਮਤਿ ਸਾਹਿਤ ਸ਼ਾਮਲ ਹੈ। ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ ਵਿੱਚ ਗੁਰਬਾਣੀ/ਗੁਰਮਤਿ ਦੀਆਂ 8, ਬਾਲ ਸਾਹਿਤ ਦੀਆਂ 10, ਮਿੰਨੀ ਕਹਾਣੀ/ਕਹਾਣੀ ਦੀਆਂ 3, ਕਵਿਤਾ ਦੀ ਇੱਕ ਅਤੇ 4 ਟ?ਰੈਕਟ ਸ਼ਾਮਲ ਹਨ। ਪੰਜਾਬ ਸਰਕਾਰ ਦੇ ਸਹਿਕਾਰੀ ਸਭਾਵਾਂ ਵਿਭਾਗ ਤੋਂ ਸਹਾਇਕ ਰਜਿਸਟਰਾਰ ਵਜੋਂ ਸੇਵਾਮੁਕਤ ਸ. ਸਾਂਤ ਜੀਵਨ ਦੀਆਂ 74 ਬਹਾਰਾਂ ਮਾਣ ਚੁੱਕੇ ਹਨ। ਉਹ ਮੂਲ ਤੌਰ ਤੇ ਪਟਿਆਲਾ ਦੇ ਰਹਿਣ ਵਾਲੇ ਹਨ ਪਰ ਅਕਸਰ ਆਪਣੇ ਬੱਚਿਆਂ ਕੋਲ ਅਮਰੀਕਾ (ਇੰਡੀਆਨਾ) ਆਉਂਦੇ-ਜਾਂਦੇ ਰਹਿੰਦੇ ਹਨ।

ਧਾਰਮਿਕ ਅਧਿਐਨ ਤੇ ਅੰਗਰੇਜ਼ੀ ਵਿੱਚ ਐਮਏ, ਗਿਆਨੀ ਅਤੇ ਹਾਇਰ ਡਿਪਲੋਮਾ ਇਨ ਕੋਆਪ੍ਰੇਸ਼ਨ ਦੀ ਯੋਗਤਾ ਪ੍ਰਾਪਤ ਸ. ਸ਼ਾਂਤ ਨੂੰ ਭਾਸ਼ਾ ਵਿਭਾਗ ਪੰਜਾਬ, ਡਾ ਗੰਡਾ ਸਿੰਘ ਮੈਮੋਰੀਅਲ ਟਰੱਸਟ ਪਟਿਆਲਾ , ਪੰਜਾਬੀ ਸਾਹਿਤ ਸਭਾ ਪਟਿਆਲਾ, ਕੇਂਦਰੀ ਪੰਜਾਬੀ ਮਿੰਨੀ ਕਹਾਣੀ ਲੇਖਕ ਮੰਚ ਪਟਿਆਲਾ ਆਦਿ ਸੰਸਥਾਵਾਂ ਵੱਲੋਂ ਸਨਮਾਨਿਤ ਅਤੇ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। ਹੱਥਲੇ ਨਿਬੰਧ ਵਿੱਚ ਉਨ੍ਹਾਂ ਦੀਆਂ ਪਿਛਲੇ ਸਮੇਂ ਵਿੱਚ ਛਪੀਆਂ ਤਿੰਨ ਗੁਰਬਾਣੀ ਪੁਸਤਕਾਂ ਦਾ ਲੇਖਾ-ਜੋਖਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

(1)

2025 ਵਿੱਚ ਪ੍ਰਕਾਸ਼ਿਤ 'ਗਿਆਰਾਂ ਭੱਟ ਸਾਹਿਬਾਨ' ਸੁਖਦੇਵ ਸਿੰਘ ਸ਼ਾਂਤ ਦੀ ਗੁਰਬਾਣੀ ਨਾਲ ਸੰਬੰਧਿਤ ਛੇਵੀਂ ਪੁਸਤਕ ਹੈ, ਜਿਸਦਾ ਪ੍ਰਕਾਸ਼ਨ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਕੀਤਾ ਹੈ। 198 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 350/- ਰੁਪਏ ਹੈ। (ਇਸਤੋਂ ਪਹਿਲਾਂ ਛਪੀਆਂ ਪੁਸਤਕਾਂ ਹਨ- ਪੰਦਰਾਂ ਭਗਤ ਸਾਹਿਬਾਨ, 2018; ਗੁਰਮਤਿ ਦ੍ਰਿਸ਼ਟੀ, 2021; ਗੁਰਬਾਣੀ: ਇੱਕ ਜੀਵਨ ਜਾਚ, 2022; ਭਗਤ ਬਾਣੀ




ਵਿਚਾਰ, 2024; ਜਪੁਜੀ ਤੇ ਹੋਰ ਬਾਣੀਆਂ, 2025)। ਇਸ ਕਿਤਾਬ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਉਸਤਤਿ ਵਿੱਚ ਸਵੱਈਏ ਲਿਖਣ ਵਾਲੇ 11 ਭੱਟ ਸਾਹਿਬਾਨ ਬਾਰੇ ਵਿਸਤ੍ਰਿਤ ਵੇਰਵਾ ਦਰਜ ਹੈ। ਇਹ ਸਵੱਈਏ ਗੁਰੂ ਗ੍ਰੰਥ ਸਾਹਿਬ ਦੇ ਅੰਗ 1389 ਤੋਂ 1409 ਤੱਕ ਦਰਜ ਹਨ, ਜਿਨ੍ਹਾਂ ਦੀ ਗਿਣਤੀ 123 ਹੈ। ਇਸ ਪੁਸਤਕ ਦੇ ਚਾਰ ਅਧਿਆਇ ਬਣਾਏ ਗਏ ਹਨ। ਪਹਿਲੇ ਅਧਿਆਇ ਵਿੱਚ ਭੱਟ ਸਾਹਿਬਾਨ ਦੀ ਗਿਣਤੀ, ਉਨ੍ਹਾਂ ਦੇ ਮੁਖੀ ਅਤੇ ਸਵੱਈਏ ਉਚਾਰਣ ਦੇ ਸਮੇਂ-ਸਥਾਨ ਬਾਰੇ ਦੱਸਿਆ ਗਿਆ ਹੈ; ਦੂਜੇ ਅਧਿਆਇ ਵਿੱਚ 11 ਭੱਟ ਸਾਹਿਬਾਨ (ਭੱਟ ਭਿਖਾ ਜੀ, ਭੱਟ ਮਥੁਰਾ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਸੱਲ ਜੀ, ਭੱਟ ਭਲ ਜੀ, ਭੱਟ ਬਲ ਜੀ, ਭੱਟ ਹਰਿਬੰਸ ਜੀ, ਭੱਟ ਕਲਸਹਾਰ ਜੀ, ਭੱਟ ਗਯੰਦ ਜੀ, ਭੱਟ ਨਲ ਜੀ) ਦੇ ਜੀਵਨ-ਸਮਾਚਾਰ ਅਤੇ ਉਨ੍ਹਾਂ ਦੇ ਪਿਛੋਕੜ ਨੂੰ ਉਲੀਕਿਆ ਗਿਆ ਹੈ; ਤੀਜੇ ਅਧਿਆਇ ਵਿੱਚ ਇਨ੍ਹਾਂ ਭੱਟ ਸਾਹਿਬਾਨ ਦੀ ਬਾਣੀ ਦੇ ਵਿਸ਼ੇ-ਵਸਤੂ ਬਾਰੇ




ਗੰਭੀਰ ਚਰਚਾ ਕੀਤੀ ਗਈ ਹੈ; ਚੌਥੇ ਅਧਿਆਇ ਵਿੱਚ ਭੱਟ ਸਾਹਿਬਾਨ ਦੀ ਬਾਣੀ ਦੇ ਸਾਹਿਤਕ ਪੱਖ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਅੰਤਿਕਾ ਵਿੱਚ ਛੰਦ ਪ੍ਰਬੰਧ (ਪਿੰਗਲ/ਅਰੂਜ਼)– ਮਾਤ੍ਰਿਕ ਛੰਦ, ਵਰਨਿਕ ਛੰਦ, ਗਣਿਲ ਛੰਦ ਆਦਿ ਬਾਰੇ ਸੰਖਿਪਤ ਜਾਣਕਾਰੀ ਸਾਂਝੀ ਕੀਤੀ ਗਈ ਹੈ। ਪੁਸਤਕ ਦੇ ਅੰਤ ਵਿੱਚ ਸਹਾਇਕ ਪੁਸਤਕ ਸੂਚੀ ਸ਼ਾਮਲ ਕੀਤੀ ਗਈ ਹੈ। ਇਸ ਕਿਤਾਬ ਦਾ ਮੁੱਖਬੰਦ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਲਿਖਿਆ ਹੈ। ਉਨ੍ਹਾਂ ਦਾ ਕਥਨ ਹੈ, "ਇਸ ਪੁਸਤਕ ਦੀ ਜਿਹੜੀ ਇੱਕ ਵਿਸ਼ੇਸ਼ਤਾ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਉਹ ਹੈ ਬਹੁਤ ਸਰਲ ਭਾਸ਼ਾ ਵਿੱਚ, ਪਰ ਅਕਾਦਮਿਕ ਪੱਧਰ ਵਾਲੀ ਵਰਣਨ ਸ਼ੈਲੀ। ਬਹੁਤ ਹੀ ਸੁੰਦਰ ਢੰਗ ਨਾਲ ਭੱਟ ਬਾਣੀ ਅਤੇ ਭੱਟ ਸਾਹਿਬਾਨ ਦੇ ਅਧਿਆਤਮਕ, ਇਤਿਹਾਸਕ ਅਤੇ ਸਾਹਿਤਕ ਦਰਸ਼ਨ 'ਸ਼ਾਂਤ' ਹੋਰਾਂ ਨੇ ਕਰਾਏ ਹਨ।"(12)

ਇਸ ਪੁਸਤਕ ਵਿੱਚ ਵਿਦਵਾਨ ਲੇਖਕ ਨੇ ਭੱਟ ਸਾਹਿਬਾਨ ਦੇ ਵੱਖ ਵੱਖ ਨਾਵਾਂ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਸਮਝਾਇਆ ਹੈ ਅਤੇ ਇਨ੍ਹਾਂ ਭੱਟ ਸਾਹਿਬਾਨ ਦੇ ਮੁਖੀ ਵਜੋਂ ਭੱਟ ਭਿਖਾ ਜੀ ਨੂੰ ਅੰਕਿਤ ਕੀਤਾ ਹੈ। ਇਨ੍ਹਾਂ ਸਵੱਈਆਂ ਦੇ ਕਰਤਾ ਵਜੋਂ ਭੱਟ ਭਿਖਾ ਜੀ ਤੋਂ ਬਿਨਾਂ ਭਿਖਾ ਜੀ ਦੇ ਤਿੰਨ ਸਪੁੱਤਰ ਹਨ – ਭੱਟ ਮਥੁਰਾ, ਭੱਟ ਜਾਲਪ, ਭੱਟ ਕੀਰਤ; ਭੱਟ ਸਲ ਤੇ ਭੱਟ ਭਲ ਭੱਟ ਭਿਖਾ ਜੀ ਦੇ ਦੂਜੇ ਭਰਾ ਸੋਖਾ ਜੀ ਦੇ ਸਪੁੱਤਰ ਹਨ; ਭੱਟ ਬਲ ਭੱਟ ਭਿਖਾ ਜੀ ਦੇ ਤੀਜੇ ਭਰਾ ਤੋਖਾ ਜੀ ਦੇ ਸਪੁੱਤਰ ਹਨ; ਭੱਟ ਹਰਿਬੰਸ ਭੱਟ ਭਿਖਾ ਜੀ ਦੇ ਚੌਥੇ ਭਰਾ ਗੋਖਾ ਜੀ ਦੇ ਸਪੁੱਤਰ ਹਨ; ਭੱਟ ਕਲਸਹਾਰ ਤੇ ਭੱਟ ਗਯੰਦ ਭੱਟ ਭਿਖਾ ਜੀ ਦੇ ਪੰਜਵੇਂ ਭਰਾ ਚੋਖਾ ਜੀ ਦੇ ਸਪੁੱਤਰ ਹਨ। 11ਵੇਂ ਭੱਟ ਨਲ ਜੀ ਦੇ ਇਨ੍ਹਾਂ 10 ਭੱਟ ਸਾਹਿਬਾਨ ਨਾਲ ਦੁਨਿਆਵੀ ਰਿਸ਼ਤੇ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

(2)

ਸਾਲ 2026 ਦੇ ਆਰੰਭ ਵਿੱਚ ਛਪੀ ਪੁਸਤਕ 'ਅਨੰਦੁ ਸਾਹਿਬ ਤੇ ਹੋਰ ਬਾਣੀਆਂ' (ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ 167, ਮੁੱਲ 295/– ਰੁਪਏ) ਵਿੱਚ ਸੁਖਦੇਵ ਸਿੰਘ ਸ਼ਾਂਤ ਨੇ 7 ਬਾਣੀਆਂ (ਗੁਰੂ ਅੰਗਦ ਦੇਵ ਜੀ ਦੇ 63 ਸਲੋਕ; ਅਨੰਦੁ ਸਾਹਿਬ; ਆਸਾ ਮਹਲਾ ? ਪਟੀ; ਲਾਵਾਂ; ਬਾਵਨ ਅਖਰੀ ਭਗਤ ਕਬੀਰ ਜੀ; ਸਦੁ; ਸਤਾ ਅਤੇ ਬਲਵੰਡ ਦੀ ਰਾਮਕਲੀ ਕੀ ਵਾਰ) ਦਾ ਨਿਕਟਵਰਤੀ ਅਧਿਐਨ ਕੀਤਾ ਹੈ। ਇਸ ਪੁਸਤਕ ਦਾ ਮੁੱਖਬੰਦ 'ਗੁਰਮਤਿ ਪ੍ਰਕਾਸ਼' ਦੇ ਸਹਿ–ਸੰਪਾਦਕ ਬਿਕਰਮਜੀਤ ਸਿੰਘ ਜੀਤ ਨੇ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾਂ ਵਿੱਚੋਂ 9 ਵਾਰਾਂ ਵਿੱਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਸ਼ਾਮਲ ਹਨ। ਇਹ ਹਨ– ਸਿਰੀ ਰਾਗ ਕੀ ਵਾਰ ਮਹਲਾ ? (2 ਸਲੋਕ), ਮਾਝ ਕੀ ਵਾਰ ਮਹਲਾ ? (12 ਸਲੋਕ), ਆਸਾ ਕੀ ਵਾਰ ਮਹਲਾ ? (15 ਸਲੋਕ), ਸੋਰਠਿ ਕੀ ਵਾਰ ਮਹਲਾ ? (1 ਸਲੋਕ), ਸੂਹੀ ਕੀ ਵਾਰ ਮਹਲਾ ? (11 ਸਲੋਕ), ਰਾਮਕਲੀ ਕੀ ਵਾਰ ਮਹਲਾ ? (7 ਸਲੋਕ), ਮਾਰੂ ਕੀ ਵਾਰ ਮਹਲਾ ? (1 ਸਲੋਕ), ਸਾਰੰਗ ਕੀ ਵਾਰ ਮਹਲਾ ? (9 ਸਲੋਕ), ਮਲਾਰ ਕੀ ਵਾਰ ਮਹਲਾ ? (5 ਸਲੋਕ)। ਇਨ੍ਹਾਂ ਸਲੋਕਾਂ ਦੇ ਵਿਸ਼ਾ ਵਸਤੂ ਵਿੱਚ ਲੇਖਕ ਅਨੁਸਾਰ ਗੁਰੂ ਦੀ ਲੋੜ ਅਤੇ ਮਹੱਤਾ, ਨਾਮ ਅਤੇ ਸਿਮਰਨ, ਬਿਰਹਾ ਦਾ ਸੰਕਲਪ, ਪ੍ਰਭੂ ਪ੍ਰੀਤ ਦੇ ਗੁਣ, ਹਉਮੈ ਦਾ ਦਾਰਸ਼ਨਿਕ ਸਿਧਾਂਤ, ਪਰਮਾਤਮਾ ਦੀ ਸਿਫ਼ਤ, ਮੌਤ

ਦਾ ਵਿਚਾਰ ਅਤੇ ਨੈਤਿਕਤਾ ਦੀ ਸਿੱਖਿਆ, ਚਿੰਤਾ ਦਾ ਰੋਗ, ਅੰਮ੍ਰਿਤ ਵੇਲੇ ਦਾ ਮਹੱਤਵ, ਸਤਿਸੰਗਤ ਦੀ ਮਹਿਮਾ,ਪ੍ਰਕਿਰਤੀ ਚਿਤਰਣ ਅਤੇ ਕੁਦਰਤ ਪ੍ਰੇਮ, ਅਸਲ ਵਿੱਚ ਅੰਨ੍ਹਾ ਕੌਣ, ਤਤਕਾਲੀਨ ਸਮਾਜਕ ਦਸ਼ਾ, ਜਾਤ ਪਾਤ/ਵਰਣ ਵੰਡ ਦਾ ਵਰਣਨ, ਜੀਵਤ-ਮਰਣ ਦੀ ਅਵਸਥਾ, ਕੌਣ ਸਿਆਣਾ- ਵੈਦ, ਡਾਕਟਰ ਜਾਂ ਉਪਦੇਸ਼ਕ ਦਾ ਜ਼ਿਕਰ ਹੋਇਆ ਹੈ। ਗੁਰੂ ਸਾਹਿਬ ਦੇ ਸਲੋਕਾਂ ਦੇ ਸਾਹਿਤਕ ਪੱਖ ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਨੂੰ ਵਿਸਤਾਰ ਸਹਿਤ ਪ੍ਰਗਟਾਇਆ ਗਿਆ ਹੈ।

ਅਨੰਦੁ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 917 ਤੋਂ 922 ਤੱਕ ਦਰਜ ਹੈ। ਲੇਖਕ ਦੱਸਦਾ ਹੈ ਕਿ ਇਸ ਬਾਣੀ ਦੀਆਂ 7 ਪਉੜੀਆਂ ਛੇ-ਛੇ ਪੰਕਤੀਆਂ ਦੀਆਂ ਹਨ ਤੇ 33 ਪਉੜੀਆਂ ਪੰਜ-ਪੰਜ ਪੰਕਤੀਆਂ ਦੀਆਂ। ਲੇਖਕ ਮੁਤਾਬਕ ਇਹ ਬਾਣੀ ਅਨੰਦ ਦੀ ਪ੍ਰਾਪਤੀ, ਪਰਮਾਤਮਾ ਦੀ ਹਸਤੀ, ਸਤਿਗੁਰੂ ਦੀ ਲੋੜ ਤੇ ਮਹੱਤਾ, ਸੱਚੀ ਬਾਣੀ ਤੇ ਕੱਚੀ ਬਾਣੀ ਦਾ ਅੰਤਰ, ਮਨੁੱਖੀ ਸਰੀਰ ਤੇ ਮਨ ਨੂੰ ਸੰਬੋਧਨ, ਨੈਤਿਕਤਾ/ਸਦਾਚਾਰ ਦੀ ਮਹਾਨਤਾ ਬਾਰੇ ਵੱਡਮੁੱਲੀ ਜਾਣਕਾਰੀ ਦਿੰਦੀ ਹੈ। ਇਸਦੇ ਦੂਜੇ ਅਧਿਆਇ ਵਿੱਚ ਲੇਖਕ ਨੇ ਇਸ ਬਾਣੀ ਵਿੱਚ ਵਰਤੇ ਗਏ ਮੁੱਖ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਬਾਰੇ ਵਿਚਾਰ ਪ੍ਰਗਟ ਕੀਤੇ ਹਨ।




ਆਸਾ ਮਹਲਾ ? ਪਟੀ ਗੁਰੂ ਗ੍ਰੰਥ ਸਾਹਿਬ ਦੇ ਅੰਗ 434-435 ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਿਆ ਹੈ ਕਿ ਇਸਦੇ 8 ਪਦੇ ਹਨ, ਜਿਸ ਵਿੱਚ ਇੱਕ ਪਦਾ ਰਹਾਉ ਦਾ ਵੀ ਹੈ, ਜੋ ਪਹਿਲੇ ਪਦੇ ਤੋਂ ਬਾਦ ਹੈ। ਪੱਟੀ ਦੇ ਸਿਰਲੇਖ, ਅਸਲ ਵਿਦਿਆ/ਅਸਲ ਗਿਆਨ, ਵਿਦਿਆ ਦਾ ਵਪਾਰ, ਸਤਿਗੁਰੂ ਦੀ ਲੋੜ ਤੇ ਮਹੱਤਾ, ਕਰਮ ਸਿੱਧਾਂਤ ਤੇ ਨੈਤਿਕਤਾ ਬਾਰੇ ਵਿਚਾਰ ਕਰਨ ਪਿੱਛੋਂ ਲੇਖਕ ਇਸ ਵਿਚਲੇ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦੀ ਨਿਸ਼ਾਨਦੇਹੀ ਕਰਦਾ ਹੈ।

ਲਾਵਾਂ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਦੇ ਅੰਗ 773-774 ਤੇ ਹੈ, ਸਿੱਖ ਸੰਸਕਾਰਾਂ ਵਿੱਚ ਅਨੰਦ ਕਾਰਜ ਨਾਲ ਸੰਬੰਧਿਤ ਹੈ। ਆਦਿ ਗ੍ਰੰਥ ਵਿੱਚ ਇਸਦਾ ਕੋਈ ਸਿਰਲੇਖ ਨਹੀਂ ਦਿੱਤਾ ਗਿਆ।ਲੇਖਕ ਨੇ ਸਪਸ਼ਟ ਕੀਤਾ ਹੈ ਕਿ ਇਸ ਵਿੱਚ ਪਰਵਿਰਤੀ ਕਰਮ, ਨਿਰਮਲ ਭਉ ਦੀ ਪ੍ਰਾਪਤੀ, ਵੈਰਾਗਮਈ ਖੁਸ਼ੀ ਦੀ ਪ੍ਰਾਪਤੀ, ਸਹਿਜ ਦੀ ਪ੍ਰਾਪਤੀ ਆਦਿ ਵਿਸ਼ੇ ਦ੍ਰਿਸ਼ਟੀਗੋਚਰ ਹੋਏ ਹਨ।

ਬਾਵਨ ਅਖਰੀ ਕਬੀਰ ਜੀ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 340-343 ਤੇ ਹੈ। ਇਸ ਵਿੱਚ ਪਰਮਾਤਮਾ ਦੀ ਹੋਂਦ/ਹਸਤੀ, ਮਨ ਦਾ ਸੰਕਲਪ, ਅੱਖਰੀ ਵਿਦਿਆ ਤੇ ਬ੍ਰਹਮ ਗਿਆਨ, ਸਦਾਚਾਰਕ ਜੀਵਨ ਜਾਚ ਜਿਹੇ ਵਿਸ਼ਿਆਂ ਦੀ ਜਾਣਕਾਰੀ ਦੇ ਕੇ ਲੇਖਕ ਨੇ ਸਾਹਿਤਕ ਪੱਖ ਵਿੱਚ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਬਾਰੇ ਜ਼ਿਕਰ ਕੀਤਾ ਹੈ।

ਬਾਬਾ ਸੁੰਦਰ ਜੀ ਦੀ ਲਿਖੀ ਸਦੁ ਬਾਣੀ ਦਾ ਵੇਰਵਾ ਆਦਿ ਗ੍ਰੰਥ ਦੇ ਅੰਗ 923-924 ਤੇ ਉਪਲਬਧ ਹੈ। ਇਸ ਦੀਆਂ ਛੇ ਪਉੜੀਆਂ ਹਨ। ਇਸ ਬਾਣੀ ਵਿੱਚ ਇੱਕੋ ਗੁਰੂ ਜੋਤਿ, ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ, ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪਣਾ ਪ੍ਰਮੁੱਖ ਵਿਸ਼ੇ ਹਨ, ਜਦਕਿ ਕਲਾ ਪੱਖ ਵਿੱਚ

ਲੇਖਕ ਨੇ ਛੰਦ, ਅਲੰਕਾਰ, ਮੁਹਾਵਰੇ, ਸ਼ਬਦਾਵਲੀ ਦੀ ਵਿਆਖਿਆ ਕੀਤੀ ਹੈ।

ਸਤਾ ਬਲਵੰਡ ਵੱਲੋਂ ਉਚਾਰੀ ਰਾਮਕਲੀ ਕੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 966-968 ਤੇ ਦਰਜ ਹੈ। ਇਸਦੀਆਂ 8 ਪਉੜੀਆਂ ਹਨ। ਲੇਖਕ ਮੁਤਾਬਕ ਇਸ ਬਾਣੀ ਦੇ ਵਿਸ਼ਾ-ਵਸਤੂ ਵਿੱਚ ਗੁਰਿਆਈ/ਗੁਰਗੱਦੀ ਦੀ ਬਖਸ਼ਿਸ਼, ਇੱਕੋ ਜੋਤਿ ਤੇ ਗੁਰ ਪਰਮੇਸ਼ਰ, ਗੁਰੂ ਉਸਤਤਿ ਰਾਹੀਂ ਭਗਤੀ ਤੇ ਸਦਾਚਾਰ ਦਾ ਉਪਦੇਸ਼ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਬਾਣੀ ਦੇ ਸਾਹਿਤਕ ਮਹੱਤਵ ਵਿੱਚ ਅਲੰਕਾਰ, ਮੁਹਾਵਰੇ, ਸ਼ਬਦਾਵਲੀ ਤੇ ਕਾਵਿ ਰਸ ਦੀ ਵਿਆਖਿਆ ਮਿਲਦੀ ਹੈ।

ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਪਿੱਛੋਂ ਪੁਸਤਕ ਦੇ ਅੰਤ ਵਿੱਚ ਪੁਸਤਕ ਸੂਚੀ ਦਾ ਵੇਰਵਾ ਦਿੱਤਾ ਗਿਆ ਹੈ।

(3)

ਇਸੇ ਸਾਲ (2026 ਵਿੱਚ) ਸੁਖਦੇਵ ਸਿੰਘ ਸ਼ਾਂਤ ਦੀ ਪੁਸਤਕ 'ਸੁਖਮਨੀ ਸਾਹਿਬ ਤੇ ਹੋਰ ਬਾਣੀਆਂ' ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। 167 ਪੰਨਿਆਂ ਦੀ ਇਸ ਕਿਤਾਬ ਦਾ ਮੁੱਲ 295/- ਰੁਪਏ ਹੈ। ਇਸ ਪੁਸਤਕ ਵਿੱਚ ਸੁਖਮਨੀ ਸਾਹਿਬ ਸਮੇਤ ਬਾਰਹ ਮਾਹਾ ਮਾਝ, ਬਾਵਨ ਅਖਰੀ ਮਹਲਾ ? ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਮਿਲਦਾ ਹੈ। ਇਸ ਪੁਸਤਕ ਦਾ ਮੁੱਖਬੰਦ ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ ਦੇ ਸੰਪਾਦਕ ਸਤਵਿੰਦਰ ਸਿੰਘ ਫੂਲਪੁਰ ਨੇ ਲਿਖਿਆ ਹੈ।

ਸੁਖਮਨੀ ਸਾਹਿਬ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਅੰਗ 262-296 ਤੇ ਦਰਜ ਹੈ। ਲੇਖਕ ਨੇ ਇਸ ਬਾਣੀ ਦੇ ਅਧਿਐਨ ਵਿੱਚ ਸੁਖਮਨੀ ਸਾਹਿਬ ਦੀ ਬਣਤਰ, ਨਾਮ ਸਿਮਰਨ ਰਾਹੀਂ ਆਤਮਕ ਸੁਖ ਦੀ ਪ੍ਰਾਪਤੀ, ਪਰਮਾਤਮਾ ਦੀ ਹੋਂਦ ਤੇ ਹਸਤੀ, ਸ੍ਰਿਸ਼ਟੀ ਰਚਨਾ ਅਤੇ ਸ੍ਰਿਸ਼ਟੀ ਦੀ ਵਿਸ਼ਾਲਤਾ, ਮਨੁੱਖੀ ਜੀਵਨ ਦਾ ਧਾਰਮਿਕ ਤੇ ਸਦਾਚਾਰਕ ਪੱਖ, ਸਤਿਗੁਰੂ ਦੀ ਵਡਿਆਈ ਤੇ ਬਖ਼ਸ਼ਿਸ਼ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸਦੇ ਸਾਹਿਤਕ ਪੱਖ ਵਿੱਚ ਅਲੰਕਾਰ, ਸ਼ਬਦਾਵਲੀ, ਕਾਵਿ ਰਸ ਤੇ ਛੰਦ ਬਾਰੇ ਜਾਣਕਾਰੀ ਦਿੱਤੀ ਹੈ।

ਬਾਰਹ ਮਾਹਾ ਮਾਝ ਬਾਣੀ ਆਦਿ ਗ੍ਰੰਥ ਵਿੱਚ 133-136 ਅੰਗ ਤੇ ਸੁਸ਼ੋਭਿਤ ਹੈ। ਲੇਖਕ ਨੇ ਇਸ ਕਾਵਿ ਰੂਪ ਬਾਰੇ ਜਾਣਕਾਰੀ ਦੇਣ ਪਿੱਛੋਂ ਬਾਰਹ ਮਾਹਾ ਮਾਝ ਦੀ ਬਣਤਰ, ਪਰਮਾਤਮਾ ਦੀ ਹਸਤੀ, ਜੀਵਾਤਮਾ ਦਾ ਪਰਮਾਤਮਾ ਨਾਲੋਂ ਵਿਛੋੜਾ, ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ, ਥਿਤਾਂ-ਵਾਰਾਂ-ਦਿਨਾਂ ਬਾਰੇ ਗੁਰਮਤਿ ਦਾ ਸਿੱਧਾਂਤ, ਬਾਰਹ ਮਾਹਾ ਮਾਝ ਅਤੇ ਬਾਰਹ ਮਾਹਾ ਤੁਖਾਰੀ ਵਿੱਚ ਸਾਂਝ ਤੇ ਸਮਾਨਤਾ ਨੂੰ ਸਪਸ਼ਟ ਕੀਤਾ ਹੈ। ਫਿਰ ਇਸ ਬਾਣੀ ਵਿੱਚ ਮਿਲਦੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਕਾਵਿ ਰਸ ਦਾ ਉਲੇਖ ਕੀਤਾ ਹੈ।

ਬਾਵਨ ਅਖਰੀ ਮਹਲਾ ? ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਗ 250-262 ਤੇ ਸੁਭਾਇਮਾਨ ਹੈ। ਲੇਖਕ ਨੇ ਇਸ ਬਾਣੀ ਦੀ ਬਣਤਰ, ਪਰਮਾਤਮਾ ਦੀ ਹੋਂਦ ਤੇ ਹਸਤੀ, ਸਤਿਗੁਰੂ ਦੀ ਹਸਤੀ, ਮਾਇਆ ਦਾ ਸੰਕਲਪ, ਜੀਵਨ ਜਾਚ ਅਤੇ ਸਦਾਚਾਰਕ ਪੱਖ, ਅੱਖਰੀ ਵਿਦਿਆ ਦੀ ਮਹੱਤਾ ਨੂੰ ਸਪਸ਼ਟ ਕਰਨ ਪਿੱਛੋਂ ਇਸ ਵਿੱਚ ਆਏ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ, ਸ਼ਬਦਾਵਲੀ ਤੇ ਕਾਵਿ ਰਸ ਦਾ ਬੋਧ ਕਰਵਾਇਆ ਹੈ।

ਪੁਸਤਕ ਵਿੱਚ ਆਖਰੀ ਬਾਣੀ ਵਜੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਜ਼ਿਕਰ ਹੈ, ਜੋ ਆਦਿ ਗ੍ਰੰਥ ਦੇ 15 ਰਾਗਾਂ ਵਿੱਚ 59 ਸ਼ਬਦਾਂ ਅਤੇ ਸਲੋਕ ਮਹਲਾ ? ਅਧੀਨ 57 ਸਲੋਕਾਂ (ਅੰਗ 1426-1429) ਵਿੱਚ ਸ਼ਾਮਲ ਹੈ। ਲੇਖਕ ਨੇ ਗੁਰੂ ਜੀ ਦੀ ਬਾਣੀ ਵਿੱਚ ਪਰਮਾਤਮਾ ਦੀ ਹੋਂਦ ਤੇ ਹਸਤੀ, ਨਾਮ ਸਿਮਰਨ ਦੀ ਮਹਿਮਾ, ਜਗਤ ਅਤੇ ਜੀਵਨ ਬਾਰੇ ਦ੍ਰਿਸ਼ਟੀਕੋਣ, ਮਨੁੱਖੀ ਮਨ, ਮਾਨਵਵਾਦੀ ਦ੍ਰਿਸ਼ਟੀਕੋਣ, ਅਧਿਆਤਮਕ ਗ੍ਰੰਥਾਂ ਦੇ ਉਪਦੇਸ਼ ਦੀ ਪਾਲਣਾ, ਵਰਤਮਾਨ ਦੀ ਸੰਭਾਲ ਆਦਿ ਪੱਖਾਂ ਬਾਰੇ ਵਿਸਤ੍ਰਿਤ ਵਿਚਾਰ ਪੇਸ਼ ਕੀਤੇ ਹਨ। ਆਪ ਦੀ ਬਾਣੀ ਦੇ ਸਾਹਿਤਕ ਪੱਖ ਵਿੱਚ ਲੇਖਕ ਨੇ ਅਲੰਕਾਰ, ਅਖਾਣ, ਮੁਹਾਵਰੇ, ਸ਼ਬਦਾਵਲੀ, ਛੰਦ ਪ੍ਰਬੰਧ, ਕਾਵਿ ਰਸ ਦਾ ਉਲੇਖ ਕੀਤਾ ਹੈ।

ਇਨ੍ਹਾਂ ਬਾਣੀਆਂ ਬਾਰੇ ਦੀਰਘ ਵਿਚਾਰ ਕਰਨ ਪਿੱਛੋਂ ਲੇਖਕ ਨੇ ਪੁਸਤਕ ਦੇ ਅੰਤ ਵਿੱਚ ਸਹਾਇਕ ਪੁਸਤਕ ਸੂਚੀ ਦਿੱਤੀ ਹੈ।

ਸ. ਸੁਖਦੇਵ ਸਿੰਘ ਸ਼ਾਂਤ ਨੇ ਉਪਰੋਕਤ ਬਾਣੀਆਂ ਦੇ ਅਧਿਐਨ ਤੇ ਵਿਸ਼ਲੇਸ਼ਣ ਨੂੰ ਬਹੁਤ ਹੀ ਗੰਭੀਰਤਾ ਨਾਲ ਪ੍ਰਸਤੁਤ ਕੀਤਾ ਹੈ। ਇਨ੍ਹਾਂ ਦੀ ਭਾਸ਼ਾ-ਸ਼ੈਲੀ ਸਧਾਰਨ ਪਾਠਕ ਦੇ ਸਮਝ ਵਿੱਚ ਆਉਣ ਵਾਲੀ ਹੈ, ਜਿਸਨੂੰ ਪੜ੍ਹ ਕੇ ਸੂਖਮ ਤੇ ਬਰੀਕ ਵਿਸ਼ਿਆਂ ਦੀ ਜਾਣਕਾਰੀ ਮਿਲਦੀ ਹੈ। ਨਿਕਟ-ਭਵਿੱਖ ਵਿੱਚ ਲੇਖਕ ਦੀ ਕਲਮ ਤੋਂ ਹੋਰ ਬਾਣੀਆਂ ਬਾਰੇ ਅਧਿਐਨ ਦੀ ਉਮੀਦ ਕੀਤੀ ਜਾ ਸਕਦੀ ਹੈ।

### 3. ਚਾਨਣ ਵੰਡਦੀਆਂ ਬਾਲ-ਕਹਾਣੀਆਂ : ਦੀਵਾ ਤੇ ਲਾਲਟੈਨ




*ਪੁਸਤਕ : ਦੀਵਾ ਤੇ ਲਾਲਟੈਨ
*ਲੇਖਕਾ : ਈਸ਼ਦੀਪ ਕੌਰ ਈਸ਼ਾ
*ਪ੍ਰਕਾਸ਼ਕ : ਸ਼ਬਦਾਂਜਲੀ ਪਬਲੀਕੇਸ਼ਨਜ਼, ਪਟਿਆਲਾ
*ਪੰਨੇ : 32
*ਮੁੱਲ : 200/- ਰੁਪਏ

ਬਾਲ-ਕਹਾਣੀ ਬੱਚਿਆਂ ਦੇ ਮਨੋਰੰਜਨ ਲਈ ਲਿਖੀ ਜਾਂਦੀ ਹੈ। ਇਸਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਸਾਰਥਕ ਸੇਧ ਵੀ ਦਿੱਤੀ ਜਾ ਸਕਦੀ ਹੈ। ਭਾਰਤੀ ਸਾਹਿਤ ਵਿੱਚ ਵਧੇਰੇ ਪ੍ਰਚੱਲਿਤ ਬਾਲ-ਕਹਾਣੀਆਂ ਪੰਚਤੰਤਰ, ਅਕਬਰ-ਬੀਰਬਲ, ਤੇਨਾਲੀ ਰਾਮ ਆਦਿ ਦੀਆਂ ਹਨ, ਜਿਨ੍ਹਾਂ ਰਾਹੀਂ ਚੰਗੇ ਬਾਲ-ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ। ਬੱਚਿਆਂ ਵਿੱਚ ਚੰਗੀਆਂ ਕਦਰਾਂ-ਕੀਮਤਾਂ ਤੇ ਨੈਤਿਕ ਗੁਣਾਂ ਦਾ ਸੰਚਾਰ ਕਰਨ ਵਿੱਚ ਬਾਲ-ਕਹਾਣੀਆਂ ਦਾ ਵੱਡਾ ਯੋਗਦਾਨ ਹੈ।

ਬਾਲ-ਕਹਾਣੀ ਲਿਖਣਾ ਏਨਾ ਆਸਾਨ ਨਹੀਂ ਹੈ। ਕਿਉਂਕਿ ਇਸ ਵਿੱਚ ਬੱਚਿਆਂ ਦੀ ਪੱਧਰ ਤੇ ਜਾ ਕੇ ਉਨ੍ਹਾਂ ਦੀ ਉਮਰ, ਸੁਭਾਅ, ਇੱਛਾ, ਸੋਚ, ਲੋੜ ਆਦਿ ਦਾ ਧਿਆਨ ਰੱਖਣਾ ਪੈਂਦਾ ਹੈ। ਅੱਜ ਦਾ ਸਮਾਂ ਵਿਗਿਆਨ ਤੇ ਤਕਨਾਲੋਜੀ ਦਾ ਹੈ, ਇਸ ਲਈ ਇਸ ਪਹਿਲੂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਈਸ਼ਦੀਪ ਕੌਰ ਈਸ਼ਾ ਬਾਲ-ਉਮਰ ਤੇ ਕਿਸ਼ੋਰ ਅਵਸਥਾ ਨੂੰ ਪਾਰ ਕਰਕੇ ਇੱਕ ਬੱਚੀ ਦੀ ਮਾਂ ਹੈ। ਪੁਸਤਕ ਦੇ ਮੁੱਢ ਵਿੱਚ ਉਹਨੇ ਆਪਣੇ ਬਾਲ-ਮਨ ਉੱਤੇ ਉੱਕਰੀਆਂ ਯਾਦਾਂ ਨੂੰ ਰੇਖਾਂਕਿਤ ਕੀਤਾ ਹੈ। ਘਰ-ਪਰਿਵਾਰ, ਵਿਸ਼ੇਸ਼ ਕਰਕੇ ਆਪਣੇ ਮਾਮਾ ਜੀ (ਸ. ਅੰਮ੍ਰਿਤਪਾਲ ਸਿੰਘ ਸ਼ੈਦਾ) ਦੀਆਂ ਸਾਹਿਤਕ ਰੁਚੀਆਂ ਦਾ ਈਸ਼ਾ ਦੇ ਬਾਲ-ਮਨ ਉੱਤੇ ਪਿਆ ਸਹਿਜ-ਸੁਭਾਵਕ ਪ੍ਰਭਾਵ ਵੀ ਉਹਦੇ ਲੇਖਨ ਵਿੱਚ ਮਦਦਗਾਰ ਸਾਬਤ ਹੋਇਆ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਰੱਬ ਦਾ ਏ.ਸੀ.' ਹੈ, ਜਿਸ ਵਿੱਚ ਕੁਦਰਤ/ਪ੍ਰਕਿਰਤੀ ਦੀਆਂ ਨਿਆਮਤਾਂ ਦਾ ਜ਼ਿਕਰ ਹੈ। ਘਰ ਵਿੱਚ ਰਾਤ ਨੂੰ ਅਚਾਨਕ ਬਿਜਲੀ ਚਲੀ ਜਾਣ ਤੇ ਜਦੋਂ ਏ.ਸੀ. ਬੰਦ ਹੋ ਗਿਆ ਤਾਂ ਬੇਟਾ ਆਪਣੇ ਪਾਪਾ ਨਾਲ ਛੱਤ ਉੱਤੇ ਜਾ ਸੁੱਤਾ, ਜਿੱਥੇ ਉਹਨੂੰ ਬਹੁਤ ਗੂੜ੍ਹੀ ਨੀਂਦ ਆਈ। ਪਰੰਪਰਾ ਤੇ ਆਧੁਨਿਕਤਾ ਨੂੰ ਬੜੀ ਸਹਿਜਤਾ ਨਾਲ ਇਸ ਕਹਾਣੀ ਦਾ ਵਿਸ਼ਾ ਬਣਾਇਆ ਗਿਆ ਹੈ।

'ਕੇਲੇ ਦਾ ਛਿਲਕਾ' ਰਾਹੀਂ ਆਲੇ-ਦੁਆਲੇ ਦੀ ਸਫ਼ਾਈ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਹੈ। ਆਮ ਨਾਗਰਿਕ ਅਣਗਹਿਲੀ ਕਰਕੇ ਕਈ ਵਾਰ ਰਾਹ ਵਿੱਚ ਹੀ ਕੂੜਾ-ਕਰਕਟ ਸੁੱਟ ਕੇ ਖੁਦ ਹੀ ਖਮਿਆਜਾ ਭੁਗਤਦਾ ਹੈ।

'ਪੱਗ' ਕਹਾਣੀ ਰਾਹੀਂ ਸਾਡੇ ਵਿਰਸੇ ਤੇ ਸੰਸਕਾਰਾਂ ਦਾ ਜ਼ਿਕਰ ਵੀ ਹੈ, ਨਾਲੋ-ਨਾਲ ਇਹ ਦੱਸਿਆ ਹੈ ਕਿ ਕਿਸੇ ਬਿਪਤਾ ਵਿੱਚ ਫਸੇ ਲਈ ਵੀ ਇਹ ਸਹਾਈ ਹੋ ਸਕਦੀ ਹੈ। ਸਵਿਮਿੰਗ ਪੂਲ ਵਿੱਚ ਡਿੱਗੇ ਬੱਚੇ ਨੂੰ ਇੱਕ ਹੋਰ ਬੱਚਾ ਆਪਣੀ ਪੱਗ ਖੋਲ੍ਹ ਕੇ ਸੁਰੱਖਿਅਤ ਬਾਹਰ ਕੱਢਣ ਵਿੱਚ ਸਫ਼ਲ ਹੁੰਦਾ ਹੈ।

'ਬਰਸਾਤ ਤੇ ਝੌਂਪੜੀ' ਵਿੱਚ ਢੇਰੀ ਢਾਹ ਕੇ ਬੈਠਣ ਦੀ ਥਾਂ ਲਗਨ ਤੇ ਦ੍ਰਿੜਤਾ ਦੇ ਜਜ਼ਬੇ ਦੀ ਪੇਸ਼ਕਾਰੀ ਹੋਈ ਹੈ। ਇੱਕ

ਗਰੀਬ ਪਰਿਵਾਰ ਦੀ ਝੁੱਗੀ ਬਾਰਿਸ਼ ਦੇ ਮੌਸਮ ਵਿੱਚ ਨਸ਼ਟ ਹੋ ਜਾਂਦੀ ਹੈ। ਪਰ ਘਰ ਦਾ ਮੁਖੀ ਬੱਚਿਆਂ ਦੀ ਘਬਰਾਹਟ ਅਤੇ ਚਿੰਤਾ ਦੀ ਭਾਵਨਾ ਨੂੰ ਦੂਰ ਕਰਕੇ ਦੁਬਾਰਾ ਝੁੱਗੀ ਦੀ ਮੁਰੰਮਤ ਲਈ ਕਮਰਕਸਾ ਕਰਦਾ ਹੈ।

'ਪੱਥਰ ਕੌਰ' ਕਹਾਣੀ ਰਾਹੀਂ ਰੂੜ੍ਹੀਵਾਦੀ ਵਿਚਾਰਾਂ ਦੀ ਨਿਖੇਧੀ ਕੀਤੀ ਗਈ ਹੈ। ਧੀ ਦੇ ਜਨਮ ਤੇ ਉਹਦਾ ਭੈੜਾ ਨਾਂ ਰੱਖੇ ਜਾਣ ਤੇ ਉਹਦੇ ਸਕੂਲ ਦੇ ਸਾਥੀ ਉਹਨੂੰ ਮਖੌਲ ਕਰਦੇ ਹਨ। ਪਰ ਸਕੂਲ ਦੀ ਨਵੀਂ ਅਧਿਆਪਕਾ ਨੇ ਪੱਥਰ ਸ਼ਬਦ ਦੇ ਹੋਰ ਚੰਗੇ ਅਰਥ ਦੱਸ ਕੇ ਉਹਨੂੰ ਤੇ ਦੂਜੇ ਜਮਾਤੀਆਂ ਨੂੰ ਜਾਗਰੂਕ ਕੀਤਾ। ਇਹ ਕਹਾਣੀ ਬੇਟੀ ਦੇ ਜਨਮ ਨੂੰ ਪਿਛਾਂਹਖਿਚੂ ਸੋਚ ਤੋਂ ਮੁਕਤ ਕਰਨ ਦਾ ਵਧੀਆ ਉਪਰਾਲਾ ਹੈ।

ਸੰਗ੍ਰਹਿ ਦੀ ਸ਼ੀਰਸ਼ਕ ਕਹਾਣੀ ਵਿੱਚ ਪੁਰਾਣੀਆਂ ਚੀਜ਼ਾਂ ਦੀ ਨਵੇਂ ਯੁੱਗ ਵਿੱਚ ਹੋ ਰਹੀ ਬੇਕਦਰੀ ਨੂੰ ਦਰਸਾਇਆ ਗਿਆ ਹੈ। ਦੀਵੇ ਤੇ ਲਾਲਟੈਨ ਦੀ ਭਾਵੇਂ ਅੱਜ ਦੇ ਸਮੇਂ ਵਿੱਚ ਉਨੀ ਲੋੜ ਨਹੀਂ ਰਹੀ, ਤਾਂ ਵੀ ਕਿਸੇ ਸਮੇਂ ਇਹ ਚੀਜ਼ਾਂ ਹੀ ਰੌਸ਼ਨੀ ਦਾ ਸਰੋਤ ਹੁੰਦੀਆਂ ਸਨ।

'ਸਿੰਘ ਅੰਕਲ ਦੀ ਕਾਰ' ਵਿੱਚ ਬੱਚਿਆਂ ਦੀ ਨਵੀਂ ਕਾਰ ਨੂੰ ਵੇਖਣ ਦੀ ਉਤਸੁਕਤਾ ਤੇ ਕਾਰ-ਮਾਲਕ ਦਾ ਬੱਚਿਆਂ ਪ੍ਰਤੀ ਗੁੱਸੇਖੋਰ ਰਵੱਈਆ ਪ੍ਰਗਟ ਹੋਇਆ ਹੈ। ਬੱਚਿਆਂ ਨੇ ਕਾਰ-ਮਾਲਕ ਨੂੰ ਪ੍ਰੇਸ਼ਾਨ ਕਰਨ ਲਈ ਕਾਰ ਦੇ ਪਹੀਆਂ 'ਚੋਂ ਹਵਾ ਕੱਢਣੀ ਸ਼ੁਰੂ ਕਰ ਦਿੱਤੀ। ਕਾਰ-ਮਾਲਕ ਨੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝ ਕੇ ਉਨ੍ਹਾਂ ਨੂੰ ਕਾਰ ਵਿੱਚ ਬਿਠਾ ਕੇ ਘੁਮਾਇਆ, ਜਿਸ ਤੋਂ ਬਾਦ ਉਹ ਕਾਰ-ਮਾਲਕ ਨੂੰ ਪ੍ਰੇਸ਼ਾਨ ਕਰਨੋਂ ਹਟ ਗਏ।

'ਮਾਂ-ਬੋਲੀ' ਵਿੱਚ ਪਿਓ-ਪੁੱਤਰ ਦੀ ਵਾਰਤਾਲਾਪ ਰਾਹੀਂ ਅੰਗਰੇਜ਼ੀ-ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਕਰਦਿਆਂ ਮਾਂ ਬੋਲੀ ਦੇ ਮਹੱਤਵ ਨੂੰ ਦ੍ਰਿੜ ਕਰਵਾਇਆ ਗਿਆ ਹੈ। ਇਸ ਕਹਾਣੀ ਵਿੱਚ ਕਾਫੀ ਨਾਟਕੀ ਅੰਸ਼ ਹੈ, ਕਿਉਂਕਿ ਵਧੇਰੇ ਸੰਵਾਦ ਦੀ ਵਰਤੋਂ ਹੋਈ ਹੈ।

'ਮੈਂ ਤਾਂ ਜੀਣਾ ਹੈ' ਵਿੱਚ ਬੇਟੇ ਦੀਆਂ ਨਾਕਾਰਾਤਮਕ ਰੁਚੀਆਂ ਨੂੰ ਪਿਤਾ ਨੇ ਪੌਦੇ ਦੀ ਮਿਸਾਲ ਦੇ ਕੇ ਦੂਰ ਕੀਤਾ। ਇਸ ਕਹਾਣੀ ਵਿੱਚ ਸਹਿਜ ਤੇ ਧੀਰਜ ਜਿਹੇ ਨੈਤਿਕ ਗੁਣ ਪ੍ਰੇਰਨਾ-ਸਰੋਤ ਬਣ ਕੇ ਸਾਹਮਣੇ ਆਏ ਹਨ।

ਸੰਗ੍ਰਹਿ ਦੀ ਅੰਤਿਮ ਕਹਾਣੀ 'ਅਮਰੂਦ ਦਾ ਰੁੱਖ' ਵਿੱਚ ਇੱਕ ਸਖਤ ਸੁਭਾਅ ਦੇ ਬੰਦੇ ਦੇ ਘਰ ਲੱਗੇ ਅਮਰੂਦ ਦੇ ਦਰਖ਼ਤ ਤੋਂ ਬੱਚਿਆਂ ਵੱਲੋਂ ਚੋਰੀ-ਛੁਪੇ ਅਮਰੂਦ ਤੋੜਨ ਦਾ ਜ਼ਿਕਰ ਹੈ। ਪਰ ਅਮਰੂਦਾਂ ਦੇ ਮਾਲਕ ਦੀ ਸਖਤ ਨਿਗਰਾਨੀ ਕਰਕੇ ਬੱਚੇ ਆਉਣੋਂ ਤਾਂ ਹਟ ਗਏ ਪਰ ਅਮਰੂਦ ਦਾ ਰੁੱਖ ਹੌਲੀ ਹੌਲੀ ਸੁੱਕਣ ਲੱਗਾ। ਇੱਕ ਹੋਰ ਦਿਨ ਕੋਈ ਬੱਚਾ ਚੰਗੇ ਚੰਗੇ ਅਮਰੂਦ ਤੋੜ ਕੇ ਲੈ ਗਿਆ ਤਾਂ ਮਾਲਕ ਨੇ ਮਹਿਸੂਸ ਕੀਤਾ ਕਿ ਦਰਖ਼ਤ ਫਿਰ ਤੋਂ ਹਰਾ ਹੋਣ ਲੱਗ ਪਿਆ ਹੈ। ਇਸ ਕਹਾਣੀ ਵਿੱਚ ਬੱਚਿਆਂ ਦੇ ਪਿਆਰ ਤੇ ਦੁਲਾਰ ਨੂੰ ਪ੍ਰਕਿਰਤੀ ਦੇ ਸਹਿਜ-ਸੁਭਾਵਕ ਗੁਣਾਂ ਨਾਲ ਇਕਮਿਕ ਹੁੰਦਾ ਵਿਖਾਇਆ ਹੈ।

ਇਸ ਪੁਸਤਕ ਵਿੱਚ ਸਿਰਫ 10 ਕਹਾਣੀਆਂ ਹਨ ਤੇ ਇਹ ਸਾਰੀਆਂ ਹੀ ਇੱਕ-ਇੱਕ ਪੰਨੇ ਤੇ ਪ੍ਰਕਾਸ਼ਿਤ ਹਨ। ਹਰ ਕਹਾਣੀ ਨਾਲ ਢੁਕਵੀਂ ਤਸਵੀਰ ਵੀ ਦਿੱਤੀ ਗਈ ਹੈ। ਈਸ਼ਾ ਨੇ ਛੋਟੇ-ਛੋਟੇ ਵਿਸ਼ਿਆਂ ਨੂੰ ਇੰਨੀ ਕਾਰੀਗਰੀ ਤੇ ਸੂਖਮਤਾ ਨਾਲ ਨਿਭਾਇਆ ਹੈ ਕਿ ਇਨ੍ਹਾਂ ਰਾਹੀਂ ਉਹਦੇ ਉੱਜਲ ਮੁਸਤਕਬਿਲ ਦੇ ਦੀਦਾਰ ਹੁੰਦੇ ਹਨ। ਇਨ੍ਹਾਂ ਕਹਾਣੀਆਂ ਵਿੱਚ ਪਾਤਰਾਂ ਦੀ ਮਨੋਦਸ਼ਾ ਤੇ ਕਹਾਣੀ ਦੀ ਮੰਗ ਅਨੁਸਾਰ ਢੁਕਵੀਂ ਸ਼ਬਦਾਵਲੀ ਵਰਤੀ ਗਈ ਹੈ। ਪੁਸਤਕ ਦੀ ਦਿੱਖ, ਗੈੱਟਅੱਪ ਅਤੇ ਛਪਾਈ ਸੁਹਜਾਤਮਕ ਅਤੇ ਕਲਾਤਮਕ ਹੈ।

ਬਾਲ-ਮਨ ਤੇ ਬਾਲ-ਸ਼ਰਾਰਤਾਂ ਨਾਲ ਓਤਪੋਤ ਸੰਗ੍ਰਹਿ ਦੀਆਂ ਇਹ ਸਾਰੀਆਂ ਕਹਾਣੀਆਂ ਦਿਲਚਸਪ ਤਾਂ ਹਨ ਹੀ, ਨਾਲ-ਨਾਲ ਸਿਖਿਆਦਾਇਕ ਤੇ ਪ੍ਰੇਰਨਾਮਈ ਵੀ ਹਨ। ਬਲਜਿੰਦਰ ਮਾਨ ਅਤੇ ਡਾ ਦਰਸ਼ਨ ਸਿੰਘ ਆਸ਼ਟ ਨੇ ਈਸ਼ਾ ਦੇ ਪਲੇਠੇ ਪ੍ਰਯਤਨ ਦੀ ਮੁਕਤ-ਕੰਠ ਨਾਲ ਪ੍ਰਸ਼ੰਸਾ ਕੀਤੀ ਹੈ।

ਬਾਲ-ਸਾਹਿਤ ਦੇ ਵਿਹੜੇ ਵਿੱਚ ਨਵੀਂ ਪੁੰਗਰੀ ਕਲਮ ਈਸ਼ਾ ਦਾ ਹਾਰਦਿਕ ਸਵਾਗਤ ਹੈ। ਉਹਦੀ ਕਲਮ ਵਿੱਚ ਰਵਾਨੀ ਹੈ, ਉਹਦੀ ਸੋਚ ਵਿੱਚ ਭਵਿੱਖ ਦੇ ਸੁਪਨੇ ਹਨ ਤੇ ਉਹ ਜੀਵਨ ਜੀਣ ਦੇ ਜਜ਼ਬੇ ਨਾਲ ਲਬਰੇਜ਼ ਹੈ। ਮੈਨੂੰ ਉਮੀਦ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਹੈ ਕਿ ਈਸ਼ਾ ਇਸ ਪੰਧ ਦੀਆਂ ਹੋਰ ਮੰਜ਼ਿਲਾਂ ਤੈਅ ਕਰਨ ਵਿੱਚ ਗਤੀਸ਼ੀਲ ਰਹੇਗੀ!

ਆਮੀਨ!

ਹਿੰਦੀ ਵਿਅੰਗ

# ਕੁੱਤੇ ਸਾਥੋਂ ਉੱਤੇ

ਮੂਲ : ਡਾ. ਦਲਜੀਤ ਕੌਰ
ਚੰਡੀਗੜ੍ਹ-160036
(9463743144)
ਅਨੁ : ਪ੍ਰੋ. ਨਵ ਸੰਗੀਤ ਸਿੰਘ



ਇਨ੍ਹੀਂ ਦਿਨੀਂ ਦੇਸ਼ ਵਿੱਚ ਕੁੱਤੇ ਬਹੁਤ ਹੰਗਾਮਾ ਕਰ ਰਹੇ ਹਨ। ਲੋਕ ਆਪਣੇ ਅਜ਼ੀਜ਼ਾਂ ਨੂੰ ਓਨਾ ਪਿਆਰ ਨਹੀਂ ਕਰਦੇ, ਜਿੰਨਾ ਉਹ ਕੁੱਤਿਆਂ ਨੂੰ ਕਰਦੇ ਹਨ। ਲੋਕ ਬੱਚਾ ਪੈਦਾ ਕਰਨ ਦੀ ਬਜਾਏ ਕੁੱਤੇ ਨੂੰ ਪਾਲਣਾ ਪਸੰਦ ਕਰਨ ਲੱਗੇ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਪਤਨੀਆਂ ਨੇ ਆਪਣੇ ਪਤੀਆਂ ਨੂੰ ਕਮਰੇ ਵਿੱਚੋਂ ਬਾਹਰ ਕੱਢ ਦਿੱਤਾ ਹੈ ਅਤੇ ਕੁੱਤੇ ਨੂੰ ਕਮਰੇ ਵਿੱਚ ਰੱਖ ਲਿਆ ਹੈ। ਪਤੀਆਂ ਦਾ ਵੀ ਇਹੋ ਹਾਲ ਹੈ। ਇਨਸਾਨ ਕੁੱਤਿਆਂ 'ਤੇ ਇਨਸਾਨਾਂ ਨਾਲੋਂ ਵੱਧ ਭਰੋਸਾ ਕਰਦੇ ਹਨ। ਕੁੱਤੇ ਹਮੇਸ਼ਾ ਵਫ਼ਾਦਾਰੀ ਦਾ ਪ੍ਰਤੀਕ ਰਹੇ ਹਨ। ਕੁੱਤਿਆਂ ਦਾ ਬਿਨਾਂ ਸ਼ਰਤ ਪਿਆਰ ਅੱਜ ਵੀ ਵੇਖਣ ਨੂੰ ਮਿਲਦਾ ਹੈ, ਜਦੋਂ ਕਿ ਇਹ ਗੁਣ ਮਨੁੱਖ ਵਿੱਚ ਖਤਮ ਹੋ ਗਿਆ ਹੈ।

ਕੁੱਤਿਆਂ ਵਿੱਚ ਕੱਟਣ ਦੀ ਪ੍ਰਵਿਰਤੀ ਹੁੰਦੀ ਹੈ। ਉਹ ਸਦੀਆਂ ਤੋਂ ਕੱਟਦੇ ਆ ਰਹੇ ਹਨ। ਸਮਾਜ ਵਿੱਚ ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨੂੰ ਕੁੱਤਿਆਂ ਨੇ ਵੱਢਿਆ ਹੈ। ਪਿਛਲੇ ਕੁਝ ਸਮੇਂ ਤੋਂ ਕੁੱਤੇ ਜ਼ਿਆਦਾ ਹੀ ਵੱਢ ਰਹੇ ਹਨ। ਹਰ ਰੋਜ਼ ਸ਼ਹਿਰਾਂ ਵਿੱਚ ਕੁੱਤੇ ਕਿਸੇ ਨਾ ਕਿਸੇ ਨੂੰ ਵੱਢਦੇ ਹਨ, ਅਤੇ ਸਿਰਫ਼ ਥੋੜ੍ਹਾ ਜਿਹਾ ਨਹੀਂ, ਸਗੋਂ ਇੰਨਾ ਜ਼ਿਆਦਾ ਵੱਢ ਰਹੇ ਹਨ ਕਿ ਲੋਕ ਮਰ ਰਹੇ ਹਨ। ਉਨ੍ਹਾਂ ਨੇ ਬਹੁਤ ਸਾਰੇ ਛੋਟੇ-ਛੋਟੇ ਬੱਚਿਆਂ ਨੂੰ ਮਾਰ ਦਿੱਤਾ ਹੈ। ਪਿਛਲੇ ਦੋ ਸਾਲਾਂ ਤੋਂ ਦਿੱਲੀ ਵਿੱਚ ਕੁੱਤਿਆਂ ਦੇ ਵੱਢਣ ਦੀ ਘਟਨਾਵਾਂ ਵਧੀਆਂ ਹਨ। 2022 ਵਿੱਚ ਕੁੱਤਿਆਂ ਦੇ ਕੱਟਣ ਦੇ 6,700 ਮਾਮਲੇ ਸਾਹਮਣੇ ਆਏ ਸਨ ਅਤੇ 2024 ਵਿੱਚ ਇਹ ਅੰਕੜਾ 25,000 ਤੱਕ ਪਹੁੰਚ ਗਿਆ। ਹਰ ਰਾਜ ਵਿੱਚ ਇਹੋ ਸਥਿਤੀ ਹੈ। ਇਨ੍ਹਾਂ ਕੁੱਤਿਆਂ ਦੇ ਆਤੰਕ ਤੋਂ ਤੰਗ ਆ ਕੇ ਲੋਕਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਹਿਰਾਂ ਨੂੰ ਇਨ੍ਹਾਂ ਤੋਂ ਮੁਕਤ ਕੀਤਾ ਜਾਵੇ। ਸਰਕਾਰ ਨੇ ਹੁਕਮ ਦਿੱਤਾ ਹੈ ਕਿ ਕੁੱਤਿਆਂ ਨੂੰ ਫੜ ਕੇ 'ਡੌਗ ਸ਼ੈਲਟਰ' ਵਿੱਚ ਰੱਖਿਆ ਜਾਵੇ। ਜਿਵੇਂ ਹੀ ਇਹ ਹੁਕਮ ਆਇਆ, ਕੁੱਤਾ-ਪ੍ਰੇਮੀ ਸੜਕਾਂ 'ਤੇ ਉਤਰ ਆਏ, ਵੱਡੇ-ਵੱਡੇ ਨਾਅਰਿਆਂ ਵਾਲੇ ਤਖ਼ਤੀਆਂ ਫੜ ਕੇ: 'ਇਹ ਅਵਾਰਾ ਨਹੀਂ ਹੈ, ਇਹ ਸਾਡਾ ਹੈ।' ਹੁਣ ਦੂਸਰੇ ਕਹਿ ਰਹੇ ਹਨ, 'ਜੇ ਇਹ ਤੁਹਾਡਾ ਹੈ, ਤਾਂ ਇਸਨੂੰ ਘਰ ਲੈ ਜਾਓ।' ਉਹ ਇਸਨੂੰ ਘਰ ਵੀ ਨਹੀਂ ਲਿਜਾਣਗੇ, ਕਿਉਂਕਿ ਅਜਿਹੀ ਜ਼ਿੰਮੇਵਾਰੀ ਕੌਣ ਲੈ ਸਕਦਾ ਹੈ? ਕਈਆਂ ਦਾ ਕੁੱਤਾ-ਪ੍ਰੇਮ ਤਾਂ ਸਿਰਫ਼ ਇਸਲਈ ਹੈ ਕਿਉਂਕਿ ਪੰਡਿਤ ਜੀ ਨੇ ਉਨ੍ਹਾਂ ਦੀ ਹਾਲਤ ਵੇਖਣ ਪਿੱਛੋਂ ਕਿਹਾ ਹੈ ਕਿ ਕੁੱਤੇ ਨੂੰ ਦੁੱਧ ਪਿਆਉਣਾ ਹੈ। ਘਿਓ-ਸ਼ੱਕਰ ਵਾਲੀ ਰੋਟੀ ਖੁਆਉਣ ਨੂੰ ਕਿਹਾ ਹੈ। ਜਿਨ੍ਹਾਂ ਦੇ ਆਪਣਿਆਂ ਦੀ ਜਾਨ ਕੁੱਤਿਆਂ ਕਰਕੇ ਚਲੀ ਗਈ ਹੈ, ਉਹ ਕੁੱਤਿਆਂ ਨੂੰ ਵੇਖਣਾ ਵੀ ਨਹੀਂ ਚਾਹੁੰਦੇ। ਸਮਾਜ ਵਿੱਚ ਦੋ ਧੜੇ ਬਣ ਗਏ ਹਨ: ਸਮਰਥਕ ਅਤੇ ਵਿਰੋਧੀ। ਕੁੱਤੇ ਆਲੇ-ਦੁਆਲੇ ਵੇਖ ਰਹੇ ਹਨ ਕਿ ਲੋਕ ਉਨ੍ਹਾਂ ਬਾਰੇ ਕੀ ਫ਼ੈਸਲਾ ਲੈ ਰਹੇ ਹਨ।

ਸਾਡਾ ਇੱਕ ਕੋਰਟ ਕੇਸ ਚੱਲ ਰਿਹਾ ਹੈ। ਅੱਠ ਸਾਲ ਹੋ ਗਏ ਹਨ। ਇਨਸਾਨਾਂ ਦੇ ਮੁਕੱਦਮੇ ਕਈ-ਕਈ ਸਾਲ ਚਲਦੇ ਰਹਿੰਦੇ ਹਨ। ਸਾਡੇ ਇੱਥੇ ਨਿਆਂ ਦੀ ਰਫ਼ਤਾਰ ਥੋੜ੍ਹੀ ਮੱਧਮ ਹੈ। ਕੁੱਤਿਆਂ ਨੇ ਦਸ ਦਿਨਾਂ ਵਿੱਚ ਆਪਣਾ ਕੇਸ ਜਿੱਤ ਲਿਆ ਹੈ। ਲੋਕਾਂ ਨੇ ਲੱਡੂ ਵੰਡੇ ਅਤੇ ਸਰਕਾਰ ਨੂੰ ਕਿਹਾ - ਕੁੱਤਿਆਂ ਨੂੰ ਨਹੀਂ, ਭ੍ਰਿਸ਼ਟਾਚਾਰ ਨੂੰ ਖਤਮ ਕਰੋ। ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ - "ਫੜੇ ਗਏ ਕੁੱਤਿਆਂ ਦੀ ਨਸਬੰਦੀ ਕਰਕੇ ਛੱਡ ਦਿੱਤਾ ਜਾਵੇਗਾ ਅਤੇ ਖਤਰਨਾਕ ਕੁੱਤਿਆਂ ਨੂੰ ਕੈਦ ਵਿੱਚ ਰੱਖਿਆ ਜਾਵੇਗਾ।"

ਹੁਣ ਇੱਕ ਕੁੱਤਿਆਂ ਦੇ ਮੰਤਰੀ ਨੇ ਪੁੱਛਿਆ ਹੈ, "ਇਹ ਕਿਵੇਂ ਨਿਰਧਾਰਤ ਕੀਤਾ ਜਾਵੇਗਾ ਕਿ ਕੁੱਤਾ ਕਿੰਨਾ ਖਤਰਨਾਕ

ਹੈ?" ਸ਼ਾਇਦ ਕੋਈ ਥਰਮਾਮੀਟਰ ਬਣਾਇਆ ਜਾਵੇ। ਇਸ ਪੈਮਾਨੇ 'ਤੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਜੋ ਵੀ ਕੁੱਤਿਆਂ ਨੂੰ ਫੜਨ ਤੋਂ ਰੋਕੇਗਾ, ਉਸ ਵਿਅਕਤੀ ਨੂੰ ਪੱਚੀ ਹਜ਼ਾਰ ਰੁਪਏ ਅਤੇ ਕਿਸੇ ਵੀ ਸੰਸਥਾ ਨੂੰ ਦੋ ਲੱਖ ਰੁਪਏ ਦਾ ਜੁਰਮਾਨਾ ਕੀਤਾ ਜਾਵੇਗਾ। ਇਸ ਹੁਕਮ ਨਾਲ ਬਹੁਤ ਹਲਚਲ ਮੱਚੀ ਹੋਈ ਹੈ। ਲੋਕ ਮਨੁੱਖਾਂ ਨਾਲੋਂ ਕੁੱਤਿਆਂ ਬਾਰੇ ਜ਼ਿਆਦਾ ਚਿੰਤਿਤ ਹਨ। ਮੇਰਾ ਦੇਸ਼ ਕਿੰਨਾ ਦਿਆਲੂ ਹੈ! ਸੁਪਰੀਮ ਕੋਰਟ ਨੇ ਕਿਹਾ ਹੈ ਕਿ ਸ਼ਹਿਰ ਦੇ ਹਰ ਵਾਰਡ ਵਿੱਚ ਕੁੱਤਿਆਂ ਨੂੰ ਖਾਣਾ ਖੁਆਉਣ ਲਈ ਇੱਕ ਜਗ?ਹਾ ਨਿਰਧਾਰਤ ਕੀਤੀ ਜਾਵੇਗੀ। ਕਿਸੇ ਵੀ ਹਾਲਤ ਵਿੱਚ ਕੋਈ ਵੀ ਸੰਸਥਾ ਜਾਂ ਵਿਅਕਤੀ ਸੜਕ 'ਤੇ ਕੁੱਤਿਆਂ ਨੂੰ ਖਾਣਾ ਨਹੀਂ ਖੁਆਏਗਾ। ਹੁਕਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਬਹੁਤ ਸਾਰੇ ਲੋਕਾਂ ਨੂੰ ਜੁਰਮਾਨਾ ਵੀ ਕੀਤਾ ਗਿਆ ਹੈ। ਕੁੱਤੇ ਖੁਸ਼ ਹਨ ਕਿ ਲੋਕ ਉਨ੍ਹਾਂ ਲਈ ਕੁੱਤਿਆਂ ਵਾਂਗ ਲੜ ਰਹੇ ਹਨ। ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਉਨ੍ਹਾਂ ਦਾ ਨਾਂ ਹੈ। ਮੈਂ ਕੁੱਤਿਆਂ ਦੇ ਸਰਦਾਰ ਨੂੰ ਪੁੱਛਿਆ, "ਅੱਜਕੱਲ੍ਹ ਬੜੇ ਛਾਏ ਹੋਏ ਹੋ! ਕਵੀਆਂ ਵਾਂਗ ਹਰ ਅਖ਼ਬਾਰ ਵਿੱਚ ਤੁਹਾਡੀ ਫੋਟੋ ਹੈ। ਖ਼ੂਬ ਚਰਚਾ ਹੈ।" ਉਸਨੇ ਬੜੇ ਮਾਣ ਨਾਲ ਕਿਹਾ, "ਹਰ ਕੁੱਤੇ ਦਾ ਸਮਾਂ ਆਉਂਦਾ ਹੈ। ਸਾਡਾ ਸਮਾਂ ਕਈ ਸਾਲਾਂ ਬਾਅਦ ਆਇਆ ਹੈ।" ਮੈਂ ਹੈਰਾਨੀ ਨਾਲ ਪੁੱਛਿਆ, 'ਪਹਿਲਾਂ ਵੀ ਸੀ?' ਹੁਣ ਉਹਦੀ ਆਵਾਜ਼ ਮਾਣ ਨਾਲ ਭਰ ਗਈ। ਉਹ ਬੋਲਿਆ, "ਕੀ ਤੁਸੀਂ ਸਾਈਂ ਬੁੱਲ੍ਹੇ ਸ਼ਾਹ ਦਾ ਨਾਂ ਸੁਣਿਆ ਹੈ? ਪੰਜਾਬੀ ਸਾਹਿਤ ਵਿੱਚ ਉਨ੍ਹਾਂ ਨੇ ਸਾਨੂੰ ਤੁਹਾਡੇ ਤੋਂ ਉੱਪਰ ਲਿਖਿਆ ਹੈ।" ਫਿਰ ਉਸਨੇ ਉੱਚੀ-ਉੱਚੀ ਗਾਉਣਾ ਸ਼ੁਰੂ ਕਰ ਦਿੱਤਾ:

ਰਾਤੀਂ ਜਾਗਣ ਕਰਨ ਇਬਾਦਤ,
ਰਾਤੀਂ ਜਾਗਣ ਕੁੱਤੇ, ਕੁੱਤੇ ਸਾਥੋਂ ਉੱਤੇ।

## ਪੰਜਵੇਂ ਪਾਤਸ਼ਾਹ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ

-ਮਨਜੀਤ ਸਿੰਘ ਸੋਹਲ



ਤੇਰੇ ਵੱਲੋਂ ਚੱਲੀ ਸੀ ਪਰੰਪਰਾ ਜੋ ਪਾਤਸ਼ਾਹ ਸਿਰ ਨਾਲ ਰਹੇ ਹਾਂ ਨਿਭਾ।
ਅੱਜ ਵੀ ਜਹਾਂਗੀਰ ਬੈਠਾ ਰਾਜ ਗੱਦੀ ਉੱਤੇ ਰਿਹਾ ਉਵੇਂ ਜ਼ੁਲਮ ਕਮਾ।
ਉਦੋਂ ਵਾਂਗ ਹੁਣ ਵੀ ਤੇਰਿਆਂ ਉਪਾਸ਼ਕਾਂ ਦੇ ਝੂਠੇ ਇਲਜ਼ਾਮ ਸਿਰ ਮੜ੍ਹਦੇ।
ਸਿੱਖੀ ਵਾਲੇ ਬੂਟੇ ਦੀਆਂ ਹਰੀਆਂ ਕਰੂੰਬਲਾਂ ਨੂੰ ਦੇਖ ਕੇ ਪ੍ਰਿਥੀਏ ਸੜਦੇ।
ਖੁਰਾ ਖੋਜ ਸਿੱਖੀ ਦਾ ਮਿਟਾਉਣ ਤਾਂਈ ਤੁਲੇ ਹੋਏ ਰਲ ਮਿਲ ਚੰਦੂ ਦੇ ਭਰਾ।
ਹੋਰ ਤਾਂ ਨਹੀਂ ਕੁਝ ਬੱਸ ਹੋਇਆ ਤਬਦੀਲ ਇੱਕ ਦਿੱਲੀ ਵਿਖੇ ਤਖ਼ਤ ਲਾਹੌਰ ਦਾ
ਬਾਕੀ ਸਾਰਾ ਰਾਜ ਘਾਟ ਚਲਦਾ ਹੈ ਅੱਜ ਕਲ ਪਹਿਲਾਂ ਵਾਲੇ ਮੁਗਲਾਂ ਦੇ ਦੌਰ ਦਾ।
ਇੱਕ ਚੰਗਾ ਹੋਇਆ ਜਿਹੜੇ ਵਧਦੀ ਮਹਿੰਗਾਈ ਨਾਲ ਵੱਧ ਗਏ ਸਿਰਾਂ ਦੇ ਸਾਡੇ ਭਾਅ।
ਬਾਹਾਂ ਅੱਡ ਉੱਚੀ ਦੇਣੀ ਮਾਰਿਆ ਸੀ ਹਾਅ ਦਾ ਨਾਅਰਾ ਫਿਰ ਹੁਣ ਸਾਂਈ ਮੀਆਂ ਮੀਰ ਨੇ।
ਢੱਠਾ ਦੇਖ ਰਾਮਦਾਸ ਪਾਤਸ਼ਾਹ ਦਾ ਘਰ ਜੀਹਦੀ ਨੀਂਹ ਰੱਖੀ ਅੱਲਾ ਦੇ ਫਕੀਰ ਨੇ।
ਚੌਹਾਂ ਵਰਨਾ ਦਾ ਜਿਹੜਾ ਸਾਂਝਾ ਸੀ ਦੁਆਰਾ ਉਹ ਵੀ ਦਿੱਤਾ ਉਨ੍ਹਾਂ ਜਾਲਮਾਂ ਨੇ ਢਾਹ।
ਚੇਤਨਾ ਦਾ ਜਿਹੜਾ ਤੁਸੀਂ ਪਾਲਿਆ ਚਿਰਾਗ ਉਹਦੀ ਮੱਠੀ ਨਹੀਂ ਪੈਣ ਦਿੱਤੀ ਲੋਅ।
ਪੰਥ ਸਦਾ ਜੀਵੇ ਅਸੀਂ ਮਰ ਜਾਈਏ ਭਾਵੇਂ ਇਹੋ ਹਿੱਕ ਤਾਣ ਆਖਦੇ ਖਲੋ।
ਕੌਮ ਉੱਤੋਂ ਜਿੰਦ ਕੁਰਬਾਨ ਕਰ ਦੇਣ ਦਾ ਹੈ ਅੱਜ ਵੀ ਸਿੰਘਾਂ ਨੂੰ ਪੂਰਾ ਚਾਅ।

# ਜੁਹਦ ਦੀ ਜਿੱਤ

ਲਖਵਿੰਦਰ ਸਿੰਘ ਬਾਜਵਾ
ਮੋ. 9417734506, 9729608492

ਕੋਈ ਇਨਕਲਾਬ ਜਾਂ ਭਰ ਜੋਬਨ ਆਵੇ।
ਸੱਤਾਧਾਰੀ ਹਰ ਤੋੜਨ ਦਾ ਹੀਲਾ ਅਪਨਾਵੇ।
ਖਾਵਣ ਭੇਡਾਂ ਕਾਲੀਆਂ ਚਾਰਾ ਸਰਕਾਰੀ।
ਇੱਜੜ ਅੰਦਰ ਰਹਿੰਦੀਆਂ ਦਿਲ ਧਾਰ ਮੱਕਾਰੀ।
ਅੰਦਰੋ ਅੰਦਰ ਯਾਰੀਆਂ ਭੁੱਖੇ ਬਘਿਆੜਾਂ।
ਦੂਜੇ ਤੋਂ ਤੁੜਵਾਉਂਦੀਆਂ ਉਕਸਾ ਕੇ ਵਾੜਾਂ।
ਅੱਗ ਲਗਾ ਕੇ ਪਿੰਡ ਨੂੰ ਕੁੱਤਾ ਹਤਿਆਰਾ।
ਜਾ ਰੂੜੀ ਤੇ ਬੈਠਦਾ ਕਰ ਭੈੜਾ ਕਾਰਾ।
ਵਿੱਚ ਗੰਢੇਲ ਗੰਢਿਆਂ ਅਕਸਰ ਉੱਗ ਪੈਂਦੀ।
ਪੱਦ ਪੇੜੇ ਦੀ ਝਲਕ ਵੀ ਖੁੰਬਾਂ ਜਿਓਂ ਰਹਿੰਦੀ।
ਰਾਜ ਖਾਲਸਾ ਗਿਆ ਸੀ ਜਦ ਹੋਇਆ ਕਬਾੜਾ।
ਬਨਿਆਂ ਜਦੋਂ ਫਰੰਗੀਆਂ ਦਾ ਯਾਰ ਪਹਾੜਾ।
ਤੇਜੂ ਲਾਲੂ ਜੰਮਦੇ ਵਿੱਚ ਧਾਨ ਸਵਾਂਕੀ।
ਲਾਲਚ ਅੰਦਰ ਜਿੰਨਾ ਦੀ ਰੂਹ ਗਈ ਧਵਾਂਖੀ।
ਹੰਸਾਂ ਅੰਦਰ ਭਗਤ ਬਣ ਆ ਘੁਸਰਨ ਬਗਲੇ।
ਪਰਦੇ ਉਹਲੇ ਕਾਗ ਵੀ ਆ ਬਹਿੰਦੇ ਸਗਲੇ।
ਪ੍ਰਿਥਵੀ ਰਾਜ ਹਰਾਉਣ ਨੂੰ ਜਦ ਜੈ ਚੰਦ ਜੰਮੇ।
ਲੈਣਾ ਪੈਂਦਾ ਕੰਮ ਹੈ ਫਿਰ ਨਾਲ ਠਰੰਮੇ।
ਘਰ ਦਾ ਭੇਤੀ ਸਦਾ ਹੀ ਲੰਕਾ ਲੁਟਵਾਏ।
ਸਾਧ ਸਵਾਰਥ ਆਪਣਾ ਫਿਰ ਰਾਜ ਕਮਾਏ।
ਲੂੰਬੜ ਜਿੰਨਾ ਪਛਾਣਿਆ ਨਾ ਵਿੱਚ ਨਕਾਬਾਂ।
ਉਤੇ ਨੌਂ ਨਿਹਾਲ ਜਿਓਂ ਡਿੱਗਣ ਮਹਿਰਾਬਾਂ।
ਵੇਚ ਜ਼ਮੀਰਾਂ ਕੌਮ ਸੰਗ ਜੋ ਕਰਨ ਗੱਦਾਰੀ।
ਪੈਣ ਲਾਹਨਤਾਂ ਉਹਨਾ ਨੂੰ ਹਰ ਵੇਲੇ ਭਾਰੀ।
ਨਾਮ ਅਕ੍ਰਿਤਘਣਾ ਵਿੱਚ ਹੈ ਉਹ ਲਿਖਵਾਂਦਾ।
ਮੂੰਹ ਕਾਲਾ ਕਰਵਾ ਕੇ ਧਰਤੀ ਤੋਂ ਜਾਂਦਾ।
ਐਪਰ ਚੱਲਣ ਕਾਫਲੇ ਪ੍ਰਵਾਹ ਨਹੀ ਕਰਦੇ।
ਲਹਿ ਜਾਂਦੇ ਨੇ ਜਲਦ ਹੀ ਝੂਠਾਂ ਤੋਂ ਪਰਦੇ।
ਜਿਗਰੇ ਵਾਲੇ ਡੋਲਦੇ ਨਾ ਸੰਕਟ ਅੰਦਰ।
ਗੰਦੀਆਂ ਖੇਡਾਂ ਖੇਡ ਕੇ ਭੱਜ ਜਾਣ ਕਲੰਦਰ।
ਕੁੱਤੇ ਰਹਿੰਦੇ ਭੌਂਕਦੇ ਨਾ ਰੁਕਣ ਵਹੀਰਾਂ।
ਕੱਢ ਲੈਂਦੇ ਨੇ ਹੋਰ ਰਾਹ ਕਰਕੇ ਤਦਬੀਰਾਂ।
ਸੌਖਾ ਨਾਲ ਹਕੂਮਤਾਂ ਨਾ ਮੱਥਾ ਲਾਉਣਾ।
ਸੁਖ ਦਾ ਜੀਵਨ ਛੱਡ ਕੇ ਕੰਡਿਆਂ ਤੇ ਸੌਣਾ।
ਬਾਜਾਂ ਵਾਲੇ ਆਪ ਸੀ ਸੱਥਰ ਅਪਣਾਇਆ।
ਔਖੇ ਹੋ ਕੇ ਕੌਮ ਨੂੰ ਸਰਦਾਰ ਬਣਾਇਆ।
ਸਿਰ ਧਰ ਚੱਲਣ ਤਲੀ ਤੇ ਕੀ ਮੌਤ ਡਰਾਵੇ।
ਲੈਂਦੀ ਜਿੰਦਗੀ ਉਹਨਾ ਨੂੰ ਭਰ ਵਿੱਚ ਕਲਾਵੇ।
ਸਭ ਔਕੜਾਂ ਤੋੜ ਜੋ ਮੰਜਲ ਵੱਲ ਭੱਜੇ।
ਯਾਰੋ ਸਿਹਰੇ ਜਿੱਤ ਦੇ ਉਹਨਾ ਸਿਰ ਬੱਝੇ।
ਕਰਦੀ ਦੁਨੀਆ ਉਹਨਾ ਨੂੰ ਝੁਕ ਝੁਕ ਪ੍ਰਨਾਮਾਂ।
ਵਿੱਚ ਸੁਨਹਿਰੀ ਅੱਖਰਾਂ ਲਿਖਵਾਂਉਦੇ ਨਾਮਾ।
ਹੱਕ ਦੋਸਤੋ ਜਗਤ ਤੇ ਸੌਖੇ ਨਹੀ ਮਿਲਦੇ।
ਕੰਡੇ ਪਹਿਲਾਂ ਜੰਮਦੇ ਫੁੱਲ ਪਿੱਛੋਂ ਖਿਲਦੇ।
ਸਦਾ ਬਾਜਵਾ ਜਿੱਤਦੇ ਜੋ ਜੁਹਦ ਕਮਾਉਂਦੇ।
ਦੁੱਖ ਹੰਡਾ ਕੇ ਸਿਰਾਂ ਤੇ ਜੱਗ ਸੁਖੀ ਬਣਾਉਂਦੇ।

# ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲਕਾਰੀ ਦਾ ਅਲੌਕਿਕ ਪਾਸਾਰ

**ਡਾ. ਜੋਗਿੰਦਰ ਸਿੰਘ ਕੈਰੋਂ**
**ਸੰਪਰਕ** +1 (681) 666-3273



ਸਾਹਿਤ ਸਿਰਫ਼ ਸ਼ਬਦਾਂ ਦੀ ਬਣਤਰ ਨਹੀਂ ਹੁੰਦਾ, ਇਹ ਮਨੁੱਖੀ ਰੂਹ ਦਾ ਇਤਿਹਾਸ ਹੁੰਦਾ ਹੈ। ਜਦੋਂ ਕੋਈ ਲੇਖਕ ਆਪਣੇ ਅੰਦਰ ਦੀਆਂ ਤਰੰਗਾਂ ਨੂੰ ਸ਼ਬਦਾਂ ਵਿੱਚ ਬਦਲਦਾ ਹੈ, ਤਾਂ ਉਹ ਸਿਰਫ਼ ਕਵਿਤਾ ਨਹੀਂ ਲਿਖਦਾ — ਉਹ ਸਮੇਂ ਦੀ ਧੜਕਣ ਨੂੰ ਉਣਦਾ ਤੇ ਲਿਖਦਾ ਹੈ। ਇਸ ਪ੍ਰਸੰਗ ਵਿੱਚ ਡਾ. ਅਮਰਜੀਤ ਟਾਂਡਾ ਦੀ ਰਚਨਾਤਮਕ ਯਾਤਰਾ ਇੱਕ ਵਿਲੱਖਣ ਅਤੇ ਰੂਹਾਨੀ ਸਾਹਿਤਕ ਸਫ਼ਰ ਵਾਂਗ ਲੱਗਦੀ ਹੈ, ਜਿਸ ਵਿੱਚ ਕਾਵਿ ਦੀ ਨਰਮੀ, ਨਾਵਲ ਦੀ ਵਿਸ਼ਾਲਤਾ ਅਤੇ ਫਿਲੋਸਫੀ ਦੀ ਗਹਿਰਾਈ ਇੱਕਠੇ ਵਸਦੇ ਹਨ।

ਡਾ. ਅਮਰਜੀਤ ਟਾਂਡਾ ਦੀ ਕਲਮ ਵਿੱਚ ਇੱਕ ਅਜੀਬ ਜਿਹਾ ਸੁਰ ਹੈ—ਇਹ ਸੁਰ ਦਰਦ ਵੀ ਗਾਂਦਾ ਹੈ, ਆਸ ਵੀ ਬੁਣਦਾ ਹੈ ਅਤੇ ਮਨੁੱਖੀ ਜੀਵਨ ਦੀਆਂ ਗਹਿਰਾਈਆਂ ਵਿੱਚ ਲੁਕੇ ਹੋਏ ਸੱਚ ਨੂੰ ਵੀ ਉਜਾਗਰ ਕਰਦਾ ਹੈ। ਉਹਨਾਂ ਦੀ ਕਵਿਤਾ ਸਿਰਫ਼ ਪੜ੍ਹੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ। ਇਹ ਕਵਿਤਾ ਮਨੁੱਖੀ ਹਿਰਦੇ ਦੇ ਅੰਦਰ ਉਤਰਦੀ ਹੈ ਅਤੇ ਉੱਥੇ ਚੁੱਪਚਾਪ ਇਕ ਚਾਨਣ ਕਰ ਜਾਂਦੀ ਹੈ।

ਡਾ. ਟਾਂਡਾ ਦੀ ਕਾਵਿ-ਕਲਾ ਵਿੱਚ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਜੀਵਨ ਦੇ ਸਧਾਰਨ ਪਲਾਂ ਵਿੱਚੋਂ ਅਸਧਾਰਨ ਦਰਸ਼ਨ ਲੱਭ ਲੈਂਦੇ ਹਨ। ਉਹਨਾਂ ਦੇ ਸ਼ਬਦ ਕਈ ਵਾਰੀ ਕਿਸੇ ਪੰਛੀ ਦੀ ਉਡਾਣ ਵਾਂਗ ਹੌਲੇ ਹੁੰਦੇ ਹਨ, ਕਈ ਵਾਰੀ ਕਿਸੇ ਦਰਿਆ ਦੀ ਲਹਿਰ ਵਾਂਗ ਬੇਚੈਨ ਅਤੇ ਕਈ ਵਾਰੀ ਕਿਸੇ ਸੰਤ ਦੀ ਚੁੱਪ ਵਾਂਗ ਗਹਿਰੇ।

ਉਹਨਾਂ ਦੀ ਕਵਿਤਾ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ। ਉੱਥੇ ਖੇਤ ਹਨ, ਦਰਖ਼ਤ ਹਨ, ਹਵਾ ਹੈ, ਪੰਛੀ ਹਨ ਅਤੇ ਮਨੁੱਖੀ ਰਿਸ਼ਤਿਆਂ ਦੀਆਂ ਗਰਮਾਹਟਾਂ ਹਨ। ਉਹਨਾਂ ਦੀ ਕਵਿਤਾ ਵਿੱਚ ਇਕ ਸਾਫ਼-ਸੁਥਰੀ ਮਨੁੱਖਤਾ ਹੈ ਜੋ ਪਾਠਕ ਨੂੰ ਆਪਣੇ ਅੰਦਰ ਝਾਤ ਮਾਰਨ ਲਈ ਮਜਬੂਰ ਕਰਦੀ ਹੈ।

ਜਿੱਥੇ ਡਾ. ਟਾਂਡਾ ਦੀ ਕਵਿਤਾ ਸੰਵੇਦਨਾ ਦੀ ਗਹਿਰਾਈ ਨੂੰ ਛੂੰਹਦੀ ਹੈ, ਉੱਥੇ ਉਹਨਾਂ ਦੀ ਨਾਵਲ ਕਲਾ ਸਮਾਜ ਦੀ ਵਿਸ਼ਾਲ ਤਸਵੀਰ ਪੇਸ਼ ਕਰਦੀ ਹੈ। ਉਹਨਾਂ ਦੇ ਨਾਵਲ ਸਿਰਫ਼ ਕਹਾਣੀਆਂ ਨਹੀਂ, ਸਮੇਂ ਦੀਆਂ ਡਾਇਰੀਆਂ ਹਨ। ਉਹ ਮਨੁੱਖੀ ਸੰਘਰਸ਼, ਉਮੀਦ, ਦਰਦ ਅਤੇ ਸੁਪਨਿਆਂ ਦੀ ਇਕ ਲੰਬੀ ਯਾਤਰਾ ਬਣ ਜਾਂਦੇ ਹਨ।

ਡਾ. ਟਾਂਡਾ ਦੇ ਨਾਵਲਾਂ ਵਿੱਚ ਜੀਵਨ ਦੀ ਸੱਚਾਈ ਬੜੀ ਸੁੰਦਰਤਾ ਨਾਲ ਪੇਸ਼ ਹੁੰਦੀ ਹੈ। ਉਹਨਾਂ ਦੇ ਪਾਤਰ ਸਿਰਫ਼ ਕਾਗਜ਼ ਤੇ ਨਹੀਂ ਰਹਿੰਦੇ, ਉਹ ਸਾਡੇ ਆਲੇ ਦੁਆਲੇ ਦੇ ਲੋਕਾਂ ਵਾਂਗ ਜੀਉਂਦੇ ਹਨ। ਉਹਨਾਂ ਦੀਆਂ ਕਹਾਣੀਆਂ ਵਿੱਚ ਮਨੁੱਖੀ ਸੰਬੰਧਾਂ ਦੀਆਂ ਗਹਿਰਾਈਆਂ ਅਤੇ ਸਮਾਜਕ ਹਕੀਕਤਾਂ ਦਾ ਸੰਵੇਦਨਸ਼ੀਲ ਚਿੱਤਰ ਮਿਲਦਾ ਹੈ।

ਡਾ. ਟਾਂਡਾ ਦੇ ਨਾਵਲ ÷ਤੇ ਵਕਤ ਬੋਲਦਾ ਗਿਆ÷ ਪੜ੍ਹਦਿਆਂ ਇੰਝ ਇਹਸਾਸ ਹੁੰਦਾ ਹੈ ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ

ਇਹ ਨਾਵਲ ਪੜ੍ਹਦਿਆਂ ਇੰਜ ਇਹਸਾਸ ਹੁੰਦਾ ਹੈ ਜਿਵੇਂ ਕਿ ਕਿਸੇ ਵਿਦੇਸ਼ੀ ਵਿਕਸਿਤ ਭਾਸ਼ਾ ਦਾ ਖ਼ੂਬਸੂਰਤ ਤੇ ਵਧੀਆ ਨਾਵਲ ਪੜ੍ਹ ਰਹੇ ਹੋਈਏ। ਗੱਲ ਸਿਰਫ਼ ਅਜਿਹੇ ਅਹਿਸਾਸ ਦੀ ਹੀ ਨਹੀਂ ਸਗੋਂ ਇਸ ਗੱਲ ਦੀ ਖੁਸ਼ੀ ਵੀ ਹੁੰਦੀ ਹੈ ਕਿ ਪੰਜਾਬੀ ਨਾਵਲ ਬਾਕੀ ਭਾਸ਼ਾਵਾਂ ਦੀਆਂ ਰਚਨਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਰਿਹਾ ਹੈ। ਉਸ ਦੇ ਪਾਤਰ ਰੋਜ਼ ਦੇ ਭਾਸ਼ਣ ਵਿੱਚੋਂ ਵੀ ਇਹੋ ਝਲਕਾਰੇ ਮਿਲਦੇ ਹਨ। ਜਿਵੇਂ "ਅਸੀਂ ਖੇਡਣਾ ਬੰਦ ਨਹੀਂ ਕਰਦੇ ਕਿਉਂਕਿ ਅਸੀਂ ਬੁੱਢੇ ਹੋ ਗਏ ਹਾਂ ਅਸੀਂ ਬੁੱਢੇ ਹੋ ਜਾਂਦੇ ਹਾਂ ਕਿਉਂਕਿ ਅਸੀਂ ਖੇਡਣਾ ਬੰਦ ਕਰ ਦਿੰਦੇ ਹਾਂ। ਜਵਾਨ ਰਹਿਣ ਖੁਸ਼ ਰਹਿਣ ਅਤੇ ਸਫ਼ਲਤਾ ਪ੍ਰਾਪਤ ਕਰਨ ਦੇ ਸਿਰਫ਼ ਚਾਰ ਰਾਜ਼ ਹਨ। ਤੁਹਾਨੂੰ ਹਰ ਰੋਜ਼ ਹੱਸਣਾ ਅਤੇ ਹਾਸਾ ਮਜ਼ਾਕ ਲੱਭਣਾ ਪਵੇਗਾ। ਤੁਹਾਨੂੰ

ਇੱਕ ਸੁਪਨਾ ਹੋਣਾ ਚਾਹੀਦਾ ਹੈ ਜਦੋਂ ਤੁਸੀਂ ਸੁਪਨੇ ਨੂੰ ਗਵਾ ਦਿੰਦੇ ਹੋ ਤੁਸੀਂ ਮਰ ਜਾਂਦੇ ਹੋ।" ਇੰਜ ਉਸਨੇ ਇਸ਼ਕ, ਸਹਿਤ ਲੋਕ, ਸਹਿਤ ਅਤੇ ਵਿਸ਼ਵ ਸੱਭਿਆਚਾਰ ਵਿੱਚੋਂ ਲੋਕ ਸੱਚ ਨੂੰ ਕਸ਼ੀਦ ਕੇ ਆਪਣੀ ਰਚਨਾ ਨੂੰ ਉਸਾਰਿਆ ਹੈ। ਅਜਿਹੀਆਂ ਰਚਨਾਵਾਂ ਵਿੱਚੋਂ ਕਮੀਆਂ ਲੱਭਣੀਆਂ ਤੇ ਪਛਾਨਣੀਆਂ ਸੰਭਵ ਨਹੀਂ ਹੁੰਦੀਆਂ। ਸਾਰਾ ਕੁਝ ਅਖੀਰ ਤੱਕ ਗੁਪਤ ਰੱਖੋ। ਇਸ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਇਸ ਨਾਵਲ ਵਿੱਚ ਵੀ ਅਜਿਹੀਆਂ ਜੁਗਤਾਂ ਦਾ ਪ੍ਰਯੋਗ ਕੀਤਾ ਗਿਆ ਹੈ। ਲੇਖਕ ਨੇ ਆਪਣੀ ਸਿਰਜਣਾ ਨੂੰ ਬੜੇ ਖ਼ੂਬਸੂਰਤ ਅਖਾਣਾਂ ਅਤੇ ਮੁਹਾਵਰਿਆਂ ਨਾਲ ਢੁਕਵੇਂ ਵਾਤਾਵਰਣ ਨਾਲ ਸ਼ਿੰਗਾਰਿਆ ਹੈ ਜਿਵੇਂ "ਮੇਲੇ ਵਿੱਚ ਗੁਆਚੇ ਬੱਚੇ ਨੂੰ ਮਾਂ ਲੱਭਦੀ ਹੈ" ਇਸ ਦੇ ਨਾਲ ਹੀ ਆਪਣੇ ਕਥਨ ਦੀ ਪਰੋੜਤਾ ਲਈ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ ਹਨ। ਇਹ ਸੱਭ ਕੁਝ ਬੁਢਾਪੇ ਅਤੇ ਚੰਗੇ ਜੀਵਨ ਲਈ ਹੈ। ਜਿਸ ਵਿੱਚ ਚੰਗੇ ਜੀਵਨ ਨੂੰ ਜਿਊਣ ਦੇ ਸੁਝਾਅ ਵੀ ਦਿੱਤੇ ਹਨ। ਜਿਸ ਵਿੱਚ ਉਸ ਸਰੀਰ ਅਤੇ ਮਾਨਸਿਕ ਅਵਸਥਾ ਦੇ ਸੁਮੇਲ ਦੀ ਗੱਲ ਕਰਦਾ ਹੈ। ਉਹ ਰੰਗੀਨੀਆਂ ਨੂੰ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਲਾਹ ਵੀ ਦਿੰਦਾ ਹੈ। ਜਿਸ ਵਿੱਚ ਉਹ ਉਦਾਸੀਨਤਾ ਨੂੰ ਮਨ ਦੇ ਨੇੜੇ ਆਉਣ ਤੋਂ ਰੋਕਦਾ ਹੈ ਅਤੇ ਪੁਰਾਣੇ ਰਿਸ਼ਤਿਆਂ ਅਤੇ ਸੰਗੀਤ ਨਾਲ ਜੁੜਨ ਲਈ ਕਹਿੰਦਾ ਹੈ ਅਤੇ ਕੰਮ ਵਿੱਚ ਜੁੜੇ ਰਹਿਣ ਦੀ ਤਾਕੀਦ ਕਰਦਾ ਹੈ। ਜਿਸ ਦੀਆਂ ਉਹ ਪੁਰਾਣੇ ਦੋਸਤਾਂ ਨੂੰ ਮਿਲਣ ਦੀਆਂ ਉਦਾਹਰਣਾਂ ਵੀ ਦਿੰਦਾ ਹੈ। ਉਸ ਦੀਆਂ ਇਹ ਉਦਾਹਰਣਾਂ ਕਈ ਵਾਰ ਕਾਵਿਕ ਰੂਪ ਧਾਰ ਲੈਂਦੀਆਂ ਹਨ। ਜਿਸ ਤੋਂ ਇਹ ਸਮਝ ਪੈਂਦੀ ਹੈ ਕਿ ਉਸਦੀ ਕੇਵਲ ਵਾਰਤਕ ਸ਼ੈਲੀ ਹੀ ਕਾਵਿਕ ਨਹੀਂ ਸਗੋਂ ਕਵਿਤਾਈ ਤਰੰਗਾਂ ਉਸਦੇ ਧੁਰ ਮਨ ਅੰਦਰ ਵੀ ਰਚੀਆਂ ਹੋਈਆਂ ਹਨ। ਉਹ ਬਚਪਨ ਦੀਆਂ ਬਾਲ ਖੇਡਾਂ ਅਤੇ ਹਾਣੀਆਂ ਨਾਲ ਕੀਤੀਆਂ ਨਿੱਕੀਆਂ ਮੋਟੀਆਂ ਲੜਾਈਆਂ ਭੜਾਈਆਂ ਦਾ ਵੀ ਖ਼ੂਬਸੂਰਤ ਜ਼ਿਕਰ ਕਰਦਾ ਹੈ। ਧਰਮ ਅਤੇ ਰਿਸ਼ਤਿਆਂ ਉੱਪਰ ਵੀ ਵਿਅੰਗ ਕਰਦਾ ਹੈ। ਮਸਨੂਈ ਪਦਾਰਥਕ ਤਰੱਕੀ ਦਾ ਵੀ ਮਖੌਲ ਉਡਾਉਂਦਾ ਹੈ। ਜਿਸ ਵਿੱਚ ਹਉਮੈ ਅਤੇ ਹੰਕਾਰ ਭਰਿਆ ਪਿਆ ਹੈ। ਜਿਸ ਨੂੰ ਤਜ ਕੇ ਉਹ ਰਿਸ਼ਤਿਆਂ ਨੂੰ ਖ਼ੂਬਸੂਰਤ ਬਣਾਉਣ ਦੀ ਸਲਾਹ ਦਿੰਦਾ ਹੈ। ਇਹਨਾਂ ਯਤਨਾਂ ਅਤੇ ਯਾਦਾਂ ਵਿੱਚ ਉਹ ਪੰਜਾਬ ਦੇ ਪਿੰਡਾਂ ਦੀ ਰਹਿਤਲ ਦੀ ਰਹਿੰਦ ਖੂੰਹਦ ਨੂੰ ਵੀ ਬਿਆਨ ਕਰਦਾ ਹੈ। ਜਿਸ ਨੂੰ ਪ੍ਰਵਾਸੀ ਪ੍ਰਭਾਵ ਭ੍ਰਿਸ਼ਟ ਕਰੀ ਜਾ ਰਹੇ ਹਨ। ਉਸ ਨੂੰ ਵਧ ਰਹੇ ਸ਼ਹਿਰੀਕਰਨ ਦੇ ਰੁਝਾਨ ਬਾਰੇ ਵੀ ਚਿੰਤਾ ਹੈ ਕਿਉਂਕਿ ਉਹ ਮਹਿਸੂਸ ਕਰ ਰਿਹਾ ਹੈ ਕਿ ਇਸ ਨਾਲ ਮਾਨਸਿਕ ਆਨੰਦ ਦਾ ਖ਼ਾਤਮਾ ਹੋ ਰਿਹਾ ਹੈ। ਰਿਸ਼ਤਿਆਂ ਵਿੱਚੋਂ ਆਤਮਕ ਖ਼ੁਸ਼ੀ ਖੁਰਦੀ ਜਾ ਰਹੀ ਹੈ। ਜਿਸ ਵਿੱਚੋਂ ਸੱਭਿਆਚਾਰਕ ਰਸਮ ਰਿਵਾਜ਼ ਮੇਲ ਜੋਲ ਪਿਆਰ ਮੁਹੱਬਤ ਮਨਫੀ ਹੁੰਦਾ ਜਾ ਰਿਹਾ ਹੈ। ਕਲਾਕਾਰੀ ਦੀ ਗੱਲ ਇਹ ਹੈ ਕਿ ਲੇਖਕ ਇਸ ਬਾਰੇ ਸੁਚੇਤ ਵੀ ਹੈ ਅਤੇ ਚਿੰਤਿਤ ਵੀ ਹੈ। ਮੈਨੂੰ ਇਹ ਨਾਵਲ ਵਿਲੱਖਣ ਰੌਚਿਕ ਗਿਆਨ ਵਰਧਕ ਅਤੇ ਜ਼ਿੰਦਗੀ ਨੂੰ ਮਾਨਵੀ ਸੇਧ ਦੇਣ ਵਾਲਾ ਜਾਪਦਾ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਦੀ ਇੱਕ ਹੋਰ ਵੱਡੀ ਵਿਸ਼ੇਸ਼ਤਾ ਉਹਨਾਂ ਦੀ ਫਿਲੋਸਫੀਕਲ ਸੋਚ ਹੈ। ਉਹਨਾਂ ਦੀ ਲਿਖਤ ਵਿੱਚ ਜੀਵਨ ਦੇ ਵੱਡੇ ਸਵਾਲਾਂ ਦੀ ਝਲਕ ਮਿਲਦੀ ਹੈ—ਮਨੁੱਖ ਕੌਣ ਹੈ? ਜੀਵਨ ਦਾ ਅਰਥ ਕੀ ਹੈ? ਦਰਦ ਕਿਉਂ ਹੁੰਦਾ ਹੈ? ਅਤੇ ਆਸ ਕਿਵੇਂ ਜਨਮ ਲੈਂਦੀ ਹੈ?

ਉਹਨਾਂ ਦੀ ਲਿਖਤ ਵਿੱਚ ਇੱਕ ਰੂਹਾਨੀ ਸੁਰ ਹੈ ਜੋ ਪਾਠਕ ਨੂੰ ਅੰਦਰੂਨੀ ਯਾਤਰਾ ਤੇ ਲੈ ਜਾਂਦਾ ਹੈ। ਉਹ ਮਨੁੱਖ ਨੂੰ ਆਪਣੇ ਅੰਦਰ ਦੇ ਚਾਨਣ ਨਾਲ ਮਿਲਾਉਂਦੇ ਹਨ। ਉਹਨਾਂ ਦੇ ਸ਼ਬਦ ਕਈ ਵਾਰੀ ਕਿਸੇ ਪ੍ਰਾਰਥਨਾ ਵਾਂਗ ਲੱਗਦੇ ਹਨ ਅਤੇ ਕਈ ਵਾਰੀ ਕਿਸੇ ਅੰਦਰੂਨੀ ਸੰਵਾਦ ਵਾਂਗ।

ਡਾ. ਟਾਂਡਾ ਦੀ ਲਿਖਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹਨਾਂ ਦੀ ਰਚਨਾ ਮਨੁੱਖਤਾ ਨੂੰ ਕੇਂਦਰ ਵਿੱਚ ਰੱਖਦੀ ਹੈ। ਉਹ ਵੰਡਾਂ ਤੋਂ ਉੱਪਰ ਉਠ ਕੇ ਮਨੁੱਖੀ ਏਕਤਾ ਦੀ ਗੱਲ ਕਰਦੇ ਹਨ। ਉਹਨਾਂ ਦੀ ਲਿਖਤ ਵਿੱਚ ਪਿਆਰ ਹੈ, ਸ਼ਾਂਤੀ ਹੈ ਅਤੇ ਜੀਵਨ ਨੂੰ ਸੁੰਦਰ ਬਣਾਉਣ ਦੀ ਇੱਕ ਲਗਾਤਾਰ ਰੀਝ ਤੇ ਆਵਾਜ਼ ਹੈ।

ਸਾਹਿਤ ਵਿੱਚ ਉਹਨਾਂ ਦੀ ਯਾਤਰਾ ਸਿਰਫ਼ ਲਿਖਣ ਦੀ ਯਾਤਰਾ ਨਹੀਂ, ਇੱਕ ਰੂਹਾਨੀ ਯਾਤਰਾ ਹੈ। ਉਹਨਾਂ ਦੀ ਕਲਮ ਮਨੁੱਖੀ ਦਰਦ ਨੂੰ ਸਮਝਦੀ ਹੈ ਅਤੇ ਮਨੁੱਖੀ ਆਸ ਨੂੰ ਜਗਾਉਂਦੀ

ਹੈ। ਉਹਨਾਂ ਦੀ ਲਿਖਤ ਇੱਕ ਚਾਨਣ ਵਾਂਗ ਹੈ ਜੋ ਹਨੇਰਿਆਂ ਵਿੱਚ ਵੀ ਰਾਹ ਦਿਖਾਉਂਦੀ ਹੈ।

ਅੱਜ ਦੇ ਸਮੇਂ ਵਿੱਚ ਜਦੋਂ ਸਾਹਿਤ ਕਈ ਵਾਰੀ ਸਿਰਫ਼ ਮਨੋਰੰਜਨ ਤੱਕ ਸੀਮਿਤ ਹੋ ਜਾਂਦਾ ਹੈ, ਡਾ. ਅਮਰਜੀਤ ਟਾਂਡਾ ਦੀ ਲਿਖਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਹਿਤ ਮਨੁੱਖੀ ਰੂਹ ਦੀ ਆਵਾਜ਼ ਹੁੰਦਾ ਹੈ। ਉਹਨਾਂ ਦੀ ਕਵਿਤਾ, ਨਾਵਲ ਅਤੇ ਫਿਲੋਸਫੀਕਲ ਲਿਖਤ ਪੰਜਾਬੀ ਸਾਹਿਤ ਨੂੰ ਇੱਕ ਨਵੀਂ ਦਿਸ਼ਾ ਦੇ ਰਹੀ ਹੈ।

ਡਾ. ਅਮਰਜੀਤ ਟਾਂਡਾ ਦੀ ਸਾਹਿਤਕ ਦੇਣ ਇੱਕ ਲੰਬੀ ਦਰਿਆ ਵਾਂਗ ਹੈ ਜੋ ਸਮੇਂ ਦੇ ਨਾਲ ਹੋਰ ਵੀ ਵਿਸ਼ਾਲ ਹੁੰਦੀ ਜਾ ਰਹੀ ਹੈ। ਉਹਨਾਂ ਦੀ ਲਿਖਤ ਵਿੱਚ ਭਵਿੱਖ ਦੀਆਂ ਸੰਭਾਵਨਾਵਾਂ ਹਨ, ਮਨੁੱਖਤਾ ਦੀਆਂ ਉਮੀਦਾਂ ਹਨ ਅਤੇ ਜੀਵਨ ਦੇ ਸੁੰਦਰ ਸੁਪਨੇ ਹਨ।

ਇਸ ਲਈ ਕਹਿਣਾ ਬਿਲਕੁਲ ਉਚਿਤ ਹੈ ਕਿ ਡਾ. ਅਮਰਜੀਤ ਟਾਂਡਾ ਦੀ ਕਲਮ ਸਿਰਫ਼ ਸ਼ਬਦ ਨਹੀਂ ਲਿਖਦੀ—ਉਹ ਮਨੁੱਖੀ ਰੂਹ ਦਾ ਇਤਿਹਾਸ ਲਿਖਦੀ ਹੈ। ਉਹਨਾਂ ਦੀ ਰਚਨਾਤਮਕਤਾ ਪੰਜਾਬੀ ਸਾਹਿਤ ਲਈ ਇੱਕ ਅਮੁੱਲ ਧਰੋਹਰ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ।

ਡਾ. ਅਮਰਜੀਤ ਟਾਂਡਾ ਦੀ ਕਾਵਿ ਅਤੇ ਨਾਵਲ ਕਲਾ ਮਨੁੱਖੀ ਸੰਵੇਦਨਾ ਦੀ ਇੱਕ ਸੋਹਣੀ ਧੁਨ ਹੈ—ਇੱਕ ਐਸੀ ਧੁਨ ਜੋ ਸਮੇਂ ਦੇ ਨਾਲ ਹੋਰ ਵੀ ਮਿੱਠੀ ਹੁੰਦੀ ਜਾਵੇਗੀ।

**ਬਾਲ ਕਵਿਤਾ**

## ਜੋਕਰ

**ਹਰਪ੍ਰੀਤ ਪਤੋ**
ਪਿੰਡ ਪੱਤੋ ਹੀਰਾ ਸਿੰਘ ਮੋਗਾ
ਫੋਨ ਨੰਬਰ 94658-21417

ਹੱਥ 'ਚ ਸੋਟੀ, ਸਿਰ 'ਤੇ ਟੋਪੀ?,
ਤੱਕਿਆ ਮੈਂ ਇੱਕ ਰਾਹੀ।

ਲਾਲ ਕਮੀਜ ਤੇ ਤੇੜ 'ਚ ਕੱਛਾ,
ਗਲ ਲਮਕਾਈ ਟਾਈ।

ਪੈਰੀਂ ਬੂਟ , ਜ਼ੁਰਾਬਾਂ ਪਾਈਆਂ?,
ਗੁੱਟ 'ਤੇ ਘੜੀ ਸਜਾਈ।

ਕਿੱਡਾ ਕੱਦ ਸੀ, ਦੱਸਾਂ ਉਸਦਾ?,
ਪੌਣੇ ਦੋ ਤੇ ਢਾਈ।

ਕਾਲੀ ਐਨਕ, ਮੋਢਿਆਂ ਤੋਂ ਕਿੱਟ?
ਪਿੱਠ ਪਿੱਛੇ ਲਮਕਾਈ।

ਸੀਟੀ ਮੂੰਹ ਦੇ ਨਾਲ ਵਜਾਵੇ?,
ਮੁੱਛਾਂ ਜਾਵੇ ਚੜ੍ਹਾਈ।

ਜਿੱਧਰ ਜਾਵੇ, ਲੋਕੀ ਵੇਖਣ?,
ਇਹ ਕੀ ਸ਼ੈਅ ਹੈ ਆਈ।

ਕਰਦਾ ਨਾ ਉਹ ਗੱਲਾਂ ਬਾਤਾਂ,
ਖੜਾ ਜਾਵੇ ਮਸਕਾਈ।

ਨਾਲ ਉਸ ਦੇ ਕਾਲਾ ਕੁੱਤਾ?,
ਸੰਗਲੀ ਜਿਸ ਨੂੰ ਪਾਈ।

ਲਾਲ ਜੀਭ ਕੱਢ ਲਾਲਾਂ ਸੁੱਟੇ ?,
ਕੰਨ ਜਾਵੇ ਫੜਕਾਈ।

ਬਾਡੀ ਗਾਰਡਾਂ ਵਾਂਗੂੰ ਝਾਕੇ?,
ਕਰਦਾ ਰੱਖ ਰਖਾਈ।

ਪਤਾ ਨੀਂ ਕਿਸ ਗ੍ਰਹਿ ਤੋਂ ਆਇਆ?,
ਕਿੱਧਰ ਜਾਵੇ ਜਾਈ।

ਕੋਈ ਕਹੇ ਛਲੇਡਾ ਹੈ, ਕਿਸੇ
ਜੋਕਰ 'ਵਾਜ ਲਗਾਈ।

ਹਰ ਕੋਈ ਵੇਖਣ ਆਇਆ ਉਸ ਨੂੰ?,
'ਕੱਠੀ ਹੋਈ ਲੁਕਾਈ।

ਕਿਸੇ ਨੂੰ ਪਤਾ ਨਾ ਲੱਗਿਆ 'ਪੱਤੋ'
ਉਹ ਕੌਣ ਸੀ ਭਾਈ।

# ਅਸੀਂ ਪ੍ਰਵਾਸੀ ਨਹੀਂ -ਅਸੀਂ ਤਾਂ ਬਾਬੇ ਨਾਨਕ ਦੀ ਉਡਾਰੀ ਹਾਂ



**ਡਾ ਅਮਰਜੀਤ ਟਾਂਡਾ**

ਕੁਝ ਲੋਕ ਸਾਨੂੰ ਪ੍ਰਵਾਸੀ ਆਖਦੇ ਹਨ। ਪਰ ਸੱਚ ਪੁੱਛੋ ਤਾਂ ਪੰਜਾਬੀ ਕਦੇ ਪ੍ਰਵਾਸੀ ਨਹੀਂ ਹੁੰਦਾ। ਪ੍ਰਵਾਸੀ ਉਹ ਹੁੰਦਾ ਹੈ ਜੋ ਆਪਣੀ ਮਿੱਟੀ, ਆਪਣੀ ਰੂਹ ਅਤੇ ਆਪਣੇ ਸੱਭਿਆਚਾਰ ਤੋਂ ਟੁੱਟ ਜਾਵੇ। ਪੰਜਾਬੀ ਤਾਂ ਜਿੱਥੇ ਵੀ ਜਾਂਦਾ ਹੈ, ਆਪਣੇ ਨਾਲ ਪੰਜਾਬ ਲੈ ਕੇ ਜਾਂਦਾ ਹੈ। ਉਹ ਆਪਣੇ ਪਿੰਡ ਦੀ ਖੁਸ਼ਬੂ, ਮਾਂ ਦੀਆਂ ਅਰਦਾਸਾਂ, ਲੋਰੀਆਂ, ਗੀਤ, ਖੇਡਾਂ, ਪਿੰਡ ਦੇ ਚੰਦ ਸਿਤਾਰੇ, ਖੇਤਾਂ ਦੀ ਹਰਿਆਵਲੀ ਅਤੇ ਬਾਬੇ ਨਾਨਕ ਦੀ ਬਾਣੀ ਆਪਣੇ ਦਿਲ ਵਿੱਚ ਸੰਭਾਲ ਕੇ ਪੱਕੀ ਗੰਢ ਮਾਰ ਕੇ ਤੁਰਦਾ ਹੈ ਏਅਰਪੋਰਟ ਨੂੰ।

ਪੰਜਾਬੀਆਂ ਲਈ ਧਰਤੀ ਦਾ ਕੋਈ ਵੀ ਕੋਣਾ ਪਰਾਇਆ ਨਹੀਂ। ਬਾਬੇ ਨਾਨਕ ਨੇ ਤਾਂ ਸਦੀਆਂ ਪਹਿਲਾਂ ਹੀ ਇਹ ਸੁਨੇਹਾ ਦੇ ਦਿੱਤਾ ਸੀ ਕਿ "ਨ ਕੋ ਬੈਰੀ, ਨਾ ਹੀ ਬਿਗਾਨਾ।" ਜਦੋਂ ਸਾਰੀ ਧਰਤੀ ਇੱਕ ਪਰਿਵਾਰ ਹੈ, ਫਿਰ ਕਿਹੜਾ ਦੇਸ਼ ਪਰਾਇਆ ਤੇ ਕਿਹੜਾ ਆਪਣਾ? ਕਿਹੜੀ ਮਿੱਟੀ, ਆਪਣੀ ਤੇ ਕਿਹੜੀ ਪਰਾਈ। ਕਿਹੜੇ ਗੀਤ ਚੰਨ ਸੂਰਜ ਆਪਣੇ ਤੇ ਕਿਹੜੇ ਪਰਾਏ।

ਅਸੀਂ ਪ੍ਰਵਾਸੀ ਨਹੀਂ, ਬਾਬੇ ਨਾਨਕ ਦੀ ਚਲਦੀ ਫਿਰਦੀ ਜੋਤ, ਸਰਹੱਦਾਂ ਤੋਂ ਪਾਰ ਵਸਦੀ ਇੱਕ ਰੂਹ, ਪੰਜਾਬੀ ਵੰਨ ਸੁਵੰਨੇ ਗੁਲਾਬਾਂ ਦਾ ਖਿੜਿਆ ਬਾਗ਼, ਬਾਬੇ ਨਾਨਕ ਦੇ ਦੂਤ, ਦੁਨੀਆਂ ਨੂੰ ਆਪਣਾ ਪਰਿਵਾਰ ਬਣਾਉਣ ਵਾਲੇ ਪੰਜਾਬੀ ਜਾਂ ਸੱਤ ਸਮੁੰਦਰਾਂ ਤੋਂ ਪਾਰ ਵੀ ਪੰਜਾਬ ਦੀ ਧੜਕਣ ਹਾਂ।

ਪੰਜਾਬੀ ਜਿੱਥੇ ਗਿਆ, ਉੱਥੇ ਉਸ ਨੇ ਸਿਰਫ਼ ਆਪਣਾ ਘਰ ਨਹੀਂ ਬਣਾਇਆ; ਉਸ ਨੇ ਇਨਸਾਨੀਅਤ ਦਾ ਘਰ ਬਣਾਇਆ। ਉਸ ਨੇ ਗੁਰਦੁਆਰੇ ਉਸਾਰੇ, ਜਿੱਥੇ ਧਰਮ ਨਹੀਂ, ਦਿਲਾਂ ਨੂੰ ਜੋੜਿਆ ਜਾਂਦਾ ਹੈ। ਉਸ ਨੇ ਲੰਗਰ ਚਲਾਏ, ਜਿੱਥੇ ਲੰਗਰ ਦੇ ਨਾਲ ਸਾਰਿਆਂ ਮਜ਼ਹਬਾਂ ਨੂੰ ਇੱਜ਼ਤ ਸਤਿਕਾਰ ਪਿਆਰ ਵੀ ਪਰੋਸਿਆ ਜਾਂਦਾ ਹੈ।

ਉਸ ਨੇ ਦੁਨੀਆਂ ਨੂੰ ਇਹ ਸਿਖਾਇਆ ਕਿ ਭੁੱਖੇ ਨੂੰ ਖਵਾਉਣਾ ਕਿਸੇ ਵੀ ਇਬਾਦਤ ਤੋਂ ਵੱਡਾ ਕਰਮ ਹੈ।

ਜਿੱਥੇ ਪੰਜਾਬੀ ਦੇ ਕਦਮ ਪਏ, ਉੱਥੇ ਸਿਰਫ਼ ਕਾਰੋਬਾਰ ਨਹੀਂ ਵਧਿਆ; ਉੱਥੇ ਰੰਗ ਵਧੇ, ਰੌਣਕ ਵਧੀ, ਜੀਵਨ ਦੀ ਧੜਕਣ ਵਧੀ। ਢੋਲ ਦੀ ਇੱਕ ਥਾਪ ਨੇ ਉਦਾਸ ਗਲੀਆਂ ਵਿੱਚ ਤਿਉਹਾਰ ਸਜਾ ਦਿੱਤੇ। ਭੰਗੜੇ ਦੀ ਇੱਕ ਡਗੇ ਛਾਲ ਨੇ ਦੁਨੀਆਂ ਨੂੰ ਦੱਸ ਦਿੱਤਾ ਕਿ ਖੁਸ਼ੀ ਵੀ ਇੱਕ ਇਬਾਦਤ ਹੁੰਦੀ ਹੈ। ਗਿੱਧੇ ਦੀ ਇੱਕ ਬੋਲੀ ਨੇ ਸਾਬਤ ਕਰ ਦਿੱਤਾ ਕਿ ਸੱਭਿਆਚਾਰ ਸਿਰਫ਼ ਇਤਿਹਾਸ ਨਹੀਂ, ਜੀਵਨ ਦਾ ਜਸ਼ਨ ਹੁੰਦਾ ਹੈ।

ਅੱਜ ਦੁਨੀਆਂ ਦੇ ਅਨੇਕਾਂ ਸ਼ਹਿਰਾਂ ਵਿੱਚ ਜਦੋਂ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਪੇਸ਼ ਹੁੰਦੀ ਹੈ, ਤਾਂ ਉਹ ਕੇਵਲ ਭੋਜਨ ਨਹੀਂ ਹੁੰਦਾ; ਉਹ ਪੰਜਾਬ ਦੀ ਰੂਹ ਦਾ ਸੁਆਦ ਤੇ ਗੀਤ ਹੁੰਦਾ ਹੈ। ਜਦੋਂ ਲੋਕ ਪੰਜਾਬੀ ਗੀਤਾਂ 'ਤੇ ਝੂਮਦੇ ਹਨ, ਤਾਂ ਉਹ ਸਿਰਫ਼ ਮਨੋਰੰਜਨ ਨਹੀਂ ਹੁੰਦਾ; ਉਹ ਇੱਕ ਜੀਵੰਤ ਸਭਿਆਚਾਰ ਨਾਲ ਪਹਿਲੇ ਪਿਆਰ ਵਾਲੀ ਮੁਲਾਕਾਤ ਵੀ ਹੁੰਦੀ ਹੈ।

ਪਰ ਪੰਜਾਬੀ ਦੀ ਸਭ ਤੋਂ ਵੱਡੀ ਮੱਲ ਭੰਗੜਾ, ਕਾਰੋਬਾਰ ਜਾਂ ਪ੍ਰਸਿੱਧੀ ਨਹੀਂ। ਉਸ ਦੀ ਸਭ ਤੋਂ ਵੱਡੀ ਮੱਲ ਹੈ — ਦਿਲ ਜਿੱਤਣਾ। ਉਸ ਨੇ ਦੁਨੀਆਂ ਨੂੰ ਦੱਸਿਆ ਕਿ ਮਿਹਨਤ ਦਾ ਕੋਈ ਬਦਲ ਨਹੀਂ, ਸੇਵਾ ਦਾ ਕੋਈ ਮੁਕਾਬਲਾ ਨਹੀਂ ਅਤੇ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ।

ਪੰਜਾਬੀ ਜਦੋਂ ਕਿਸੇ ਨਵੇਂ ਦੇਸ਼ ਵਿੱਚ ਪਹੁੰਚਦਾ ਹੈ ਤਾਂ ਉਹ ਸਰਹੱਦਾਂ ਨਹੀਂ ਵੇਖਦਾ, ਉਹ ਮੌਕੇ ਅਵਸਰ ਉਡਾਣਾਂ ਵੇਖਦਾ ਹੈ। ਉਹ ਰੰਗ, ਨਸਲ ਜਾਂ ਭਾਸ਼ਾ ਨਹੀਂ ਵੇਖਦਾ; ਉਹ ਇਨਸਾਨ ਵੇਖਦਾ ਹੈ। ਇਸੇ ਲਈ ਉਸ ਦੇ ਹੱਥ ਵਿੱਚ ਹਮੇਸ਼ਾ ਇੱਕ ਪਾਸੇ ਕਿਰਤ ਹੁੰਦੀ ਹੈ ਤੇ ਦੂਜੇ ਪਾਸੇ ਸੇਵਾ।

ਸੱਚ ਤਾਂ ਇਹ ਹੈ ਕਿ ਅਸੀਂ ਧਰਤੀ ਦੇ ਇੱਕ ਕੋਣੇ ਤੋਂ ਦੂਜੇ ਕੋਣੇ ਤੱਕ ਫੈਲਿਆ ਹੋਇਆ ਬਾਬੇ ਨਾਨਕ ਦਾ ਸੁਨੇਹਾ ਹਾਂ। ਅਸੀਂ ਪ੍ਰਵਾਸੀ ਨਹੀਂ, ਅਸੀਂ ਉਸ ਜੋਤ ਦੇ ਰਾਹੀ ਹਾਂ ਜੋ ਕਹਿੰਦੀ ਹੈ ਕਿ ਸਾਰਾ ਸੰਸਾਰ ਇੱਕ ਪਰਿਵਾਰ ਹੈ। ਅਸੀਂ ਉੱਥੇ ਵੱਸੇ ਨਹੀਂ; ਅਸੀਂ ਉੱਥੇ ਪਿਆਰ ਬੀਜਿਆ ਹੈ। ਅਸੀਂ ਉੱਥੇ ਸਿਰਫ਼ ਰੋਜ਼ੀ ਨਹੀਂ ਕਮਾਈ; ਅਸੀਂ ਰਿਸ਼ਤੇ ਕਮਾਏ ਹਨ। ਅਸੀਂ ਉੱਥੇ ਕੇਵਲ ਇਮਾਰਤਾਂ ਨਹੀਂ ਬਣਾਈਆਂ; ਅਸੀਂ ਦਿਲਾਂ ਦੇ ਪੁਲ ਬਣਾਏ ਹਨ।

ਪੰਜਾਬੀ ਮਿੱਟੀ ਨਾਲ ਜੁੜਿਆ, ਦੁਨੀਆਂ ਨਾਲ

ਖੜਿਆ, ਲੰਗਰ ਤੋਂ ਲੈ ਕੇ ਲੀਡਰਸ਼ਿਪ ਤੱਕ ਪੰਜਾਬੀਆਂ ਦੀ ਵਿਸ਼ਵ ਯਾਤ੍ਰਾ ਹਾਂ। ਅਸੀਂ ਉਡਾਰੀਆਂ ਮਾਰਦੇ ਹਾਂ, ਉਜਾੜ ਨਹੀਂ ਹੁੰਦੇ। ਅਸੀਂ ਪੰਜਾਬੀ—ਵਗਦੇ ਦਰਿਆਵਾਂ ਵਰਗੀ ਕੌਮ ਹਾਂ ਪਟਣੇ ਵਾਲੇ ਦੀ ਸਾਜੀ ਹੋਈ ਖਾਲਸ ਫੌਜ।

ਇਸ ਲਈ ਜਦੋਂ ਕੋਈ ਸਾਨੂੰ ਪ੍ਰਵਾਸੀ ਆਖੇ, ਤਾਂ ਮੁਸਕਰਾ ਕੇ ਆਖਣਾ—

"ਅਸੀਂ ਪ੍ਰਵਾਸੀ ਨਹੀਂ ਹਾਂ। ਅਸੀਂ ਬਾਬੇ ਨਾਨਕ ਦੀ ਉਹ ਉਡਾਰੀ ਹਾਂ ਜਿਸ ਨੇ ਸਾਰੀ ਧਰਤੀ ਨੂੰ ਆਪਣਾ ਘਰ ਬਣਾ ਲਿਆ ਹੈ। ਅਸੀਂ ਉਹ ਕਾਫ਼ਲਾ ਹਾਂ ਜੋ ਜਿੱਥੇ ਵੀ ਗਿਆ, ਉੱਥੇ ਲੰਗਰ, ਪਿਆਰ, ਮਿਹਨਤ, ਸੇਵਾ ਅਤੇ ਪੰਜਾਬ ਦੀ ਰੂਹ ਛੱਡ ਕੇ ਆਇਆ ਹੈ। ਅਸੀਂ ਕਿਸੇ ਦੇਸ਼ ਵਿੱਚ ਗਏ ਨਹੀਂ, ਅਸੀਂ ਦੁਨੀਆ ਨੂੰ ਆਪਣੇ ਬਾਬੇ ਨਾਨਕ ਦੇ ਪਰਿਵਾਰ ਵਿੱਚ ਸ਼ਾਮਲ ਕੀਤਾ ਹੈ।"

ਅਤੇ ਸ਼ਾਇਦ ਇਹੀ ਪੰਜਾਬੀ ਹੋਣ ਦਾ ਸੱਭ ਤੋਂ ਸੋਹਣਾ ਤੇ ਵਿਲੱਖਣ ਅਰਥ ਹੈ।

## ਰਾਜਾ ਪਰਜਾ

**ਸੁਰਿੰਦਰ ਸਿੰਘ ਸੁੰਨੜ**



ਰਾਜਿਆ ਵੇ ਰਾਜ ਕਰੇਂਦਿਆਂ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।
ਤੂੰ ਹਾਕਮ ਹੈਂ ਹੁਕਮ ਕਰ ਹੁਕਮ ਤੇਰਾ ਮਨਜ਼ੂਰ,
ਕਾਇਦੇ ਤੇ ਕਾਨੂੰਨ ਬਿਨ ਕੋਈ ਪਹੁੰਚ ਨਾ ਸਕਦਾ ਦੂਰ,
ਸਹੀ ਰਸਤੇ 'ਤੇ ਜਾਣ ਵਾਸਤੇ ਰਾਜੇ ਘੜਨ ਅਸੂਲ,
ਵਿਧੀ ਵਿਧਾਨ ਜੋ ਬਣ ਗਿਆ ਪਰਜਾ ਕਰੇ ਕਬੂਲ।
ਦੇਸ਼ ਤਰੱਕੀਆਂ ਜੇ ਕਰੇ ਤਾਂ ਪਰਜਾ ਨੂੰ ਕੀ ਰੋਸ,
ਡਟਕੇ ਰਾਜੇ ਨਾਲ ਸਭ ਪਰਜਾ, ਬਿਨਾਂ ਕਿਸੇ ਅਫ਼ਸੋਸ।
ਹੱਕ ਤੇ ਫ਼ਰਜ਼ ਬਰਾਬਰ ਹੁੰਦੇ, ਇਹ ਵੀ ਗੱਲ ਸਹੀ,
ਰਾਜਾ ਧਰਮੀਂ ਨਹੀਂ ਤਾਂ ਭੁਗਤੂ ਧਰਮਰਾਜ ਦੀ ਵਹੀ।
ਮਰਿਯਾਦਾ ਵਿੱਚ ਰਹੇ ਸੀ ਰਾਮ ਆਪਣੇ ਦਰਬਾਰ,
ਤਾਂ ਹੀ ਰਾਜੇ ਰਾਮ ਨੂੰ ਦੁਨੀਆ ਮੰਨਦੀ ਹੈ ਅਵਤਾਰ।
ਦੁਰਯੋਧਨ ਹਨ ਰਾਜੇ ਜਿਹੜੇ ਕਰਨ ਪਰਜਾ ਦਾ ਘਾਣ,
ਅੰਤਿ ਖੁਦਾ ਦਾ ਵੈਰ ਹੈ, ਇਹ ਵੀ ਸੱਚ ਫੁਰਮਾਣ।
ਪਰਜਾ ਹੈ ਤਾਂ ਰਾਜ ਹੈ, ਪਰਜਾ ਬਿਨ ਰਾਜ ਨਾ ਕੋਇ,
ਰਾਜਾ ਕੱਲਾ ਕੀ ਕਰੂ ਜੇ ਪਰਜਾ ਹੀ ਸਭ ਨੜੋਇ।
ਪਰਜਾ ਵੱਲ ਵੀ ਵੇਖ ਰਾਜਿਆ, ਚੰਗਾ ਨਹੀਂ ਹੰਕਾਰ,
ਦਸਾਂ ਸਿਰਾਂ ਵਾਲੇ ਵੀ ਜਾਸਣ ਤੂੰ ਕਿਸ ਪਾਣੀਹਾਰ।
ਕੈਸਾ ਇਹ ਦਰਿਆ ਹੈ ਰਾਜੇ ਅਤੇ ਪਰਜਾ ਵਿਚਕਾਰ,
ਨਫਰਤ ਦਾ ਹੜ੍ਹ ਆ ਗਿਆ ਕਿਦਾਂ ਲੰਘਸੀ ਪਾਰ।
ਰਾਜਿਆ ਵੇ ਅਰਦਾਸ ਕਰ, ਪਰਜਾ ਸਾਰੀ ਤਿਆਰ,
ਸਾਰੀ ਪਰਜਾ ਨਾਲ ਜੇ ਰਾਜੇ ਦਾ ਹੋ ਜਾਏ ਪਿਆਰ।
ਰਾਜਿਆ ਵੇ ਰਾਜ ਕਰੇਂਦਿਆਂ, ਤੂੰ ਆਰ ਅਸੀਂ ਇਸ ਪਾਰ।
ਅਸੀਂ ਤੇਰੀ ਪਰਜਾ ਭਇ ਤੂੰ ਸਾਡੀ ਸਰਕਾਰ।

ਕਹਾਣੀ

# ਰਗਾਂ 'ਚ ਦੌੜਦਾ ਲਹੂ

**ਸੁਖਮਿੰਦਰ ਸੇਖੋਂ**
5, ਗਲੀ ਨੰ. 8 ਘੁੰਮਣ ਨਗਰ,
ਸਰਹਿੰਦ ਰੋਡ, ਪਟਿਆਲਾ
ਮੋ. 98145-07693



ਉਸ ਕਵੀ ਤੇ ਲੇਖਕ ਨੇ ਇੱਕ ਰੋਜ਼ ਅੰਤਿਮ ਫੈਸਲਾ ਲੈਂਦਿਆਂ ਐਲਾਨ ਕਰ ਦਿੱਤਾ, 'ਉਹ ਉਦੋਂ ਤੱਕ ਇੱਕ ਅੱਖਰ ਵੀ ਨਹੀਂ ਲਿਖੇਗਾ ਜਦੋਂ ਤੱਕ ਅਮਲੀ ਰੂਪ 'ਚ ਮਾੜੇ ਹਾਲਾਤ ਸੁਧਾਰ ਨਹੀਂ ਲੈਂਦਾ!'

ਏਨਾ ਸੋਚ ਪਹਿਲਾਂ ਸ਼ਹਿਬਾਜ਼ ਸਿੰਘ ਨੇ ਆਪਣੇ ਦੋ ਮਿੱਤਰਾਂ ਗਰੀਬ ਦਾਸ ਤੇ ਅਮੀਰ ਮੁਹੰਮਦ ਤੋਂ ਆਪਣੇ ਲਏ ਗਏ ਫੈਸਲੇ ਦੇ ਕਾਗਜ਼ 'ਤੇ ਸਹਿਮਤੀ ਲਈ ਦਸਤਖ਼ਤ ਕਰਵਾਏ ਤੇ ਆਪਣੇ ਟੀਚੇ ਦੀ ਪੂਰਤੀ ਲਈ ਝੰਡਾ ਫੜ ਨਿੱਕਲ ਤੁਰਿਆ।

ਪਹਿਲਾਂ ਇੱਕ ਉਦਾਸ ਜਿਹੇ ਨੇਤਾ ਨੂੰ ਆਪਣੇ ਨਾਲ ਕੀਤਾ। ਫੇਰ ਇੱਕ ਇਮਾਨਦਾਰ ਪ੍ਰਸ਼ਾਸਨਿਕ ਅਧਿਕਾਰੀ ਤੇ ਪੁਲਿਸ ਅਫਸਰ ਨੂੰ ਵੀ ਆਪਣੇ ਮਿਸ਼ਨ 'ਚ ਸ਼ਾਮਿਲ ਕਰ ਲਿਆ। ਦੋਨੋਂ ਅਧਿਕਾਰੀ ਇੱਕ ਜੁਟ ਬੋਲੇ, 'ਅਸੀਂ ਇਸ ਸਿਸਟਮ ਨੇ ਬਹੁਤ ਤਪਾਏ, ਇਸੇ ਲਈ ਤੁਹਾਡੇ ਨਾਲ ਆਏ!'

ਸ਼ਹਿਬਾਜ਼ ਸਿੰਘ ਨੇ ਕੁਝ ਹੋਰ ਵੀ ਸਾਥੀ ਜੁਟਾਏ ਜੋ ਦੁਖੀ ਤੇ ਪ੍ਰੇਸ਼ਾਨ ਸਨ। ਕੁਝ ਨਿੱਕੇ-ਨਿੱਕੇ ਕਾਰੋਬਾਰੀ ਤੇ ਕੁਝ ਅਧੀਨ ਕਰਮਚਾਰੀ ਵੀ ਨਾਲ ਤੁਰ ਆਏ।

ਤਪੇ ਹੋਏ ਬੇਰੁਜ਼ਗਾਰ ਤਾਂ ਪਹਿਲਾਂ ਹੀ ਤਿਆਰ ਖੜ੍ਹੇ ਸਨ।

ਕੁਝ ਹੋਰ ਵੀ ਆਏ ਮਸਲਨ ਕਾਲਜ, ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਅਧਿਆਪਕ ਤੇ ਪ੍ਰੋਫੈਸਰ ਵੀ। ਕੁਝ ਵਿਭਿੰਨ ਪਾਰਟੀਆਂ ਦੇ ਉਦਾਸ ਚਿਹਰੇ ਵੀ। ਕੁਝ ਔਰਤਾਂ ਵੀ ਉੱਠ ਖੜ੍ਹੀਆਂ।

ਸਾਰਿਆਂ ਨੇ ਤਹਿ ਕੀਤੇ ਏਜੰਡੇ ਦੀ ਰੌਸ਼ਨੀ 'ਚ ਆਵਾਜ਼ ਬੁਲੰਦ ਕੀਤੀ, 'ਸਮਾਜਿਕ ਤੇ ਆਰਥਿਕ ਨਾ ਬਰਾਬਰੀ ਦਾ ਖ਼ਾਤਮਾ!'

ਕੁਝ ਚਿਹਰਿਆਂ ਨੇ ਹਵਾ 'ਚ ਬਾਹਵਾਂ ਲਹਿਰਾਈਆਂ, 'ਨਾ ਜਾਤ ਨਾ ਧਰਮ, ਕੇਵਲ ਮਨੁੱਖਤਾ।'

ਕਾਫ਼ਲਾ ਵੱਡਾ ਹੁੰਦਾ ਗਿਆ।

ਕਾਕਰੋਚਾਂ ਵਾਂਗ ਸੋਸ਼ਲ ਮੀਡੀਆ ਨੇ ਸਿਸਟਮ ਨੂੰ ਰਤਾ ਝਟਕਾ ਦਿੱਤਾ।

'ਕਾਕਰੋਚੀ ਚਿਹਰੇ' ਕਦਮ ਨਾਲ ਕਦਮ ਮਿਲਾ ਸੜਕਾਂ 'ਤੇ ਵੀ ਤੁਰਨ ਲੱਗੇ। ਰੀਂਗ-ਰੀਂਗ ਕੇ ਨਹੀਂ, ਤੇਜ਼ ਤੇਜ਼!

ਗੋਦੀ ਮੀਡੀਆ ਤੇ ਸਿਸਟਮ ਦੀ ਰਾਜਨੀਤੀ ਤਿਲਮਿਲਾਏ ਪਰ ਕਾਕਰੋਚ ਬਾਜ਼ ਨਾ ਆਏ!

ਹਾਸ਼ੀਏ 'ਤੇ ਖੜ੍ਹੇ ਕੁਝ ਚੈਨਲ ਵੀ
ਦੌੜੇ ਆਏ ਤੇ ਪ੍ਰੈਸ ਦੇ ਕੁਝ ਲੋਕ ਵੀ ਸਾਹਮਣੇ ਆਏ।

ਨੁੱਕੜਾਂ ਤੋਂ ਕੁਝ ਹੋਰ ਜਣੇ ਵੀ ਆਏ। ਕਵੀਆਂ ਨੇ ਲਿਖੀਆਂ ਕਵਿਤਾਵਾਂ ਤੇ ਗਾਇਕਾਂ ਨੇ ਗੀਤਕਾਰਾਂ ਦੇ ਗੀਤ ਗਾਏ। ਕੁਝ ਨੁੱਕੜ ਨਾਟਕ ਤੇ ਕੁਝ ਡਰਾਮੇ ਵੀ ਸਾਹਵੇਂ ਆਏ।

-ਯੁਗਾਂ ਯੁਗਾਂ ਦਾ ਚਲਨ ਪੁਰਾਣਾ, ਨਵਿਆਂ ਨੂੰ ਹੁਣ ਰਾਸ ਨਾ ਆਏ!

ਇਹ ਦੇਖਕੇ ਸੱਤਾਧਾਰੀ ਕੁਰਸੀਆਂ ਦੇ ਹੋਸ਼ ਉੱਡਣ ਲੱਗੇ। ਪਰ ਕੁਝ ਕੁਰਸੀਆਂ ਦੀ ਜ਼ਮੀਰ ਨੇ ਦਿੱਤੀ ਆਵਾਜ਼ ਤੇ ਉਹ ਕਾਫ਼ਲੇ ਨਾਲ ਸੜਕਾਂ 'ਤੇ ਆਏ।

ਏਨੇ 'ਚ ਹੀ ਦੇਖਦਿਆਂ ਦੇਖਦਿਆਂ ਇੱਕ ਕੌਤਕ ਵਰਤਿਆ। ਸ਼ਹਿਬਾਜ਼ ਸਿੰਘ ਦੇ ਸਿਰ 'ਤੇ ਸਿਸਟਮ ਨੇ ਵਾਰ ਕਰ ਦਿੱਤਾ। ਲਾਲ ਲਹੂ ਦੀਆਂ ਤਤੀਰੀਆਂ ਵਗਣ ਲੱਗੀਆਂ। ਉਸਦਾ ਸਫ਼ੇਦ ਕੁੜਤਾ ਲਹੂ ਨਾਲ ਰੰਗਿਆ ਗਿਆ। ਪਰ ਉਹ ਤੁਰਦਾ ਰਿਹਾ, ਉਸ ਸਿਦਕ ਨਾ ਹਾਰਿਆ।

ਜਦੋਂ ਉਨ੍ਹਾਂ ਦਾ ਕਾਫ਼ਲਾ 'ਸਿਸਟਮ ਦੀ ਰਾਜਧਾਨੀ' ਦੇ ਨੇੜੇ ਪੁੱਜਾ ਤਾਂ ਉਹ ਸਾਰੇ ਇਹ ਦੇਖਕੇ ਹੈਰਾਨ ਰਹਿ ਗਏ ਕਿ ਕਿੰਨੇ ਹੀ ਸੱਚਮੁੱਚ ਦੇ ਕਾਕਰੋਚ ਉਥੇ ਉੱਗ ਆਏ ਸਨ ਤੇ ਏਧਰ ਓਧਰ ਦੌੜ ਰਹੇ ਸਨ। ਕੁਝ ਮੂਧੇ ਮੂੰਹ, ਉੱਠਣ ਦੀ ਕੋਸ਼ਿਸ਼ 'ਚ ਵੀ ਲੱਗੇ ਸਨ।

ਪਰ ਸਭ ਤੋਂ ਵਧੇਰੇ ਹੈਰਾਨੀ ਵਾਲੀ ਗੱਲ ਇਹ ਕਿ ਕੁਦਰਤ ਵੱਲੋਂ ਬਖਸ਼ਿਸ਼ ਕੀਤੇ ਉਨ੍ਹਾਂ ਦੇ ਸਫ਼ੇਦ ਲਹੂ ਦਾ ਰੰਗ ਮਨੁੱਖਾਂ ਵਾਂਗ ਹੀ ਲਾਲ ਸੀ!

ਸ਼ਹਿਬਾਜ਼ ਸਿੰਘ ਦੇ ਸਿਰ ਦਾ ਲਹੂ ਹੁਣ ਹੌਲੀ ਹੌਲੀ ਸੁੱਕ ਰਿਹਾ ਸੀ।

ਉਸ ਆਪਣੇ ਕੁੜਤੇ ਦੀ ਜੇਬ 'ਚੋਂ ਪੈਨ ਕੱਢਦਿਆਂ ਐਲਾਨ ਕੀਤਾ,' ਹੁਣ ਉਹ ਕਵਿਤਾ ਵੀ ਲਿਖੇਗਾ ਤੇ ਕਹਾਣੀਆਂ ਵੀ ਤੇ ਹੋਰ ਵੀ ਬਹੁਤ ਕੁਝ!'

ਸਾਥੀਆਂ ਦੇ ਬੁਲੰਦ ਹੌਂਸਲਿਆਂ ਦੀ ਇਕੱਠਿਆਂ ਆਵਾਜ਼ ਆਈ,' ਜਦੋਂ ਤੱਕ ਸਾਡੀਆਂ ਰਗਾਂ 'ਚ ਲਹੂ ਦੌੜਦਾ ਰਹੇਗਾ, ਅਸੀਂ ਤੁਰਦੇ ਰਹਾਂਗੇ।'

(ਨਾਵਲ)

# ਖੋਰਾ, ਕ੍ਰਿਤ ਧਰਮਪਾਲ ਸਾਹਿਲ

**ਸੰਤ ਸਿੰਘ ਸੰਧੂ**
ਤਲਵੰਡੀ ਸਲੇਮ, ਜਲੰਧਰ
97794-79169

ਚਾਹੇ ਸੁਥਣ ਸੁਆ ਲਓ, ਚਾਹੇ ਲਹਿੰਗਾ, ਖੋਰਾ, ਨਾਵਲ ਦਾ ਆਕਾਰ ਕੋਈ ਦੋ ਸੌ ਸਫ਼ਿਆਂ ਦੇ ਕਰੀ ਹੈ। ਪਰ ਇਸ ਨਾਵਲ ਦਾ ਪਾਸਾਰ ਸਮੁੱਚੇ ਕੰਢੀ ਖੇਤਰ ਦਾ ਨਸੀਬ ਹੈ। ਕੰਢੀ ਦੀ ਵਿਰਾਸਤ, ਕੰਢੀ ਦਾ ਭੂਗੋਲ, ਵਾਤਾਵਰਣ, ਪ੍ਰਕ੍ਰਿਤੀ, ਜੰਗਲ, ਨਦੀਆਂ, ਪਹਾੜ ਚੋਅ, ਖੱਡਾਂ ਘਾਟੀਆਂ, ਬਾਗ ਤੇ ਵਾਦੀਆਂ, ਗਮੀਆਂ ਤੇ ਸ਼ਾਦੀਆਂ, ਕੋਈ ਵੀ ਪੱਖ ਨਾਵਲਕਾਰ ਦੀ ਮਿਕਨਾਤੀਸੀ ਰਚਨਾਤਮਿਕ ਸੂਝ ਤੋਂ ਛੁਪਿਆ ਨਹੀਂ ਰਿਹਾ - ਸਾਹਿਤ ਕੋਲ ਨਿਰਾ ਗਿਆਨ ਵਿਗਿਆਨ ਤੇ ਮਾਪਦੰਡ ਹੀ ਨਹੀਂ ਸਗੋਂ ਡੂੰਘੀ ਵਿਰਾਸਤੀ ਅਨੁਭਵ ਦਾ ਤੀਸਰਾ ਤਿਲ ਵੀ ਹੈ। ਦਾਈ ਪੂਰਨਾ ਦੀਆਂ ਜਾਦੂਗਰ ਉਂਗਲਾਂ ਵੀ ਉਸਦੇ ਤੀਖਣ ਅਨੁਭਵ ਤੋਂ ਓਝਲ ਨਹੀਂ ਹੋ ਸਕਦੀਆਂ।

- ਖੋਰਾ ਦੀ ਕਹਾਣੀ ਮਿੱਠੀ ਪਹਾੜੀ ਮੱਕੀ ਹੈ, ਖੋਰਾ ਦਾ ਹੁਨਾਸ ਬਾਲੋ ਦੀ ਬਿਰਜੂ ਨੂੰ ਪਾਈ ਜੱਫੀ ਹੈ। ਖੋਰਾ ਦਾ ਵਰਿਸ਼ਠ ਪਾਤਰ ਨਰੋਤਮ ਮਾਤ ਭੂਮੀ ਦਾ ਕਰਮਸ਼ੀਲ ਦੁੱਲਾ ਹੈ। ਬਿਰਜੂ ਪੁੜੀਆਂ ਵਾਲੇ ਮਾਸਟਰ ਅਮਰ ਸਿੰਘ ਦੀ ਉਸਤਾਦੀ ਦੇ ਹੁਨਰ ਨਾਲ ਚੰਡਿਆ ਹੋਇਆ ਇਕ ਸੁਲਝਿਆ ਹੋਇਆ ਨੌਜੁਆਨ ਹੈ। ਖੋਰਾ ਦੀ ਕਹਾਣੀ ਤੁੰਗ, ਨੇਕਨਾਵਾਂ ਤੇ ਬਤਲਾ ਜਨਜੀਵਨ 'ਚੋਂ ਉਗਮਦੀ ਹੋਈ ਪੂਰੇ ਕੰਢੀ ਖੇਤਰ ਦੀ ਪ੍ਰਤੀਨਿਧਤਾ ਕਰਨ ਦੇ ਸਮਰੱਥ ਹੋ ਜਾਂਦੀ, ਖੋਰਾ ਦੇ ਦਰਦ ਨੂੰ ਜਨ ਮਾਨਸ ਤੇ ਘਰ-ਘਰ ਪਹੁੰਚਾਉਣ ਲਈ ਬਚੀ ਹੋਈ ਵਿਰਾਸਤ ਨੂੰ ਬਚਾਈ ਰੱਖਣ ਲਈ ਇਸ ਨੂੰ ਨਾਟਕੀ ਰੂਪ ਵਿਚ ਢਾਲਿਆ ਜਾ ਸਕਦਾ ਜਾਂ ਫਿਲਮ ਦੇ ਪਰਦੇ ਉਪਰ ਉਤਾਰਿਆ ਜਾ ਸਕਦਾ। ਖੋਰਾ ਵਿਸ਼ਵ ਪੱਧਰ ਦੀ ਰਚਨਾ ਮੇਰਾ ਦਾਗਿਸਤਾਨ ਨਾਲ ਬਰਾਬਰ ਦੀ ਟੱਕਰ ਲੈਂਦੀ ਹੈ।

ਸਾਹਿਲ ਦੀ ਤਪੱਸਿਆ ਨੂੰ, ਕੰਢੀ ਨਾਲ ਜੋ ਵਿਕਾਸ ਦੇ ਦੈਂਤ ਨੇ ਬਲਾਤਕਾਰ ਕੀਤਾ, ਉਸ ਦੇ ਹੇਰਵੇ ਨੂੰ 'ਖੋਰਾ' ਯਥਾਰਥ ਦਾ ਜਾਮ ਪਹਿਨਾਉਣ ਵਿਚ ਸਫਲ ਹੋ ਗਿਆ ਹੈ। ਧਰਮਪਾਲ, 'ਨਿਹੁੰ ਵਾਲੇ ਨੈਣਾਂ ਦੀ ਨੀਂਦਰ' ਵਰਗਾ ਵਿਰਾਸਤ ਦੀ ਲੈਲਾ ਦਾ ਬਾਰਾਂ ਵਰ੍ਹੇ ਖੂਹ ਗੇੜਨ ਵਾਲਾ ਮਜਨੂੰ ਹੈ। ਸਾਹਿਲ, ਸਿਰਜਣਾ ਦਾ ਪਹਾੜੀ ਝਰਨਾ ਹੈ। ਚਰੀ ਕੋਲ, ਗੱਡਿਆ ਖੇਤਾਂ ਲਾਗੇ ਡਰਨਾ ਹੈ? ਅਸਤ ਵਿਅੱਸਤ ਬਿਖੇਰ ਗਏ ਸੱਭਿਆਚਾਰ ਦਾ ਉਦਾਸ ਪ੍ਰਛਾਵਾਂ ਹੈ। ਜਿਥੇ ਹੁਸੀਨ ਵਾਦੀਆਂ ਵਿਚ ਕਦੇ ਮੋਰ ਕੂਕਦੇ ਸੀ ਉੱਥੇ ਉਜਾੜਾਂ ਵਿਚ ਹੁਣ ਉਲੂਆਂ ਦਾ ਵਾਸਾ ਹੈ। ਉੱਚੇ ਟਿੱਬੇ ਵਾਲਿਆਂ ਦਾ ਉਜੜਿਆਂ ਮੁਹੱਲਾ ਵੇਖਦਿਆਂ ਖੋਰਾਂ ਦਾ ਮੁਖ ਪਾਤਰ ਸੋਚਾਂ ਦੇ ਘੇਰੇ ਵਿਚ ਘਿਰ ਜਾਂਦਾ ਹੈ। ਨਾ ਕੋਈ ਭੁਚਾਲ ਆਇਆ, ਨਾ ਕੋਈ ਪਹਾੜ ਖਿਸਕਿਆ, ਨਾ ਕੋਈ ਬੱਦਲ ਫਟਿਆ, ਨਾ ਗਰਕ ਜ਼ਮੀਨ ਹੋਈ, ਨਾ ਹੜ੍ਹ ਦੀ ਮਾਰ ਪਈ, ਨਾ ਮਹਾਂਮਾਰੀ ਫੈਲੀ ਤੇ ਵਸਦਾ ਰਸਦਾ ਉੱਚਾ ਟਿੱਬਾ ਬੇਚਿਰਾਗ ਹੋ ਗਿਆ। ਉਜੜ ਗਿਆ ਦਾ ਇਕ ਬਿਆਨ ਤਾਂ ਸੁਣੋਂ, 'ਅਸਾਂ ਜੋ ਤਾਂ ਹੋਵਏ ਡੰਗਰ ਚਾਰਨ ਵਾਲੇ , ਦਿਹਾੜੀ ਟੱਪਾ ਕਰਨ ਵਾਲੇ, ਭਾਈ ਜਿਥੇ ਕੋਈ ਰੁਜ਼ਗਾਰ ਨਹੀਂ ਹੋਣਾ ਨਾ। ਭਾਈ ਚਗਲਾਣ ਨੂੰ ਤਰੱਕੀ ਹੋਈ ਪਿੰਡਾਂ ਦੀ ਪਰ ਲੁਟੀ ਪੁੱਟੀ ਕੇ ਲਈ ਗੇ ਉਹ ਸਾੜੇ ਪਿੰਡਾਂ" ਖੋਰਾ ਦਾ ਲੋਰਾ ਸੋਨੇ ਦੀ ਚਿੜੀ ਦੇ ਖੰਭ ਨੋਚਣ ਦਾ ਵਿਰਲਾਪ ਹੈ।

ਬੀਜੀ ਕਣਕ ਤੇ ਉਗ ਕਰੁੰਡ ਪੈਂਦਾ - ਨਰੋਤਮ ਦੀ ਘਰ ਵਾਲੀ ਰਾਮ ਪਿਆਰੀ ਪੈਰੋ ਭਾਰੀ ਹੋਈ ਤਾਂ ਖੁਸ਼ੀ ਨਸੀਬ ਨਾ ਹੋਈ ਸਗੋਂ ਰਾਮ ਪਿਆਰੀ ਹੀ ਰੱਬ ਨੂੰ ਪਿਆਰੀ ਹੋ ਗਈ। ਬਿਦੋ ਦੀ ਗੰਗਾ (ਗਊ) ਵੀ ਗੱਭਣ ਹੋਈ ਜੋ ਖੱਡ ਵਿਚ ਡਿੱਗੀ ਮਰੀ ਹੋਈ ਮਿਲੀ। ਨਰੋਤਮ ਦੀ ਪਿੰਡ ਤੋਂ ਗੈਰ ਹਾਜ਼ਰੀ ਦੌਰਾਨ ਉਸਦਾ ਨਜ਼ਦੀਕੀ ਮੰਗੇਸ਼ਾਹ ਅਧਿਕਾਰੀਆਂ ਨਾਲ ਨੌਂ ਤੇਆਂ ਬਾਈ ਕਰਕੇ ਨਰੋਤਮ ਦੇ ਹੱਕ ਦਾ ਮੁਆਵਜ਼ਾ ਵੀ ਹਥਿਆ ਲੈਂਦਾ ਹੈ। ਪਰ ਨਰੋਤਮ ਕਚਹਿਰੀ ਦੇ ਰਾਹੀਂ ਆਪਣਾ ਖੋਹਿਆ ਹੱਕ ਹਾਸਲ ਕਰਨ ਵਿਚ ਸਫਲ ਹੋ ਜਾਂਦਾ ਹੈ। ਉਸ ਦੀ ਗੈਰਤ ਕੰਢੀ ਖੇਤਰ ਵਿਚ ਮਿਸਾਲ ਬਣ ਜਾਂਦੀ ਹੈ।

ਵਾਟਾਂ ਔਖੀਆਂ, ਪੈਂਡੇ ਪਹਾੜ ਦੇ, ਜੋ ਮੁੱਕਣ ਵਿਚ ਨਾ ਆਉਂਦੇ,

ਤੁੰਗ ਨੇਕਨਾਵਾਂ ਤੇ ਬਾਡਲਾ, ਬਿਰਜੂ ਦਾ ਨਾਨਕਾ ਪਿੰਡ, ਇਹਨਾਂ ਪਿੰਡਾਂ ਦਾ ਸ਼ਾਹਰਗ ਕਮਾਹੀ ਦੇਵੀ ਦਾ ਤਿੰਨ ਕੋਹ ਦਾ ਪਥਰੀਲਾ ਤੇ ਖਤਰੀਲਾ ਸਫ਼ਰ। ਅੱਗੇ ਬੱਸ ਦਾ ਸਫ਼ਰ, ਤਲਵਾੜੇ, ਹਾਜੀਪੁਰ ਜਾਂ ਦਸੂਹਾ ਤੇ ਮੁਕੇਰੀਆਂ - ਪਹਾੜੀ ਲੋਕਾਂ ਦੀ ਅਉਧ ਬਾਲਣ, ਚਾਰਾ ਲਿਆਉਂਦਿਆਂ - ਖੇਤਾਂ ਵਿੱਚ ਖੇਤੀ

ਕਰਦਿਆਂ ਤੇ ਪਹਾੜੀ ਖੇਤਰ ਦੇ ਹਰ ਪ੍ਰਕਾਰ ਦੇ ਜੋਖ਼ਮ ਜ਼ਰਦਿਆਂ, ਜ਼ਿੰਦਗੀ ਦੀ ਬਾਜੀ ਜਿੱਤ ਕੇ ਵੀ ਹਰਦਿਆਂ ਗੁਜਰ ਜਾਂਦੀ ਹੈ। ਕਹਿੰਦੇ ਨੇ ਪੰਜਾਬ ਦੇ ਜੱਟਾਂ ਦਾ ਡਾਂਗ ਤੇ ਡੇਰਾ ਹੈ, ਤਾਂ ਇਹ ਕੰਢੀ ਖੇਤਰ ਦੀ ਵਸੋਂ ਦਾ ਇਹਨਾਂ ਦੇ ਸਿੰਗਾਂ ਉਪਰ ਬਸੇਰਾ ਹੈ। ਕੰਢੀ ਜੋ ਮੈਦਾਨਾਂ ਨੂੰ ਪਾਣੀ ਦੇ ਝਰਨੇ, ਜੰਗਲਾਂ ਦੀਆਂ ਨਿਆਮਤਾਂ, ਬਰਫਾਂ ਤੇ ਤੋਹਫੇ ਠੰਡੀਆਂ ਹਵਾਵਾਂ ਦੇ ਝੋਕੇ, ਜੜੀਆਂ, ਬੂਟੀਆਂ ਦੀਆਂ ਸੌਗਾਤਾਂ ਮੁਹਾਈਆ ਕਰਵਾਉਂਦਾ ਹੈ ਆਪ ਤੰਗੀਆਂ ਤੁਰਸ਼ੀਆਂ ਦੇ ਹਨੇਰੇ ਹੰਡਾਉਂਦਾ ਹੈ।

ਤੇਰੀ ਆਈ ਮੈਂ ਮਰ ਜਾਂ,

ਖੋਰਾ ਦੀ ਕਹਾਣੀ ਦਾ ਰੁਮਾਸ, ਸਾਡੀਆਂ ਪ੍ਰੀਤ ਕਹਾਣੀਆਂ ਦੇ ਨਾਇਕ ਨਾਇਕਾਵਾਂ ਦੇ ਹਾਣ ਦਾ ਹੋ ਗਿਆ ਹੈ। ਮੌਨ ਮੁਹੱਬਤ ਹੈ, ਚੁੰਬਕੀ ਕਸ਼ਿਸ਼ ਦਾ ਰਿਸ਼ਤਾ ਹੈ ਰੂਹਾਂ ਦਾ ਸਮਰੱਪਣ ਹੈ। ਬਾਲੋ ਦੀ ਜਦੋਂ ਇਕ ਬਾਂਹ ਕੱਟਣੀ ਪੈਂਦੀ ਹੈ ਤਾਂ ਹੈਰਾਨ ਪ੍ਰੇਸ਼ਾਨ ਹੋਏ ਬਿਰਜੂ ਨੂੰ ਬਾਲੋ ਦਾ ਉਤਰ ਵੇਖੋ, 'ਮੇਰੀ ਦੂਜੀ ਬਾਂਹ ਬਿਰਜੂ ਜੋ ਮੇਰੇ ਕੋਲ ਹੈ"

– ਜਿੰਦ ਧਾਹ ਦੇ ਮੰਜੇ ਤੇ ਨਿਕਲੇ – ਇਸ ਅਗੰਮੀ ਪਿਆਰ ਦਾ ਸਿਧਰ ਬੀਮਾਰ ਬਾਲੋ ਨਾਲ ਬਿਰਜੂ ਦੀ ਅਕਸਮਾਤ ਲਿਪਟੀ ਹੋਈ ਸੁਰਗਾਂ ਨੂੰ ਪਹੁੰਚ ਜਾਂਦੀ ਹੈ। ਪਾਕ ਮੁਹੱਬਤ ਦਾ ਬਾਅਦਬ ਨੇਪਰੇ ਚੜ੍ਹ ਜਾਣਾ, ਖੋਰਾ ਦੀ ਇਕ ਹੋਰ ਦਿਲਕਸ਼ ਪ੍ਰਾਪਤੀ ਹੈ।

– ਮਾਂ ਧਰਤੀ ਦਾ ਸਰਵਣ ਪੁੱਤਰ ਨਰੋਤਮ – ਨਰੋਤਮ ਨੂੰ ਕਦੇ ਵੀ ਨਿਤਨੇਮ ਨਾਲ ਪੂਜਾ ਪਾਠ ਕਰਦਿਆਂ ਨਹੀਂ ਸੀ ਵੇਖਿਆ। ਉਹ ਸਵੇਰ ਸਾਰ ਉਠਦਿਆਂ ਧਰਤੀ ਮਾਂ ਨੂੰ ਮੱਥਾ ਟੇਕਦਾ। ਸਰਬੱਜ ਲੋਕਾਈ ਦੀ ਖੈਰ ਮੰਗਦਾ। ਖੇਤਾਂ ਵਿਚ ਸਾਰਾ ਦਿਲ ਮਿੱਟੀ ਨਾਲ ਮਿੱਟੀ ਹੋਇਆ ਥਕਿਆ ਹਾਰਿਆ ਨਰੋਤਮ ਜਿਵੇਂ : ਮਹਾਂਭਾਰਤ ਦਾ ਅਰਜਨ ਬਣ ਜਾਂਦਾ। ਮਿੱਟੀ ਦਾ ਮੋਹ ਨਰੋਤਮ ਲਈ ਪਿਤਾ ਪੁਰਸ਼ੀ ਵਿਰਾਸਤੀ ਊਰਜਾ ਦਾ ਅਮੁਕ ਭੰਡਾਰ ਸੀ। ਪਹਾੜੀ ਚਸ਼ਮੇ ਦੀ ਨਿਰਮਲ ਧਾਰ ਸੀ।

ਖੋਰਾ ਦਾ ਪਾਠ ਕਰਦਿਆਂ ਮੇਰੇ ਖਿਆਲਾਂ ਵਿਚ ਗਿਆਨੀ ਗੁਰਦਿੱਤ ਸਿੰਘ ਦਾ 'ਮੇਰਾ ਪਿੰਡ' ਅਤੇ ਜਗਤ ਪ੍ਰਸਿੱਧ 'ਮੇਰਾ ਦਾਗਿਸਤਾਨ' ਛਾਇਆ ਰਿਹਾ – ਕੰਢੀ ਖੇਤਰ ਘਾਟੀਆਂ, ਵਣ ਤ੍ਰਿਣ, ਜਾਨਵਰ ਪਸ਼ੂ ਪੰਛੀ–ਇਕ ਸੰਪੂਰਨ ਸ਼ਬਦ ਕੋਸ਼ ਹੈ – ਅਟੱਲ ਸੱਚਾਈਆਂ ਨਾਲ ਲੈਸ, ਜ਼ਮੀਨ ਬਾਰੇ, ਨਰੋਮਤ ਦਾ ਅਲਾਇਆ ਆਪਣੇ ਮੁਖੋਂ ਆਖਾਣ ਵੇਖੋ, ਜ਼ੋਰੋ ਜੋਰੇ ਦੀ, ਨਹੀਂ ਤਾਂ ਫਿਰ ਹੋਰੇ ਦੀ- ਧਰਮਪਾਲ ਸਾਹਿਲ ਦੀ ਮਹਾਨ ਸਿਰਜਣਾਂ, ਕਾਰਪੋਰੇਟ ਦੈਂਤ ਤੋਂ ਮਧੋਲੀ ਹੋਈ ਬੰਦੀ ਕੰਢੀ ਦੀ ਵਿਰਾਸਤ ਨੂੰ ਨੌ ਬਰ ਨੌ ਕਰਨ ਲਈ ਬਚੇ ਹੋਏ ਨੂੰ ਬਚਾਈ ਰੱਖਣ ਲਈ ਆਓ ਪੰਜਾਬੀ ਪਾਠਕੋ ਖੋਰਾ ਦਾ ਪਾਠ ਕਰੀਏ, ਬਾਲੋ ਬਿਰਜੂ ਦੀ ਮਿੱਠੀ ਮੱਕੀ ਵਰਗੀ ਮੁਹੱਬਤ ਅਤੇ ਨਰੋਤਮ ਦੀ ਨਾਬਰੀ ਨੂੰ ਕਾਇਮ ਰੱਖਣ ਲਈ ਆਪਣਾ ਹਿੱਸਾ ਵੀ ਪਾਈਏ – ਕੁਦਰਤ ਦੀ ਹੁਸਨਬਾਨੋ ਨਾਲ ਵਿਕਾਸ ਦੈਂਤ ਦੇ ਬਲਾਤਕਾਰੀ ਵਿਹਾਰ ਨੂੰ ਵਾਰਿਸ ਸ਼ਾਹ ਦੁਆਰਾ ਵੀ ਸ਼ਾਇਦ ਭਵਿੱਖਬਾਣੀ ਕੀਤੀ ਗਈ ਸੀ।

'ਕੁਕੜ ਕੁਤੀਆਂ ਭੰਗ ਅਫੀਮ ਲੁਟੀ,
ਮੇਰੀ ਛਾਉਣੀ ਢਾਹ ਉਜਾੜੀਆਂ ਈ।




ਗੁਰਦੁਆਰਾ ਛੇਵੀਂ ਪਾਤਸ਼ਾਹੀ
ਬਸਤੀ ਸ਼ੇਖ, ਜਲੰਧਰ ਵਿਖੇ
ਸ. ਸੁਰਿੰਦਰ ਸਿੰਘ ਸੁੰਨੜ,
(ਮੁੱਖ ਸੰਪਾਦਕ ਆਪਣੀ ਆਵਾਜ਼)
ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ
ਸਨਮਾਨਿਤ ਕਰਦਿਆਂ
ਸ. ਬੇਅੰਤ ਸਿੰਘ ਸਰਹੱਦੀ ਤੇ ਹੋਰ ਸੇਵਾਦਾਰ

# .ਗ਼ਜ਼ਲ



**ਮੁਖਤਿਆਰ ਸਿੰਘ ਸ਼ਿਵਾਨ**
ਜਲੰਧਰ, ਪੰਜਾਬ।

ਤੈਨੂੰ ਮਿਲਣ ਨੂੰ ਜੀ ਕਰਦਾ।
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ,
ਹੁਣ ਤੱਕ ਦਿਲ ਤੇ ਜੋ ਫ਼ਟ ਖਾਧੇ,
ਉਹਨਾਂ ਨੂੰ ਸਿਲਣ ਨੂੰ ਜੀ ਕਰਦਾ,
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ।

ਦਿਨ ਰਾਤ ਵਿੱਚ ਧੁੱਪ ਤੇ ਛਾਂ ਲਿਖਿਆ,
ਅਸਾਂ ਦਿਲ ਤੇ ਤੇਰਾ ਨਾਂ ਲਿਖਿਆ,
ਅਸਾਂ ਆਪਣੇ ਵਲੋਂ ਹਾਂ ਲਿਖਿਆ,
ਤੇਰੀ ਹਾਂ ਸੁਣਨ ਨੂੰ ਜੀ ਕਰਦਾ,
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ।

ਸਾਨੂੰ ਲੋਕਾਂ ਦੀ ਪਰਵਾਹ ਕੋਈ ਨਹੀਂ
ਬਿਨ ਤੇਰੇ ਸਾਡਾ ਰਾਹ ਕੋਈ ਨਹੀਂ,
ਤੈਨੂੰ ਵੇਖ ਕੇ ਧੜਕਨ ਵਧ ਜਾਂਦੀ,
ਬਿਨ ਵੇਖੇ ਆਉਂਦਾ ਸਾਹ ਕੋਈ ਨਹੀਂ
ਹੁਣ ਤੂੰਹੀਉਂ ਦੱਸ ਮੈਂ ਕੀ ਕਰਦਾ,
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ।

ਮੇਰੀ ਇੱਕੋ ਇੱਕ ਤੂੰ ਹਾਨਣ ਏਂ,
ਮੇਰੇ ਸੁੰਨੇ ਦਿਲ ਦਾ ਚਾਨਣ ਏਂ,
ਤੇਰੇ ਬਾਝੋਂ ਜੀਣਾ ਬੇਮਤਲਬ,
ਤੇਰਾ ਦਿਲ ਮੰਗਣ ਨੂੰ ਜੀ ਕਰਦਾ,
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ।

ਹੁਣ ਤੱਕ ਦਿਲ ਤੇ ਜੋ ਫ਼ਟ ਖਾਧੇ,
ਉਹਨਾਂ ਨੂੰ ਸਿਲਣ ਨੂੰ ਜੀ ਕਰਦਾ,
ਮੇਰਾ ਤੈਨੂੰ ਮਿਲਣ ਨੂੰ ਜੀ ਕਰਦਾ।।

# ਮਿੱਟੀ ਦੇ ਮੱਨੁਖ

ਅਸੀਂ ਲੋਕਾ ਵੇ ਇੱਟ ਨੀਂਹ ਦੀ, ਪਰ ਕਿਹੜਾ ਜਾਣੇ।
ਜਦ ਸਾਡੀਆਂ ਖਾਲੀ ਕੋਠੀਆਂ, ਫਿਰ ਕਿੰਜ ਸਿਆਣੇ।
ਅਸੀਂ ਜਦ ਦੇ ਜੰਮੇ ਦੋਸਤੋ, ਹਾਂ ਬੋਦੀਓਂ ਲੰਮੇ।
ਸਾਡੀ ਰੱਤ ਚੂਸ ਕੇ ਵਿਹਲੜਾਂ, ਫਿਰ ਕਿਹਾ ਨਿਕੰਮੇ।
ਸਾਥੋਂ ਕਿਰਤ ਕਰਾ ਕੇ ਧੂਰਤਾਂ, ਨਾਂ ਚੰਗਾ ਪਾਇਆ।
ਕੰਮ ਕਰ ਕਰ ਕੰਮੀ ਹੋ, ਗਏ ਕਮੀਣ ਕਹਾਇਆ।
ਸਾਨੂੰ ਪੱਤੀ ਦਿੱਤੀ ਵੱਖਰੀ ਨਾ ਸਮਝਿਆ ਬੰਦੇ।
ਸਾਨੂੰ ਮਿੱਟੀ ਵਿੱਚ ਮਿਲਾ ਕੇ, ਫਿਰ ਆਖਿਆ ਗੰਦੇ।
ਅੰਨ ਉਪਜਿਆ ਹੱਥੋਂ ਸਾਡਿਓਂ, ਮੂੰਹ ਆਪਣੇ ਪਾਇਆ।
ਪਰ ਤਨ ਗਿਆ ਸੀ ਭਿੱਟਿਆ, ਜਦ ਹੱਥ ਛੁਹਾਇਆ।
ਸਾਨੂੰ ਇੰਜ ਸਖਾਈਆਂ ਧਰਮੀਆਂ, ਕਰਮਾਂ ਦੀਆਂ ਖੇਡਾਂ।
ਸਾਡੀ ਉੱਨ ਉਤਾਰੀ ਸਮਝ ਕੇ, ਉਸ ਭੌਂਦੂ ਭੇਡਾਂ।
ਰਹੇ ਸਮਝ ਖਿਡੌਣੇ ਖੇਡਦੇ, ਸੰਗ ਬੇਬਸ ਨਾਰਾਂ।
ਪਰ ਹੱਥੋਂ ਬੁਰਕੀ ਖਾਣ ਲਈ, ਸੌ ਕਰਨ ਵਿਚਾਰਾਂ।
ਜਦ ਦਿੱਤਾ ਕੁੱਤੇ ਵਾਂਗਰਾਂ ਕੁਝ ਟੁੱਕੜ ਪਾਏ।
ਫਿਰ ਉਸ ਲਈ ਅਹਿਸਾਨ ਵੀ, ਸਨ ਲੱਖ ਜਤਾਏ।
ਅੰਨ ਸਾਡਾ ਉਪਜਿਆ ਲੈ ਉਹ, ਹੋਏ ਅੰਨ ਦਾਤੇ।
ਫਿਰ ਵਾਪਸ ਦੇਵਣ ਲੱਗਿਆਂ, ਉਸ ਮੰਗਤੇ ਜਾਤੇ।
ਅਸੀਂ ਦੁੱਧ ਪਿਆਇਆ ਵਿਹਲੜਾਂ, ਚਾਹ ਪੀ ਕੇ ਮਾਰੂ।
ਸਾਡੇ ਉੱਗਣ ਦਿੱਤੇ ਖੰਭ ਨਾ, ਮਤ ਹੋਣ ਉਡਾਰੂ।
ਜਦ ਮੰਗਣ ਲੱਗੇ ਹੱਕ ਤਾਂ, ਫਿਰ ਗਿਆ ਦਬਾਇਆ।
ਪਾ ਚੋਗਾ ਚੰਦਰੇ ਨਸ਼ੇ ਦਾ, ਬੇਕਾਰ ਬਣਾਇਆ।
ਅਸੀਂ ਮੰਗਿਆ ਜਾਂ ਰੁਜ਼ਗਾਰ ਸੀ, ਤਾਂ ਪੈ ਗਿਆ ਘਾਟਾ।
ਉਹ ਦਾਨੀ ਹੋ ਗਏ ਪਾ ਕੇ, ਮੁੱਠੀ ਭਰ ਆਟਾ।
ਮੁੜ ਆਣ ਵਖਾਏ ਸਬਜ਼ ਬਾਗ, ਤੇ ਵੋਟਾਂ ਲੈ ਗਏ।
ਅਸੀਂ ਖੁਸ਼ੀ ਹਿਰਸ ਦੀ ਲੈ ਕੇ, ਸੁਪਨੇ ਵਿੱਚ ਵਹਿ ਗਏ।
ਅਸੀਂ ਰੱਬ ਦੀ ਕਰਨੀ ਸਮਝ ਕੇ, ਫਿਰ ਮਨ ਸਮਝਾਇਆ।
ਮੁੜ ਹਿੰਮਤ ਕਰ ਕੇ ਬਾਜਵਾ, ਤਨ ਆਹਰੇ ਲਾਇਆ।

**-ਲਖਵਿੰਦਰ ਸਿੰਘ ਬਾਜਵਾ**
9416734506, 9729608492

# ਮਨੁੱਖੀ ਜੀਵਨ ਨੂੰ ਖ਼ੂਬਸੂਰਤ ਬਣਾਉਣ ਦੀ ਦਿਸ਼ਾ ਵਿੱਚ ਗਤੀਸ਼ੀਲ ਕਾਵਿ-ਸੰਗ੍ਰਹਿ 'ਇੱਕ ਮੁੱਠੀ ਬੀਜ...'

ਨਵਤੇਜ ਗੜ੍ਹਦੀਵਾਲਾ
(9463776985)

ਸ਼ਬਦ-ਕਰਾਮਾਤ ਦੀ ਸ਼ਕਤੀ ਮਨੁੱਖ ਨੂੰ ਰੱਬ ਵੱਲੋਂ ਉੱਤਮ ਤੋਹਫ਼ੇ ਦੇ ਰੂਪ ਵਿੱਚ ਮਿਲੀ ਹੋਈ ਹੁੰਦੀ ਹੈ। ਇਸ ਕਰਾਮਾਤ ਦੀ ਵਰਤੋਂ ਦੀ ਦਸ਼ਾ-ਦਿਸ਼ਾ, ਉਸ ਦੀ ਆਪਣੀ ਸੂਝ-ਬੂਝ, ਅਨੁਭਵ ਅਤੇ ਵਿਚਾਰਧਾਰਾ 'ਤੇ ਨਿਰਭਰ ਕਰਦੀ ਹੈ। ਕਿਸੇ ਵੀ ਸਾਹਿਤ- ਰੂਪ ਦੇ ਸ਼ਬਦ ਜਾਂ ਤਖ਼ਤ ਦੇ ਛਤਰ ਦੀ ਛਾਵੇਂ-ਛਾਵੇਂ ਉਡਾਰੀ ਮਾਰਦਿਆਂ ਉਸ ਦੀ 'ਹਾਂ' ਵਿੱਚ 'ਹਾਂ' ਮਿਲਾਉਂਦੇ ਦਿਖਾਈ ਦਿੰਦੇ ਨੇ ਜਾਂ ਉਹ ਹਕੂਮਤੀ ਜਬਰ ਨੂੰ ਘੂਰਦੇ ਹੋਏ ਪੀੜਤ ਰਈਅਤ ਦੀ ਬਾਂਹ ਫੜਦੇ ਹਨ। ਸ਼ੁੱਧ ਪੰਜਾਬੀ ਕਵਿਤਾ ਦਾ ਸੁਭਾਅ ਗ਼ਰੀਬ ਨਿਵਾਜ਼ ਅਤੇ ਸੱਤਾ ਦੇ ਹਰ ਤਖ਼ਤ ਨਾਲ ਆਢਾ ਲੈਣ ਵਾਲਾ ਹੈ। ਅਜਿਹੀ ਕਵਿਤਾ ਹੀ ਕੁਰੂਪਤਾ ਨੂੰ ਦੂਰ ਕਰ ਕੇ ਜੀਵਨ ਦਾ ਖ਼ੂਬਸੂਰਤ ਰੰਗ ਪੇਸ਼ ਕਰਦੀ। ਇਸ ਉਦੇਸ਼-ਪੂਰਤੀ ਲਈ ਕਵਿ-ਸ਼ਬਦ ਸਮਕਾਲੀ ਅਨਿਆਂਪੂਰਨ ਸ਼ਕਤੀ ਨਾਲ ਟਕਰਾਉਂਦੇ ਹੋਏ ਮਨੁੱਖ ਨੂੰ ਸਦਗੁਣੀ ਬਣਾ ਕੇ ਸੁੰਦਰ ਸਮਾਜਿਕ ਦ੍ਰਿਸ਼ ਸਿਰਜਦੇ ਹਨ। ਜਗਦੀਸ਼ ਰਾਣਾ ਦੁਆਰਾ ਸੁਵਿੰਦਰ ਸੰਧੂ ਦੀ ਚੋਣਵੀਂ ਰਚਨਾ ਦਾ ਸੰਪਾਦਿਤ ਕਾਵਿ-ਸੰਗ੍ਰਹਿ 'ਇੱਕ ਮੁੱਠੀ ਬੀਜ...' ਇਸੇ ਦਿਸ਼ਾ ਵਿੱਚ ਗਤੀਸ਼ੀਲ ਦਿਖਾਈ ਦਿੰਦਾ ਹੈ।

ਕਵੀ ਦਾ ਉਦੇਸ਼ ਕਵਿਤਾ ਵਿੱਚ ਰਮਿਆ ਹੋਇਆ ਹੁੰਦਾ ਹੈ ਉਦੇਸ਼ ਬਿਨਾ ਸਿਰਜਣਾ ਨਹੀਂ, ਭਟਕਣਾ ਹੁੰਦੀ ਹੈ ।ਕਵੀ ਕਈ ਵਾਰ ਆਪਣੇ ਉਦੇਸ਼ ਨੂੰ ਸ਼ਾਬਦਿਕ ਜਾਮਾ ਪਹਿਨਾ ਕੇ ਪੇਸ਼ ਕਰਦਿਆਂ ਕਵਿਤਾ ਦੀ ਸਿਰਜਣਾ ਕਰਦਾ ਹੈ। ਸੁਵਿੰਦਰ ਸੰਧੂ ਆਪਣੀ ਸਿਰਜਣਾ ਦਾ ਉਦੇਸ਼ 'ਇੱਕ ਮੁੱਠੀ ਬੀਜ ਬਾਰੇ ਕੁਝ ਮੇਰੇ ਵੱਲੋਂ, ਲੇਖ ਦੇ ਅੰਤ ਵਿੱਚ ਇਉਂ ਦਰਜ ਕਰਦੀ ਹੈ -

ਚਾਨਣੇ ਬੀਜ ਸਾਂਭ ਕੇ ਰੱਖੇ
ਸੁਰਤ ਬੀਜਣ ਲਈ
ਵਕਤ ਦੀ ਜ਼ਮੀਰ ਕੁੱਖੋਂ
ਸੂਰਜ ਜੰਮਣ ਕਈ
ਮਾਵਾਂ ਦੀ ਗੋਦ ਚ
ਖੇਡਣ ਤਾਰੇ
ਮੁਨਾਰੇ ਬਣਨ ਲਈ
ਪੰਜ-ਆਬ ਵਾਲੀ ਧਰਤ ਦੀ ਪੂਰੀ ਹੋਵੇ ਰੀਝ
ਜਿੰਦੇ ! ਇੱਕ ਮੁੱਠੀ ਬੀਜ
ਅੜੀਏ ! ਇੱਕ ਮੁੱਠੀ ਬੀਜ

ਸਪਸ਼ਟ ਹੈ ਕਿ ਸਵਿੰਦਰ ਪੰਜਾਂ ਦਰਿਆਵਾਂ ਵਾਲੇ ਗੁਰੂ ਨਾਨਕ ਦੇ ਪੰਜਾਬ ਦੀ ਧਰਤੀ 'ਤੇ ਬੈਕੁੰਠੀ ਜੀਵਨ-ਦ੍ਰਿਸ਼ ਸਿਰਜਣ ਲਈ ਆਪਣੇ ਕਾਵਿ-ਸੰਸਾਰ ਦੀ ਰਚਨਾ ਕਰਦੀ ਹੈ। ਉਸ ਦੀ ਸਮੁੱਚੀ ਸਿਰਜਣਾ ਦਰਸਾਉਂਦੀ ਹੈ ਕਿ ਉਹ ਪੰਜਾਬ ਜਾਂ ਭਾਰਤ ਦਾ ਜੀਵਨ ਹੀ ਨਹੀਂ,ਸਗੋਂ ਉਹ ਕੁੱਲ ਲੋਕਾਈ ਦੇ ਖ਼ੂਬਸੂਰਤ ਜੀਵਨ ਲਈ ਆਪਣੇ ਕਲਮ ਚਲਾਉਂਦੀ ਹੈ। ਇਸ ਮਹਾਨ ਕਾਰਜ ਲਈ ਉਹ ਵੱਡੇ ਲੇਖਕਾਂ, ਕ੍ਰਾਂਤੀਕਾਰੀ ਮਹਾਂਪੁਰਖਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਉਪਕਾਰੀ ਵਿਚਾਰਧਾਰਾ ਤੋਂ ਪ੍ਰੇਰਨਾ ਲੈਂਦੀ ਹੈ।

ਖ਼ੂਬਸੂਰਤ ਜੀਵਨ ਦੀ ਪ੍ਰਾਪਤੀ ਵਰਤਮਾਨ ਦਾ ਮਸਲਾ ਤਾਂ ਹੈ, ਪਰ ਮਨੁੱਖੀ ਹੋਂਦ ਨੂੰ ਬਚਾਉਣਾ ਉਸ ਤੋਂ ਵੀ ਵੱਡਾ ਮਸਲਾ ਹੈ। ਇਸ ਧਰਤੀ ਉੱਤੇ ਮਨੁੱਖੀ ਹੋਂਦ ਕੁਦਰਤ ਦੀ ਬਖਸ਼ਿਸ਼ ਦਾ ਕ੍ਰਿਸ਼ਮਾ ਹੈ,ਪਰ ਲੋਭੀ ਮਨੁੱਖ ਜੀਵਨ ਦਾਇਕ ਕੁਦਰਤੀ ਸਰੋਤਾਂ ਨੂੰ ਤਬਾਹ ਕਰਨ ਲਈ ਹੱਥ ਧੋ ਕੇ ਇਨ੍ਹਾਂ ਦੇ ਪਿੱਛੇ ਹੀ ਪੈ ਗਿਆ।ਉਹ ਕੁਦਰਤ ਦੇ ਵੱਡੇ ਗੁਣ 'ਰਹਿਮ' ਨੂੰ ਉਹ ਸਮਝ ਹੀ ਨਹੀਂ ਸਕਿਆ-

ਕੁਦਰਤ ਰਹਿਮ ਕਰਦੀ/ਤਰਲੋ ਮੱਛੀ ਹੋਏ ਜੀਵਾਂ ਤੇ
ਬਨਸਪਤ ਫਕ ਲੈਂਦੀ/ਕਿਰਨਾਂ ਦੇ ਅੰਬਾਰ
ਕੇਰ ਦਿੰਦੀ ਕਿਤੇ ਕਿਤੇ ਗੁਬਾਰੇ
ਸੁਗੰਧ ਸਮੀਰ ਦੇ/ਜ਼ਿੰਦਗੀ ਦੇ ਸਾਹਾਂ ਵਾਸਤੇ
(ਕਿਰਨ ਪਾਤ-1)

ਕਵਿੱਤਰੀ ਨੂੰ ਕੁਦਰਤ ਦੀ ਤਬਾਹੀ ਕਾਰਨ ਮਨੁੱਖ ਦੀ ਹੀ ਨਹੀਂ, ਸਗੋਂ ਪੰਛੀਆਂ ਦੀ ਹੋਂਦ ਮਿਟ ਜਾਣ ਦੀ ਵੀ ਚਿੰਤਾ ਹੈ (ਕਿਰਨ ਪਾਤ-2)

ਕੁੱਲ ਬ੍ਰਹਿਮੰਡੀ ਸਿਸਟਮ ਕਿਸੇ ਨਿਰਾਕਾਰ ਸ਼ਕਤੀ

ਦੁਆਰਾ ਸਿਰਜਤ ਅਤੇ ਸੰਚਾਲਿਤ ਹੈ, ਪਰ ਧਰਤੀ ’ਤੇ ਸਮਾਜਿਕ ਜੀਵਨ ਲੋਕਤੰਤਰੀ ਧਾਰਾ ਅਨੁਸਾਰ ਉੱਤਮ ਮੰਨਿਆ ਜਾਂਦਾ ਹੈ। ਵਰਤਮਾਨ ਦੌਰ ਵਿੱਚ ਕਵਿੱਤਰੀ ਸੱਤਾ ਦੀ ਬੁੱਕਲ ਵਿੱਚ ਘੁੱਟੀ ਜਾ ਰਹੀ ਲੋਕਤੰਤਰ ਦੀ ਸਾਹਰਗ ਦੀ ਦਸ਼ਾ ਬਾਰੇ ਐਲਾਨ ਕਰਦੀ ਹੋਈ ਅਵਾਮ ਨੂੰ ਸੁਚੇਤ ਕਰਦੀ –

ਸਾਮਰਾਜ ਦੀਆਂ ਕੰਧਾਂ ਨਾਲ
ਖੜੋਤਾ ਹੋਣਾ ਠਠੰਬਰ ਕੇ
ਰਾਜ ਮਹਿਲਾਂ ਵਿੱਚੋਂ/ਖੋਜੋ ਮਲਬਾ
ਲੋਕਾਂ ਦੇ ’ਮਨ ਦੀ ਬਾਤ’ ਦਾ
ਧੜਕ ਉੱਠੇਗਾ/ਲੋਕਤੰਤਰ ਦੁਬਾਰਾ
(ਗੁੰਮਸ਼ੁਦਾ ਲੋਕਤੰਤਰ)

ਸ਼ੁੱਧ ਲੋਕਤੰਤਰ ਦੀ ਬਹਾਲੀ ਲਈ ਸਰਕਾਰੀ ‘ਮਨ ਦੀ ਬਾਤ’ ਨਹੀਂ, ‘ਸਾਡੇ ਮਨ ਦੀਆਂ ਬਾਤਾਂ’ ਹੀ ਸਮਰੱਥ ਹੋ ਸਕਦੀਆਂ ਹਨ। ਕਵਿੱਤਰੀ ਇਸ ਹਕੀਕਤ ਨੂੰ ਸਮਝਦੀ ਹੈ ਕਿ ਹਰ ਕਿਸਮ ਦੀ ਸੱਤਾ ਦੀ ਕੁਟਿਲ ਸਿਆਸਤ ਹੀ ਸਮਕਾਲੀ ਜੀਵਨ ਦੀ ਦੁਰਦਸ਼ਾ ਦਾ ਕਾਰਨ ਹੈ।

ਕੱਖਾਂ ਕਾਨਿਆਂ ਦੇ ਢਾਰਿਆਂ ਦੀ ਜ਼ਿੰਦਗੀ ਸਮਾਜਿਕ ਕਲੰਕ ਹੈ, ਜੋ ਰੱਬੀ ਨਹੀਂ, ਕੁਵਿਵਸਥਾ ਦੀ ਉਪਜ ਹੈ। ਕੋਈ ਮੌਸਮ ਰੁੱਤ ਇਨ੍ਹਾਂ ਦੇ ਅਨੁਕੂਲ ਨਹੀਂ ਹੁੰਦੀ, ਇਨ੍ਹਾਂ ਲਈ ਤਾਂ ਉਹ ‘ਕਰੁੱਤ’ ਹੀ ਹੁੰਦੀ ਹੈ। ਇਨ੍ਹਾਂ ਨੂੰ ਲਾਰਿਆਂ ਦੀਆਂ ਮਿੱਠੀਆਂ ਗੋਲ਼ੀਆਂ ਦੇ ਨਸ਼ੇ ਵਿੱਚ ਸਦੀਵੀ ਤੌਰ ’ਤੇ ਸੁੱਤੇ ਰਹਿਣ ਦਾ ਸਬਕ ਰਟਾ ਦਿੱਤਾ ਗਿਆ ਹੈ। ਇਹ ਬੇਸੁਰਤ ਬਹੁ–ਗਿਣਤੀ ਚੋਣਾਂ ਦੇ ਉਤਸਵ ਵਿੱਚ ਆਪਣਾ ਆਪ ਲੁਟਾ ਕੇ ਆਪਣੇ ਉੱਜਵਲ ਭਵਿੱਖ ਦੀ ਉਡੀਕ ਵਿੱਚ ਲੇਟ ਜਾਂਦੀ ਹੈ–

ਅਗਲੇ ਪੰਜਾਂ ਸਾਲਾਂ ਲਈ
ਥਕੇਵੇਂ ਦੇ ਬਿਸਤਰ ਉੱਤੇ ਸੌਂ ਜਾਂਦੇ
ਢਾਰਿਆਂ ਦੇ ਟੁੱਟੇ ਫੁੱਟੇ ਹੱਡ/ਅੱਖਾਂ ’ਚ ਧਰ ਕੇ
ਨਵੇਂ ਨਸੀਬਾਂ ਦੇ ਸੁਪਨੇ (ਢਾਰਿਆਂ ਦੇ ਨਸੀਬ–3)

ਇਹ ਵੀ ਸੱਚ ਹੈ ਕਿ ਇੱਕ ਨਾ ਇੱਕ ਦਿਨ ਇਨ੍ਹਾਂ ਦੀ ਨੀਂਦ ਟੁੱਟੇਗੀ, ਤੀਜੀ ਅੱਖ ਖੁੱਲ੍ਹੇਗੀ। ਇਹ ਸੱਤਾ ਦੇ ਭੈਅ ਤੋਂ ਮੁਕਤ ਹੋ ਕੇ ਨਾਅਰੇ ਮਾਰਦਿਆਂ ਸੱਤਾਧਾਰੀਆਂ ਕੋਲੋਂ ਆਪਣੇ ਜਿਊਣ ਦਾ ਹੱਕ ਲੈਣ ਲਈ ਸ਼ਕਤੀਸ਼ਾਲੀ ਸੁਆਲ ਬਣਨਗੇ–

ਸ਼ਬਦ ਗੂੰਗੇ ਨਹੀਂ ਹੋਣੇ
ਨਾ ਆਵਾਜ਼ ਮਰਨੀ ਏਂ
ਜੀਊਣ ਦਾ ਹੱਕ ਏ
ਆਵਾਜ਼ ਨੂੰ। (ਆਵਾਜ਼)

ਜੰਗ ਆਪਣੇ ਘਰ ਦੇ ਵਿਹੜੇ ਜਾਂ ਧਰਤੀ ਦੇ ਦੂਰ–ਦੁਰਾਡੇ ਕਿਸੇ ਖੰਡ ਵਿੱਚ ਹੋਵੇ, ਜੀਵਨ ਦੀ ਖ਼ੂਬਸੂਰਤੀ ਉਸ ਦੀ ਅੱਗ ਵਿੱਚ ਝੁਲਸ ਜਾਂਦੀ ਹੈ। ਕਵਿੱਤਰੀ ਜੰਗ ਦੇ ਭਿਆਨਕ ਕਾਵਿਕ ਜੀਵਨ–ਦ੍ਰਿਸ਼ ਪੇਸ਼ ਕਰਦਿਆਂ ਜੰਗ ਨਾਲ ਆਪਣੀ ਅਸਹਿਮਤੀ ਪ੍ਰਗਟਾਉਂਦੀ ਹੈ ਅਤੇ ਜੰਗਬਾਜ਼ਾਂ ਨੂੰ ਜੰਗ ਤੋਂ ਬਾਜ ਆਉਣ ਲਈ ਉਨ੍ਹਾਂ ਨੂੰ ਝੰਝੋੜਦੀ ਦੀ ਹੈ–

ਕਾਇਨਾਤ ਦੇ/ਯੁੱਗਾਂ ਦਾ
ਹੱਸਦਾ ਮੁੱਖ ਝੁਲਸ ਜਾਂਦਾ
ਸੁੱਖ ਸ਼ਾਂਤੀ ਦੇ ਚੰਦ ਨੂੰ/ਢੱਕ ਲੈਂਦਾ
ਚੀਕ ਚਿਹਾੜੇ ਦਾ ਬੱਦਲ। (ਜੰਗ)

ਜੀਵਨ ਦੀ ਖ਼ੂਬਸੂਰਤੀ ਸਿਰਜਦੀ ਸਵਿੰਦਰ ਸੰਧੂ ਦੀ ਕਵਿਤਾ ਦੀ ਗੱਲ ਕਰਦਿਆਂ ਜਗਦੀਸ਼ ਰਾਣਾ ਦੀ ਕਵਿਤਾਵਾਂ ਦੀ ਉਸਾਰੂ ਦ੍ਰਿਸ਼ਟੀ ਦਾ ਵੀ ਸੁਆਗਤ ਹੈ, ਜਿਸ ਅਨੁਸਾਰ ਉਨ੍ਹਾਂ ਨੇ ਜੀਵਨ ਦੇ ਛਕੜੇ ਨੂੰ ਸੁੰਦਰ ਰੱਥ ਵਿੱਚ ਤਬਦੀਲ ਕਰਨ ਦੇ ਸਮਰੱਥ ਕਵਿਤਾਵਾਂ ਦੀ ਚੋਣ ਕੀਤੀ। ਚੰਗੀ ਕਵਿਤਾ ਵਿੱਚ ਕਵੀ ਦੇ ਅੱਥਰੂਆਂ ਦੇ ਮੌਜੂਦਗੀ ਮਹਿਸੂਸ ਕੀਤੀ ਜਾ ਸਕਦਾ ਹੈ, ਇਨ੍ਹਾਂ ਤੋਂ ਵੰਚਿਤ ਕਵਿਤਾ ਦਾ ਪੱਧਰ ਨੀਵਾਂ ਰਹਿ ਜਾਂਦਾ ਹੈ। ਸੰਧੂ ਦੀ ਕਵਿਤਾ ਇਸ ਪੱਖ ਤੋਂ ਅਮੀਰ ਕਵਿਤਾ ਹੈ। ਉਸ ਦੇ ਕੋਲ? ਊਰਜਾ ਭਰਪੂਰ ਅੱਥਰੂ ਵੀ ਹਨ ਅਤੇ ਕਵਿਤਾ ਲਈ ਸਮਾਂ ਵੀ–

ਅੱਥਰੂਆਂ ਦੇ ਆਬਸ਼ਾਰ
ਕਵਿਤਾ ਦੇ ਵਹਿਣ
ਚਲਦੇ ਰਹੇ ਨਾਲੋਂ ਨਾਲ
ਹੁਣ ਮੇਰੇ ਪਾਸ/ਟਾਈਮ ਹੀ ਟਾਈਮ
(ਕਵਿਤਾ ਦਾ ਸਫ਼ਰ)

ਜੀਵਨ ਨੂੰ ਖ਼ੂਬਸੂਰਤ ਬਣਾਉਣ ਦੇ ਸਮਰੱਥ ਕਾਵਿ–ਸੰਗ੍ਰਹਿ ‘ਇੱਕ ਮੁੱਠੀ ਬੀਜ.....’ ਦਾ ਸੁਆਗਤ ਹੈ।

# ਗੁਰੂ ਗੋਬਿੰਦ ਸਿੰਘ ਅਤੇ ਮਹਾਤਮਾ ਗਾਂਧੀ

ਡਾ: ਆਸਾ ਸਿੰਘ ਘੁੰਮਣ (ਨਡਾਲਾ)
97798-53245 (ਵਟਸਐਪ)



ਤਕਰੀਬਨ ਇਕ ਸੌ ਸਾਲ ਪਹਿਲਾਂ 1925 ਵਿਚ ਮਹਾਤਮਾ ਗਾਂਧੀ ਜੀ ਨੇ ਅਹਿੰਸਾ ਦੇ ਵੱਡੇ ਪੂਜਕ-ਪ੍ਰਸੰਸਕ ਹੁੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ "ਭੁਲੱਕੜ ਦੇਸ਼-ਭਗਤ" ਜਾਂ "ਕੁਰਾਹੀਆ ਦੇਸ਼-ਭਗਤ" ("ਮਿਸਗਾਈਡਿਡ ਪੈਟਰੀਆਟ) ਕਿਹਾ ਸੀ । ਸਿੱਖ ਸੰਗਤਾਂ ਵਿਚ ਇਸ ਸੰਬੰਧੀ ਅਜਿਹੀਆਂ ਬੇ-ਬੁਨਿਆਦ ਗੱਲਾਂ ਵੀ ਉੱਭਰਦੀਆਂ ਰਹਿੰਦੀਆਂ ਹਨ ਕਿ ਗੁਰੂ ਜੀ ਨੂੰ ਅਜਿਹਾ ਕਹੇ ਜਾਣ ਕਾਰਨ ਸਿੱਖਾਂ ਵਿਚ ਏਨਾ ਰੋਸ ਸੀ ਕਿ ਕਿਸੇ ਨੇ ਇਸ ਗੁੱਸੇ ਵਿਚ ਉਹਨਾਂ ਨੂੰ ਥੱਪੜ ਤੱਕ ਮਾਰ ਦਿੱਤਾ ਸੀ। ਸੋਸ਼ਲ ਮੀਡੀਆ 'ਤੇਮਹਾਤਮਾ ਗਾਂਧੀ ਨਾਲ ਆਮੋ-ਸਾਹਮਣੇ ਟਾਕਰੇ ਦੀ ਗੱਲ ਕਿਤੇ ਪ੍ਰਿੰਸੀਪਲ ਗੰਗਾ ਸਿੰਘ ਦੇ ਨਾਂ ਲਾਈ ਜਾਂਦੀ ਹੈ ਅਤੇ ਕਈ ਥਾਈਂ ਗਾਂਧੀ ਦੇ ਥੱਪੜ ਤੱਕ ਮਾਰਨ ਦੀ ਕਹਾਣੀ ਕਿਸੇ ਕੈਪਟਨ ਜਗਤ ਸਿੰਘ ਜਾਂ ਜਤਿੰਦਰ ਸਿੰਘ ਦੇ ਨਾਂ ਬਹਾਦਰੀ ਵਜੋਂ ਜੋੜੀ ਜਾਂਦੀ ਹੈ। ਪ੍ਰਿੰਸੀਪਲ ਗੰਗਾ ਸਿੰਘ ਹੁਰਾਂ ਦਾ ਜ਼ਿਕਰ ਗਿਆਨੀ ਸੰਤ ਸਿੰਘ ਮਸਕੀਨ ਵੀ ਦੇ ਇਕ ਲੈਕਚਰ ਵਿਚ ਕਰਦੇ ਹਨ। ਉਹਨਾਂ ਅਨੁਸਾਰ ਬੜੋਦਾ ਵਿਖੇ ਕਿਸੇ ਮੀਟਿੰਗ ਵਿਚ ਮਹਾਤਮਾ ਗਾਂਧੀ ਵੱਲੋਂ ਵਿਵਾਦ-ਗ੍ਰਸਤ ਕਥਨਾਂ ਬਾਰੇ ਸਪਸ਼ਟੀਕਰਨ ਦਾ ਅਦਾਨ-ਪ੍ਰਦਾਨ ਕਰਣ ਲਈ ਪ੍ਰਿੰਸੀਪਲ ਗੰਗਾ ਸਿੰਘ, ਜੋ ਕਿ ਸ਼ਹੀਦ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪਹਿਲੇ ਪ੍ਰਿੰਸੀਪਲ ਸਨ, ਸਾਬਰਮਤੀ ਆਸ਼ਰਮ ਪਹੁੰਚ ਗਏ ਸਨ। ਗਿਆਨੀ ਜੀ ਅਨੁਸਾਰ ਪਿੰ?ਰਸੀਪਲ ਗੰਗਾ ਸਿੰਘ ਨੇ ਵਿਚਾਰਾਂ ਦੇ ਅਦਾਨ-ਪ੍ਰਦਾਨ ਵਿਚ ਮਹਾਤਮਾ ਗਾਂਧੀ ਨੂੰ ਮੁਆਫੀ ਮੰਗਣ ਲਈ ਮਜਬੂਰ ਕਰ ਦਿਤਾ ਸੀ ਪਰ ਗਿਆਨੀ ਜੀ ਵਲੋਂ ਦਿਤੇ ਇਸ ਹਵਾਲੇ ਦਾ ਗੰਗਾ ਸਿੰਘ ਜੀ ਦੀਆਂ ਲਿਖਤਾਂ ਵਿਚ ਕਿਤੇ ਜ਼ਿਕਰ ਨਹੀਂ ਮਿਲਦਾਅਤੇ ਨਾਂ ਹੀ ਕਿਸੇ ਹੋਰ ਵਿਸ਼ਵਾਸਯੋਗ ਸੂਤਰਾਂ ਤੋਂ ਇਸ ਬਾਰੇ ਜਾਣਕਾਰੀ ਮਿਲਦੀ ਹੈ।ਜਗਤ ਸਿੰਘ ਹੁਰਾਂ ਵਾਲੀ ਗਾਥਾ ਇਸ ਤੋਂ ਵੀ ਵੱਧ ਕਾਲਪਨਿਕ ਲੱਗਦੀ ਹੈ ਕਿਉਂਕਿ ਨਾ ਤਾਂ ਅੱਜ ਤੱਕ ਕਿਸੇ ਨੂੰ ਇਸ ਕੈਪਟਨ ਜਗਤ ਸਿੰਘ ਬਾਰੇ ਪਤਾ ਹੈ ਤੇ ਨਾ ਹੀ ਦੱਸੇ ਜਾਂਦੇ ਵੇਰਵਿਆਂ ਦਾ ਕੋਈ ਸਬੂਤ ਉਪਲਬਧ ਹੈ। ਕੁਦਰਤਨ, ਇਹ ਜਾਨਣ ਦੀ ਜਗਿਆਸਾ ਪ੍ਰਬਲ ਹੋ ਜਾਂਦੀ ਹੈ ਕਿ ਆਖਰਕਾਰ ਇਸ ਦੀ ਅਸਲੀਅਤ ਕੀ ਸੀ।

ਖ਼ੈਰ! ਜੋ ਵੀ ਹੈ, ਆਉ ਪਹਿਲਾਂ ਇਸ ਵਿਵਾਦ ਦੇ ਮੁੱਢ ਵੱਲ ਮੁੜੀਏ। "ਭੁਲੱਕੜ ਦੇਸ਼-ਭਗਤ" ਵਾਲੀ ਵਾਰਤਾ "ਯੰਗ ਇੰਡੀਆ" ਮੈਗਜ਼ੀਨ ਦੇ ਅਪਰੈਲ 1925 ਦੇ ਅੰਕ ਵਿਚ "ਮਾਈ ਫਰੈਂਡ ਦਾ ਰੈਵੋਲੂਸ਼ਨਰੀ" (ਮੇਰਾ ਇਨਕਲਾਬੀ ਦੋਸਤ) ਸਿਰਲੇਖ ਹੇਠ ਛਪੀ ਸੀ। ਇਸ ਲੇਖ ਵਿਚ ਮਹਾਤਮਾ ਗਾਂਧੀ ਗੁਰੂ ਗੋਬਿੰਦ ਸਿੰਘ ਜੀ ਨੂੰ ਵਸ਼ਿੰਗਟਨ, ਗੈਰੀਬਾਲਡੀ, ਲੈਨਿਨ, ਕਮਲ ਪਾਸ਼ਾ, ਡੀ. ਵਲੇਰੋ, ਸ਼ਿਵਾ ਜੀ, ਰਾਣਾ ਪ੍ਰਤਾਪ ਆਦਿ ਦੇ ਸਮੂਹ ਵਿਚ ਸ਼ਾਮਲ ਕਰਦਿਆਂ ਸਭ ਨੂੰ ਹਿੰਸਾਵਾਦੀ ਅਤੇ ਕੁਰਾਹੇ ਪਏ ਦੇਸ਼-ਭਗਤ ਕਹਿੰਦਾ ਹੈ ਅਤੇ ਨਾਲ ਹੀ ਲਿਖਦਾ ਹੈ ਕਿ ਜੇ ਉਹ ਇਹਨਾਂ ਦੇ ਜੀਵਨ-ਕਾਲ ਵਿਚ ਜਿਉਂਦਾ ਹੁੰਦਾ ਅਤੇ ਉਹਨਾਂ ਦਾ ਦੇਸ਼-ਵਾਸੀ ਹੁੰਦਾ ਤਾਂ ਉਹਨਾਂ ਵੱਲੋਂ ਅਪਨਾਏ ਰਸਤੇ ਤੇ ਕਦੀ ਨਾ ਚੱਲਦਾ।ਪਰ ਮਹਾਤਮਾ ਗਾਂਧੀ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਲਏ ਗਏ ਨਾਵਾਂ ਵਿਚ ਸ਼ਾਮਲ ਵਿਅੱਕਤੀ ਸਭ ਰਾਜਨੀਤਕ ਆਗੂ ਜਾਂ ਜਰਨੈਲ ਸਨ ਜਦੋਂਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜਿਆ ਗਿਆ ਯੁੱਧ ਧਰਮ-ਯੁੱਧ ਸੀ ਅਤੇ ਸਵੈ-ਰੱਖਿਆ ਲਈ ਵਿੱਢਣਾ ਪਿਆ ਸੀ।ਗੁਰੂ ਗੋਬਿੰਦ ਸਿੰਘ ਧਰਮੀ-ਗੁਰੂ ਹੋਣ ਕਰਕੇ ਸਿੱਖਾਂ ਲਈ ਉਹੀ ਕੁਝ ਸਨ ਜੋ ਕ੍ਰਿਸ਼ਨ ਮਹਾਰਾਜ ਮਹਾਤਮਾ ਗਾਂਧੀ ਲਈ ਸਨ : "ਰੱਬੀ-ਸਰੂਪ, ਸੰਪੂਰਨ ਰੂਪ ਵਿਚ ਬੇ-ਦਾਗ...ਲੱਖਾਂ ਹੀ ਲੋਕਾਂ ਦੇ ਉਤਸ਼ਾਹ-ਵਰਧਕ, ਰੱਬੀ ਰੂਹ ਫੂਕ ਦੇਣ ਵਾਲੇ ਬ੍ਰਹਿਮੰਡ-ਮਾਲਕ; ਸਿਰਜਨਹਾਰੇ, ਸਾਂਭਣਹਾਰੇ ਅਤੇ ਸੰਹਾਰਕ(ਇਕੋ ਵਕਤ ਤਿੰਨੋ)। ਸਿਰਜਣਹਾਰੇ ਹੋਣ ਕਰਕੇ ਉਹ ਵਿਨਾਸ਼ਕਾਰੀ ਹੋਣ ਦਾ ਹੱਕ ਰੱਖਦੇਸਨ"(ਮਹਾਤਮਾ ਗਾਂਧੀ ਦੇ ਕ੍ਰਿਸ਼ਨ ਮਹਾਰਾਜ ਸੰਬੰਧੀ ਵਰਤੇ ਗਏ ਸ਼ਬਦ)। ਸਿੱਖਾਂ ਦੇ ਮਨਾਂ

ਵਿਚਲੀ ਸ਼ਰਧਾ ਅਤੇ ਸੰਵੇਦਨਸ਼ੀਲਤਾ ਦੀ ਗਹਿਰਾਈ ਅਤੇ ਉਚਾਈ ਦਾ ਉਸ ਸਮੇਂ ਸ਼ਾਇਦ ਮਹਾਤਮਾ ਗਾਂਧੀ ਨੂੰ ਅੰਦਾਜ਼ਾ ਨਹੀਂ ਸੀ। ਉਹ ਕੀ ਜਾਣੇ ਕਿ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਲਈ ਸੱਚੇ ਪਾਤਸ਼ਾਹ ਹਨ ਅਤੇ ਗੁਰੂ ਜੀ ਦੇ ਨਿਰਦੋਸ਼ ਪੁੱਤਰਾਂ ਨੂੰ ਸਿੱਖ ਵਡਿਆ ਕੇ ਸਾਹਿਬਜ਼ਾਦੇ ਕਹਿੰਦੇ ਹਨ। ਉਹਨਾਂ ਦੀ ਕੁਰਬਾਨੀ ਦੀ ਦਾਸਤਾਂ ਸੁਣਦੇ-ਸੁਣਾਂਉਂਦੇ ਸਿੱਖ ਸ਼ਰਧਾਲੂ ਫਿਸ-ਫਿਸ ਪੈਂਦੇ ਸਨ, ਕਿਰ ਕਿਰ ਜਾਂਦੇ ਸਨ, ਪੋਟਾ-ਪੋਟਾ ਵਿੰਨੇ ਜਾਂਦੇ ਸਨ।

ਯੰਗ ਇੰਡੀਆ ਵਿਚ ਛਪੇ ਇਸ ਆਰਟੀਕਲ ਵਿਚ ਮਹਾਤਮਾ ਗਾਂਧੀ "ਭੁਲੱਕੜ ਦੇਸ਼-ਭਗਤ" ਦੇ ਨਾਲ ਨਾਲ ਦੋ ਹੋਰ ਮਸਲੇ ਉਠਾ ਦੇਂਦੇ ਹਨ : ਇਕ ਇਹ ਕਿ ਸਿੱਖ ਹਰ ਵੇਲੇ ਕ੍ਰਿਪਾਨ ਕਿਉਂ ਲਈ ਫਿਰਦੇ ਹਨ ਦੂਸਰਾ ਇਹ ਕਿ ਸਿੱਖ ਵੀ ਹਿੰਦੂ ਹੀ ਹਨ।

ਮਹਾਤਮਾ ਗਾਂਧੀ ਦੇ ਇਤਰਾਜ਼ਯੋਗ ਲਫਜ਼ਾਂ ਨੂੰ ਲੈ ਕੇ ਸਿਖ ਵੱਖ-ਵੱਖ ਸਮਿਆਂ 'ਤੇ ਆਪਣਾ ਨਿੱਕਾ-ਮੋਟਾ ਪ੍ਰਤੀਕਰਮ ਤਾਂ ਦੇਂਦੇ ਰਹੇ ਪਰ ਕਿਸੇ ਵੀ ਸਿੱਖ ਬੁੱਧੀ-ਜੀਵੀ ਨੇ ਮਹਾਤਮਾ ਗਾਂਧੀ ਨੂੰ ਮਸਲੇ ਦੀ ਸੰਜੀਦਗੀ ਤੋਂ ਜਾਣੂੰ ਨਾ ਕਰਵਾਇਆ ਜਾਂ ਉਹਨਾਂ ਦੇ ਇਹਨਾਂ ਵਿਚਾਰਾਂ ਨੂੰ ਇਨਕਾਉਂਟਰ ਨਾ ਕੀਤਾ। ਯੰਗ ਇੰਡੀਆ ਦੇ ਅਕਤੂਬਰ 1925 ਦੇ ਅੰਕ ਵਿਚ ਮਹਾਤਮਾ ਗਾਂਧੀ ਲਿਖਦੇ ਹਨ ਕਿ ਸਰਦਾਰ ਮੰਗਲ ਸਿੰਘ (ਜੋ ਕਿ ਕਾਂਗਰਸ ਦਾ ਸਿਰਕਰਦਾ ਸਿੱਖ ਆਗੂ ਸੀ) ਨੇ ਉਹਨਾਂ ਨੂੰ ਦੱਸਿਆ ਕਿ ਕੁਝ ਸਿੱਖ-ਦੋਸਤਾਂ ਨੂੰ ਉਹਨਾਂ ਦੇ ਗੁਰੂ ਜੀ ਬਾਰੇ ਕਹੇ ਲਫਜ਼ਾਂ ਬਾਰੇ ਸਖਤ ਇਤਰਾਜ਼ ਹੈ ਅਤੇ ਕਹੇ ਹੋਏ ਲਫਜ਼ਾਂ ਨੇ ਸਿੱਖਾਂ ਨੂੰ ਧਾਰਮਿਕ ਠੇਸ ਪਹੁੰਚਾਈਹੈ। ਪਰ ਗਾਂਧੀ ਜੀ ਦਾਅਵਾ ਕਰਦੇ ਹਨ ਕਿ ਮੈਂ ਤਾਂ ਕੁਝ ਵੀ ਇਤਰਾਜ਼ਯੋਗ ਨਹੀਂ ਕਿਹਾ : "ਮੇਰਾ ਇਹ ਯਕੀਨ ਹੈ ਕਿ ਸਭ ਸਿੱਖ-ਗੁਰੂ ਹਿੰਦੂ ਸਨ ਅਤੇ ਗੁਰ ਗੋਬਿੰਦ ਸਿੰਘ ਜੀ ਹਿੰਦੂਆਂ ਦੇ ਸਭ ਤੋਂ ਵੱਡੇ ਰਾਖੇ ਸਨ"।

ਉਂਝ ਬੜੀ ਹੈਰਾਨੀ ਦੀ ਗੱਲ ਹੈ ਕਿ ਜਦੋਂ ਰਬਿੰਦਰਨਾਥ ਟੈਗੋਰ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਇੱਕ ਇਤਰਾਜ਼ਯੋਗ ਲੇਖ ਲਿ?ਖਆ ਸੀ ਅਤੇ ਉਸਦਾ ਜਾਦੂ ਨਾਥ ਸਰਕਾਰ ਵੱਲੋਂ ਕੀਤਾ ਅਨੁਵਾਦ "ਮਾਡਰਨ ਰਿਵੀਊ" ਦੇ ਅਪਰੈਲ 1911 ਦੇ ਅੰਕ ਵਿਚ ਛਪਿਆ ਸੀ ਤਾਂ ਉਸਦੇ ਜੁਆਬ ਵਿਚ ਬੜੀ ਜਲਦੀ ਸਰਦਾਰ ਲਕਸ਼ਮਣ ਸਿੰਘ ਅਤੇ ਪ੍ਰੋ: ਪੂਰਨ ਸਿੰਘ ਵੱਲੋਂ ਜੁਆਬੀ-ਲੇਖ ਲਿਖੇ ਗਏ ਸਨ ਪਰ ਮਹਾਤਮਾ ਗਾਂਧੀ ਦੀ ਇਸ ਲਿਖਤ ਦੇ ਇੰਨਕਾਓਂਟਰ ਵਜੋਂ ਸਾਨੂੰ ਕੋਈ ਠੋਸ ਲਿਖਤ ਨਹੀਂ ਮਿਲਦੀ। ਕਿਸੇ ਖ਼ਾਸ ਵਿਦਵਾਨ ਵੱਲੋਂ ਇਸਦਾ ਪਹਿਲਾ ਵਿਸਥਾਰਿਤ ਜ਼ਿਕਰ ਸਾਨੂੰ 1972 ਵਿਚ ਛਪੀ "ਸਾਚੀ ਸਾਖੀ"ਵਿਚ ਮਿਲਦਾ ਹੈ ਜਿਸ ਵਿਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ ਕਿ 1942 ਵਿਚ ਮਾਰਚ ਦੇ ਅਖੀਰਲੇ ਹਫਤੇ ਵਿਚ ਉਹ ਆਈ. ਸੀ. ਐੱਸ. ਹੁੰਦਿਆਂ ਆਪਣੀ ਪਤਨੀ ਸਮੇਤ ਮਹਾਤਮਾ ਗਾਂਧੀ ਨੂੰ ਵਾਰਧਾ ਆਸ਼ਰਮ ਵਿਚ ਮਿਲਣ ਗਏ ਸਨ ਅਤੇ ਓਥੇ ਦੋ-ਤਿੰਨ ਦਿਨ ਠਹਿਰੇ ਸਨ ਅਤੇ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਵਿਚਾਰ-ਵਿਟਾਂਦਰਾ ਖੁੱਲ ਕੇ ਹੋਇਆ ਸੀ। "ਭੁਲੱਕੜ ਦੇਸ਼-ਭਗਤ"ਦੇ ਮਾਮਲੇ ਵਿਚ ਸਿਰਦਾਰ ਕਪੂਰ ਸਿੰਘ ਨੇ ਮਹਾਤਮਾ ਜੀ ਨੂੰ ਸਮਝਾਇਆ ਕਿ ਮਹਾਤਮਾ ਦੀ ਪਹਿਲੀ ਗਲਤੀ ਤਾਂ ਇਹੀ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਨੂੰ ਦੇਸ਼-ਭਗਤ ਕਹਿ ਰਹੇ ਹਨ ਜਦੋਂ ਕਿ ਗੁਰੂ ਜੀ ਤਾਂ ਬ੍ਰਹਿਮੰਡ-ਵਿਆਪੀ ਸੋਚ ਦੇ ਮਾਲਕ ਸਨ। ਸਿੱਖਾਂ ਦੇ ਹਿੰਦੂ ਹੋਣ ਬਾਰੇ ਵੀ ਉਹਨਾਂ ਨੇ ਗਹਿਰੀ ਵਿਵੇਕ ਬੁੱਧੀ ਨਾਲ ਦੱਸਿਆ ਕਿ ਸਿੱਖੀ ਤਾਂ ਹਿੰਦੂਆਂ ਦਾ ਆਦਿ-ਜੁਗਾਦੀ ਰੂਪ ਹੈ। ਜੋ ਹਿੰਦੂ ਸਿੱਖਾਂ ਨੂੰ ਅਲੱਗ ਮੰਨਦੇ ਹਨ ਉਹ ਅਸਲ ਵਿਚ "ਮਿਸਗਾਈਡਿਡ ਹਿੰਦੂ" ਹਨ। ਕ੍ਰਿਪਾਨ ਦੇ ਵਿਸ਼ੇ ਤੇ ਵੀ ਸਿਰਦਾਰ ਨੇ ਗੀਤਾ ਦੇ ਗਹਿਰ-ਗੰਭੀਰ ਅਰਥ ਕਰਕੇ ਮਹਾਤਮਾ ਗਾਂਧੀ ਨੂੰ ਸੋਚੀਂ ਪਾ ਦਿਤਾ। ਸਿਰਦਾਰ ਕਪੂਰ ਸਿੰਘ ਕੈਂਬਰਿਜ ਯੂਨੀਵਰਸਿਟੀ ਦੇ ਪੜੇ ਹੋਏ ਸਨ ਅਤੇ ਉਹ ਪੂਰਬੀ ਅਤੇ ਪੱਛਮੀ ਧਰਮਾਂ ਦੇ ਧੁਰੰਤਰ ਗਿਆਤਾ ਸਨ। ਕੇਵਲ ਕੋਈ ਅਜਿਹਾ ਬੁੱਧੀਮਾਨ ਸ਼ਰਧਾਲੂ ਸਿੱਖ ਹੀ ਮਹਾਤਮਾ ਗਾਂਧੀ ਵਰਗੀ ਪ੍ਰਬੁੱਧ ਸ਼ਖਸੀਅਤ ਦੀ ਤਸੱਲੀ ਕਰਾ ਸਕਦਾ ਸੀ। ਸਿਰਦਾਰ ਅਨੁਸਾਰ ਮਹਾਤਮਾ ਜੀ ਨੇ ਕੁਝ ਪਲ ਸੋਚਣ ਤੋਂ ਬਾਦ ਆਪਣੇ ਸਕੱਤਰ ਮਹਾਂਦੇਵ ਡਿਸਾਈ ਨੂੰ ਮੰਗਵਾਇਆ ਅਤੇ ਇਸ ਵਿਸ਼ੇ ਬਾਰੇ ਕੁਝ ਨੋਟਸ ਦਿਤੇ ਜੋ ਬਾਅਦ ਵਿਚ "ਹਰੀਜਨ" ਵਿਚ ਛਪੇ।ਉਂਝ ਇਹ

ਵੱਖਰੀ ਗੱਲ ਹੈ ਕਿ ਮਹਾਤਮਾ ਗਾਂਧੀ ਇਸ ਮਿਲਣੀ ਦਾ ਕਿਤੇ ਜ਼ਿਕਰ ਨਹੀਂ ਕਰਦੇ (ਸ਼ਾਇਦ ਸਿਰਦਾਰ ਦੇ ਆਈ.ਸੀ.ਐੱਸ ਹੋਣ ਕਰਕੇ) ਪਰ ਇਹ ਸੱਚ ਹੈ ਕਿ ਤਿੰਨ ਮਹੀਨੇ ਬਾਦ ਜੂਨ 26, 1942 ਅਤੇ ਜੁਲਾਈ 4, 1942 ਦੇ ਅੰਕਾਂ ਵਿਚ ਦੋ ਲੇਖਾਂ ਵਿਚ ਗਾਂਧੀ ਜੀ ਵੱਲੋਂ ਇਸ ਵਿਸ਼ੇ ਬਾਰੇ ਸਪਸ਼ਟੀਕਰਣ ਦੇਣ ਦੀ ਕੋਸ਼ਿਸ਼ ਕੀਤੀ ਗਈ। ਪਹਿਲੇ ਆਰਟੀਕਲ ਦਾ ਸਿਰਲੇਖ ਸੀ "ਫਾਰ ਦਾ ਸਿੱਖ ਫਰੈਂਡਜ਼" (ਸਿੱਖ ਦੋਸਤਾਂ ਲਈ) ਅਤੇ ਦੂਸਰੇ ਦਾ ਸੀ "ਗੁਰੂ ਗੋਬਿੰਦ ਸਿੰਘ। ਪਹਿਲੇ ਲੇਖ ਵਿਚ ਨਾਂ ਲਏ ਬਿਨਾਂ "ਇਕ ਬੁੱਧੀਮਾਨ ਸਿੱਖ ਦੋਸਤ" ਦਾ ਜ਼ਿਕਰ ਜ਼ਰੂਰ ਕੀਤਾ ਗਿਆ ਹੈ ਜਿਸਨੇ ਉਹਨਾਂ ਦੇ ਕੁਝ ਭੁਲੇਖੇ ਦੂਰ ਕੀਤੇ ਸਨ।

ਪਹਿਲੇ ਲੇਖ ਵਿਚ ਉਹ ਕਹਿੰਦੇ ਹਨ ਕਿ ਭਾਵੇਂ ਕਿ ਉਹਨਾਂ ਨੂੰ ਵਿਵਾਦਗ੍ਰਸਤ ਆਰਟੀਕਲ ਦਾ ਪੂਰਾ ਵੇਰਵਾ ਯਾਦ ਨਹੀਂ ਪਰ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਬੇਹੱਦ ਸਤਿਕਾਰ ਕਰਦੇ ਹਨ।ਉਹ ਲਿਖਦੇ ਹਨ, "ਗੁਰੂ ਜੀ ਵੱਲੋਂ ਸਿੱਖਾਂ ਨੂੰ ਬਖਸ਼ੀ ਤਲਵਾਰ ਬਾਰੇ ਮੇਰੀ ਰਾਏ ਕੁਝ ਵੀ ਹੋਵੇ, ਪਰ ਮੇਰੇ ਮਨ ਵਿਚ ਗੁਰੂ ਜੀ ਪ੍ਰਤੀ ਜਾਂ ਸਿੱਖ-ਪੰਥ ਪ੍ਰਤੀ ਰੱਤੀ ਭਰ ਵੀ ਨਿਰਾਦਰ ਨਹੀਂ। ਸਾਡੇ ਆਸ਼ਰਮ ਵਿਚ ਗੁਰੂ ਨਾਨਕ ਦੇਵ ਜੀ ਦੇ ਅਨੇਕਾਂ ਸ਼ਬਦ ਸਤਿਕਾਰ ਸਹਿਤ ਅਕਸਰ ਗਾਏ ਜਾਂਦੇ ਹਨ"। ਕ੍ਰਿਪਾਨ ਬਾਰੇ ਉਹ ਆਪਣਾ ਰੁਖ਼ ਹੋਰ ਸਪਸ਼ਟ ਕਰਦੇ ਹਨ, "ਕਿਸੇ ਵੀ ਧਰਮ ਦੇ ਕਿਸੇ ਵੀ ਵਿਅੱਕਤੀ ਵੱਲੋਂ ਹਰ ਵੇਲੇ ਕ੍ਰਿਪਾਨ ਧਾਰੀ ਰੱਖਣ ਦੇ ਮੈਂ ਖਿਲਾਫ਼ ਹਾਂਪਰ ਸਿੱਖ-ਪ੍ਰੰਪਰਾ ਉਪਰ ਮੇਰੀ ਪਸੰਦਗੀ ਜਾਂ ਨਾ-ਪਸੰਦਗੀ ਦਾ ਕੀ ਅਸਰ ਹੈ? ਹਾਂ, ਕ੍ਰਿਪਾਨ ਪਹਿਨਣ ਦੇ ਕਾਨੂੰਨੀ ਹੱਕ ਦੇ ਮਾਮਲੇ ਵਿਚ ਮੈਂ ਇਸਦੇ ਖਿਲਾਫ ਵੋਟ ਨਹੀਂ ਪਾਵਾਂਗਾ ਕਿਉਂਕਿ ਮੈਂ ਕਨੂੰਨਾਂ ਰਾਹੀ ਅਹਿੰਸਾ ਲਾਗੂ ਕਰਣ ਦੇ ਹੱਕ ਵਿਚ ਨਹੀਂ ਹਾਂ।

"ਹਰੀਜਨ" ਦੇ ਅਗਲੇ ਅੰਕ ਵਿਚ "ਗੁਰੂ ਗੋਬਿੰਦ ਸਿੰਘ" ਸਿਰਲੇਖ ਅਧੀਨ ਛਪੇ ਆਰਟੀਕਲ ਵਿਚ ਮੂਲ ਵਿਵਾਦਿਤ ਲੇਖ ਮੁੜ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇਸ ਲੇਖ ਦੇ ਸੰਬੰਧ ਵਿਚ ਮਹਾਤਮਾ ਗਾਂਧੀ ਸਪਸ਼ਟ ਕਰਣ ਦੀ ਕੋਸ਼ਿਸ਼ ਕਰਦੇ ਹਨ :

"ਮੈਂ ਮੌਜੂਦਾ ਇਨਕਲਾਬੀਆਂ ਦੀਆਂ ਗਤੀਵਿਧੀਆਂ ਦੇ ਸੰਬੰਧ ਵਿਚ ਕਿਹਾ ਸੀ ਕਿ ਉਹਨਾਂ ਦੀਆਂ ਗਤੀਵਿਧੀਆਂ ਗੁਰੂ ਗੋਬਿੰਦ ਸਿੰਘ ਜਾਂ ਵਸ਼ਿੰਗਟਨ ਜਾਂ ਗੈਰੀਬਾਲਡੀ ਜਾਂ ਲੈਨਿਨ ਦੇ ਮੁਕਾਬਲੇ ਗੁੰਮਰਾਹਕੁੰਨ ਸਾਬਤ ਹੋਣਗੀਆਂ। ਅਹਿੰਸਾ ਦੇ ਅਸੂਲਾਂ 'ਤੇ ਪਰਖ਼ਦਿਆਂ-ਨਿਰਖ਼ਦਿਆਂ, ਮੈਂ ਅੱਜ ਵੀ ਬੇ-ਝਿਜਕ ਕਹਿ ਸਕਦਾਂ ਕਿ ਜੇ ਮੈਂ ਉਹਨਾਂ ਦਾ ਸਮਕਾਲੀ ਹੁੰਦਾ ਜਾਂ ਉਹਨਾਂ ਦੇ ਦੇਸ਼ ਵਿਚ ਰਹਿੰਦਾ ਹੁੰਦਾ ਤਾਂ ਮੈਂ ਸਭ ਨੂੰ "ਭੁਲੱਕੜ ਦੇਸ਼-ਭਗਤ" ਕਹਿੰਦਾ" ਉਹਨਾਂ ਨੇ ਏਸੇ ਲੇਖ ਵਿਚ ਕ੍ਰਿਸ਼ਨ ਬਾਰੇ ਵੀ ਸਪਸ਼ਟ ਕੀਤਾ ਹੈ : "ਜਿਥੋਂ ਤੱਕ ਕ੍ਰਿਸ਼ਨ ਦਾ ਸੰਬੰਧ ਹੈ, ਜਿਨ੍ਹਾਂ ਨੇ ਗੀਤਾ ਵਿਚ "ਦੁਸ਼ਟ ਸੰਘਾਰ"ਕਰਣ ਦਾ ਪ੍ਰਚਾਰ ਕੀਤਾ ਹੈ ਉਹ ਤਾਂ ਇਸ ਬ੍ਰਹਿਮੰਡ ਦੇ ਮਾਲਕ ਹਨ, ਉਹ ਸਾਡੇ ਸਿਰਜਣਹਾਰੇ ਹਨ, ਸਾਡੇ ਸਾਂਭਣਹਾਰੇ ਹਨ, ਸਾਡੇ ਵਿਨਾਸ਼ਕਾਰੀ ਹਨ। ਉਹ ਕਿਉਂਕਿ ਸਿਰਜਨ-ਹਾਰੇ ਹਨ ਇਸ ਲਈ ਉਹ ਵਿਨਾਸ਼-ਅਧਿਕਾਰੀ ਹੋ ਸਕਦੇ ਹਨ"।

ਇਸ ਤਰ੍ਹਾਂ ਦੇ ਗੋਲ-ਮੋਲ ਕਥਨਾਂ ਤੋਂ ਬਾਦ ਉਹ ਲਿਖਦੇ ਹਨ ਕਿ ਹੁਣ ਦੋਸ਼ ਲਾਉਣ ਵਾਲਿਆਂ ਸਾਹਮਣੇ ਪ੍ਰਤੱਖ ਹੈ ਕਿ ਮੈਂ ਉਸ ਮਹਾਨ ਗੁਰੂ ਨੂੰ ਕਦੀ ਵੀ "ਭੁਲੱਕੜ ਦੇਸ਼-ਭਗਤ" ਨਹੀਂ ਕਿਹਾ। ਮੈਂ ਉਹਨਾਂ ਦੇ ਨਿਰਾਦਰ ਵਿਚ ਇਕ ਵੀ ਸ਼ਬਦ ਨਹੀਂ ਲਿ?ਖਆ ਜਿਸ ਕਰਕੇ ਮੈਂ ਸ਼ਰਮਿੰਦਗੀ ਮਹਿਸੂਸ ਕਰਾਂ, ਮੈਂ ਹਰ ਇਕ ਕਹੇ ਗਏ ਸ਼ਬਦ 'ਤੇ ਅਟੱਲ ਹਾਂ...ਇਸ ਲਈ ਸਿੱਖ ਇਸ ਨਿਮਾਣੇ ਜਿਹੇ ਹਿੰਦੂ ਨੂੰ ਆਪਣਾ ਹੀ ਸਮਝਣ, ਆਪਣਾ ਪੰਥਕ-ਸਾਥੀ ਸਮਝਣ"।

ਹੁਣ ਮੁਕਦਮਾ ਪਾਠਕਾਂ ਦੀ ਅਦਾਲਤ ਵਿਚ ਹੈ ।ਸਾਰਾ ਕੁਝ ਲਿਖਤੀ ਰੂਪ ਵਿਚ ਉਪਲਬਧ ਹੈ ਤੁਸੀਂ ਆਪਣੀ ਰਾਏ ਆਪੇ ਬਣਾ-ਉਸਾਰ ਸਕਦੇ ਹੋ ਕਿ ਮਹਾਤਮਾ ਗਾਂਧੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ "ਕਰਾਹੀਆ-ਦੇਸ਼-ਭਗਤ" ਜਾਂ "ਭੁਲੱਕੜ ਦੇਸ਼-ਭਗਤ""(ਮਿਸਗਾਈਡਿਡ ਪੈਟਰੀਆਇਟ) ਕਿਹਾ ਸੀ ਕਿ ਨਹੀਂ? ਜਾਂ ਕਿਸ ਸੰਦਰਭ ਵਿਚ ਕਿਹਾ ਸੀ? ਇਹ ਵੀ ਕਿ ਕੀ ਉਹਨਾਂ ਨੇ ਮੁਆਫੀ ਮੰਗੀ ਸੀ ਕਿ ਨਹੀਂ? ਜੇ ਮੰਗੀ ਸੀ ਤਾਂ ਕਿਹੜੇ ਲਫਜ਼ਾਂ ਵਿਚ ਮੰਗੀ ਸੀ ?

# ਟਰੰਪ : ਟਪੂਸੀ,ਗਿਰਗਿਟ ਬਨਾਮ ਰੰਗ ਬਦਲਣਾ

ਵਲੋਂ : ਅਸ਼ੋਕ ਕੁਮਾਰ ਖੁਰਾਣਾ (ਡਾ.)
ਮੋਬਾਇਲ : 9814905361



ਅੱਜ ਅਸੀਂ ਵਿਸ਼ਵੀ ਇਤਿਹਾਸ ਦੇ ਅਜਿਹੇ ਦੌਰ ਵਿਚੋਂ ਗੁਜ਼ਰ ਰਹੇ ਹਾਂ, ਜਿਸ ਅੰਦਰ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਜਾਂ ਆਪੂੰ ਬਣੇ ਸਿਰਦਾਰ ਦੇ ਝੱਲ ਖਿਲਾਰੇ ਅਥਵਾ ਖ਼ੁਰਾਫ਼ਾਤੀ ਦਿਮਾਗ਼ ਦੇ ਅਜੀਬ ਨਮੂਨੇ ਵੇਖਣ ਨੂੰ ਮਿਲ ਰਹੇ ਹਨ। ਤੁਸੀਂ ਠੀਕ ਹੀ ਸਮਝੇ ਹੋ, ਜੀ ਹਾਂ! ਮੈਂ ਇਸ ਸਮੇਂ ਅਮਰੀਕਾ, ਈਰਾਨ ਬਨਾਮ ਇਜ਼ਰਾਇਲ ਜੰਗ ਦੀ ਹੀ ਗੱਲ ਕਰ ਰਿਹਾ ਹਾਂ ਅਤੇ ਇਸ ਜੰਗ ਦੇ ਕੇਂਦਰ ਵਿਚ ਕਾਰਜਸ਼ੀਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਿਵਹਾਰ ਨੂੰ ਸਮਝਣ, ਤੋਲਣ, ਦੇਖਣ, ਪਰਖਣ ਦੀ ਕੋਸ਼ਿਸ਼ ਵਿੱਚ ਹਾਂ। ਸ਼ਾਇਦ ਹੀ ਇਸ ਤੋਂ ਪਹਿਲਾਂ ਕਦੇ ਕਿਸੇ ਦੇਸ਼ ਦੇ ਰਾਸ਼ਟਰਪਤੀ ਦੇ ਅਜਿਹੇ ਖ਼ੁਰਾਫਾਤੀ ਦਿਮਾਗ਼ ਦੀਆਂ ਪਰਤਾਂ ਨਜ਼ਰ ਆਈਆਂ ਹੋਵਣ।

ਹਿਟਲਰ ਹੋਵੇ ਜਾਂ ਮੁਸੋਲਿਨੀ, ਉੱਤਰ ਕੋਰੀਆ ਦਾ ਕਿਮ ਜੌਨ ਹੋਵੇ ਜਾਂ ਕੋਈ ਹੋਰ, ਇਸ ਤਰ੍ਹਾਂ ਦਾ ਵਿਵਹਾਰ ਤਾਂ ਸ਼ਾਇਦ ਹੀ ਕਦੇ ਕਿਸੇ ਨੇ ਕੀਤਾ ਹੋਵੇ। ਨਾ ਨਿਸ਼ਾਨਾ ਸਪੱਸ਼ਟ, ਨਾ ਮਕਸਦ, ਨਾ ਹੀ ਜ਼ਰੂਰਤ, ਨਾ ਹੀ ਦਸ਼ਾ, ਨਾ ਦਿਸ਼ਾ ਤੇ ਨਾ ਹੀ ਕੋਈ ਦਿਸ਼ਾ ਨਿਰਦੇਸ਼ ਅਤੇ ਨਾ ਹੀ ਕੋਈ ਨਿਰਦੇਸ਼ਕ।ਪੰਜਾਬੀ ਦੀ ਕਹਾਵਤ "ਧੂੜ 'ਚ ਟੱਟੂ ਭਜਾਉਣਾ" ਸੱਚ ਸਾਬਤ ਹੋ ਰਹੀ ਹੈ।ਜਾਂ ਫੇਰ ਜਿਵੇਂ ਬਾਂਦਰ ਟਪੂਸੀਆਂ ਮਾਰਦਾ ਹੈ ਉਵੇਂ ਦਾ ਵਿਵਹਾਰ ਨਜ਼ਰੀਂ ਪੈ ਰਿਹਾ ਹੈ ਤੇ ਉਹ ਵੀ ਦੁਨੀਆ ਭਰ ਦੇ ਸਭ ਤੋਂ ਸ਼ਕਤੀਮਾਨ ਸਮਝੇ ਜਾਣ ਵਾਲੇ ਦੇਸ਼ ਦੇ ਰਾਸ਼ਟਰਪਤੀ ਦਾ।

ਵਿਭਿੰਨ ਸ਼ਾਸਤਰਾਂ ਅਤੇ ਵੱਖੋ-ਵੱਖ ਮਨੀਸ਼ੀਆਂ ਨੇ ਇਕ ਨਹੀਂ, ਅਨੇਕ ਵਾਰ ਦੁਹਰਾਇਆ ਹੈ ਕਿ ਸੱਚ ਬੋਲਣ ਵਾਲੇ ਨੂੰ ਕਿਸੇ ਪ੍ਰਕਾਰ ਦੀ ਨਾ ਤਾਂ ਨਮੋਸ਼ੀ ਝੱਲਣੀ ਪੈਂਦੀ ਹੈ ਤੇ ਨਾ ਹੀ ਇਹ ਯਾਦ ਰੱਖਣਾ ਪੈਂਦਾ ਹੈ ਕਿ ਕਦੋਂ ਉਸ ਨੇ ਆਪਣੇ ਮੂੰਹੋਂ ਕੀ ਕਿਹਾ ਹੈ। ਨਿਸਬਤ ਇਸ ਦੇ ਝੂਠ ਬੋਲਣ ਵਾਲਾ ਵਿਅਕਤੀ ਹਰ ਸਮੇਂ ਆਪਣੇ ਬੋਲੇ ਹੋਏ ਸ਼ਬਦਾਂ ਦੀ ਗ੍ਰਿਫ਼ਤ ਵਿਚ ਹੀ ਉਲਝ ਕੇ ਰਹਿ ਜਾਂਦਾ ਹੈ। ਇਹੋ ਜਿਹੀ ਹਾਲਤ ਹੋ ਚੁੱਕੀ ਹੈ ਅੱਜ ਅਮਰੀਕੀ ਰਾਸ਼ਟਰਪਤੀ ਟਰੰਪ ਦੀ। ਜਿਸ ਦੇ ਇਕ ਤੋਂ ਬਾਅਦ ਇਕ ਅਜਿਹੇ ਬਿਆਨ ਆ ਰਹੇ ਹਨ ਜਿਨ੍ਹਾਂ ਵਿਚਕਾਰ ਕਿਸੇ ਵੀ ਪ੍ਰਕਾਰ ਦਾ ਕੋਈ ਤਾਲਮੇਲ, ਸੰਤੁਲਨ, ਇਕਾਗਰਤਾ ਨਜ਼ਰ ਨਹੀਂ ਆਉਂਦੀ। ਸੱਚਾਈ ਤਾਂ ਬਹੁਤ ਹੀ ਦੂਰ ਦੀ ਕੌਡੀ ਹੈ।

ਇਕ ਦਿਨ ਵਿਚ ਕਿਸੇ ਵੀ ਮੁਲਕ ਨੂੰ ਤਬਾਹ ਕਰ ਦੇਣ ਵਰਗਾ ਬਿਆਨ ਦੇਣ ਵਾਲਾ,ਇਕ ਰਾਤ ਵਿੱਚ ਕਿਸੇ ਵੀ ਮੁਲਕ ਅਥਵਾ ਕੌਮ ਦੀ ਸੱਭਿਅਤਾ ਨੂੰ ਨੇਸਤੋ-ਨਬੂਦ ਕਰ ਦੇਣ ਦਾ ਦਮ ਭਰਨ ਵਾਲਾ ਰਾਸ਼ਟਰਪਤੀ ਲਡ?ਾਈ ਦਾ ਚਾਲੀਆ ਬੀਤਣ ਉਪਰੰਤ ਵੀ ਅਜਿਹਾ ਗੁਣਗਾਨ ਕਰ ਰਿਹਾ ਹੈ ਜਿਵੇਂ ਸਭ ਕੁਝ ਉਸ ਦੇ ਹੱਥ ਵਿਚ ਹੈ।ਉਹ ਕਹੇਗਾ ਦਿਨ ਤਾਂ ਦਿਨ ਚੜ੍ਹੇਗਾ, ਉਹ ਕਹੇਗਾ ਰਾਤ ਤਾਂ ਰਾਤ ਹੋਵੇਗੀ।ਹੰਕਾਰ ਦਾ ਇਤਨਾ ਵੱਡਾ ਅਤੇ ਵਿਕਰਾਲ ਰੂਪ ਸ਼ਾਇਦ ਹੀ ਕਿਸੇ ਅੰਦਰ ਅੱਜ ਤੋਂ ਪਹਿਲਾਂ ਦਿਖਾਈ ਦਿੱਤਾ ਹੋਵੇ।

ਇੱਕੀਵੀਂ ਸਦੀ ਮਾਨਵਤਾ ਦੇ ਵਿਕਾਸ ਦੀ ਅਜਿਹੀ ਚਰਮਸੀਮਾ ਲੈ ਕੇ ਆਈ ਹੈ ਕਿ ਮਾਨਵਤਾ ਖ਼ੁਦ ਹੀ ਹੈਰਾਨ ਹੋਣ ਦੇ ਨਾਲ-ਨਾਲ ਆਪਣੇ ਧੁਰ ਅੰਦਰੋਂ ਬੇਹੱਦ ਪਰੇਸ਼ਾਨ ਵੀ ਹੈ ਕਿ ਮਾਨਵ ਅੱਜ ਕਿੱਥੇ ਪੁੱਜ ਗਿਆ ਹੈ।ਅਫ਼ਵਾਹਾਂ,ਭਵਿੱਖਬਾਣੀਆਂ ਅਤੇ ਇਤਿਹਾਸ ਵਿਚੋਂ ਲੱਭ ਲੱਭ ਕੇ ਦਿੱਤੀਆਂ ਜਾਣ ਵਾਲੀਆਂ ਅਨੇਕ ਪ੍ਰਕਾਰੀ ਮਿਸਾਲਾਂ ਅੱਜ ਕੁੱਲ ਮਾਨਵਤਾ ਨੂੰ ਨਿਰਾਸ਼ਤਾ ਅਤੇ ਵਹਿਮਾਂ-ਭਰਮਾਂ ਦੇ ਮਹਾਂਜਾਲ ਵਿੱਚ ਇਸ ਕਦਰ ਉਲਝਾ ਰਹੀਆਂ ਹਨ ਕਿ ਨਕਲੀ ਬੁੱਧੀਮਾਨਤਾ ਦੇ ਇਸ ਯੁੱਗ ਅੰਦਰ ਵਹਿਮ-ਭਰਮ, ਧਾਰਮਿਕ ਆਡੰਬਰਵਾਦ ਮੁੜ ਤੋਂ ਜ਼ੋਰ ਪਕੜ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਕਦੇ ਆਪਣੇ ਆਪ ਨੂੰ ਦੇਵ ਦੂਤ, ਕਦੇ ਸ਼ਾਂਤੀ ਦੂਤ ਤੇ ਕਦੇ ਲੋਕ ਹਿੱਤ ਵਿਚ ਭੁਗਤਣ ਵਾਲਾ ਮਹਾਨ ਨੇਤਾ ਦਰਸਾ ਰਿਹਾ ਹੈ ਅਤੇ ਦੂਜੇ ਬੰਨੇ ਵਿਗਿਆਨ ਅਤੇ ਤਕਨਾਲੋਜੀ ਦਾ ਪ੍ਰਯੋਗ ਕਰ ਕੇ ਈਰਾਨ ਵਰਗੇ ਮੁਲਕ ਦੀ ਸੱਤਾ

ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਬਜ਼ਾ ਕਰਕੇ ਕੁੱਲ ਦੁਨੀਆ ਉੱਤੇ ਆਪਣਾ ਅਜਿਹਾ ਪ੍ਰਭਾਵ ਕਾਇਮ ਕਰਨ ਦੀ ਲੋਚਾ ਰੱਖਦਾ ਹੈ ਕਿ ਦੁਨੀਆ ਉਸ ਦੀਆਂ ਸੋਚਾਂ ਅਨੁਰੂਪ ਆਪਣੇ ਆਪ ਨੂੰ ਨਾ ਕੇਵਲ ਢਾਲ ਲਵੇ ਸਗੋਂ ਸਮੁੱਚੇ ਵਿਸ਼ਵ ਉੱਤੇ ਉਸ ਦਾ ਪ੍ਰਤੱਖ ਅਥਵਾ ਅਪ੍ਰਤੱਖ ਰੂਪ ਵਿੱਚ ਕਬਜ਼ਾ ਹੋ ਜਾਵੇ। ਕੀ ਅਜਿਹਾ ਸੰਭਵ ਹੈ, ਇਕ ਛੋਟੇ ਜਿਹੇ ਪਰਿਵਾਰ ਵਿਚ ਵੀ ਸਰਬ-ਸੰਮਤੀ ਨਹੀਂ ਬਣਦੀ। ਕੁੱਲ ਮਨੁੱਖਤਾ ਅਥਵਾ ਦੁਨੀਆ ਨੂੰ ਟਰੰਪ ਦੀਆਂ ਨੀਤੀਆਂ, ਟਪੂਸੀਆਂ, ਅਥਵਾ ਹੰਕਾਰ ਅਨੁਰੂਪ ਢਾਲ ਸਕਣਾ ਅਤਿਅੰਤ ਕਠਿਨ ਹੈ। ਟਰੰਪ ਜਿੰਨੀਆਂ ਮਰਜ਼ੀ ਟਪੂਸੀਆਂ ਮਾਰ ਲਵੇ, ਗਿਰਗਿਟ ਜਿੰਨੇ ਮਰਜ਼ੀ ਰੰਗ ਬਦਲ ਲਵੇ, ਕੁਦਰਤ ਦੇ ਆਪਣੇ ਕੁਝ ਅਸੂਲ ਨੇ, ਵਿਧਾਨ ਹੈ, ਜਦੋਂ ਕੁਦਰਤ ਅਥਵਾ ਕਾਇਨਾਤ ਆਪਣੀ ਮਰਿਆਦਾ ਖ਼ੁਦ ਕਾਇਮ ਕਰਨ ਵੱਲ ਹੋਈ ਤਾਂ ਟਰੰਪ ਦੀਆਂ ਟਪੂਸੀਆਂ ਕੇਵਲ ਬਾਂਦਰ ਟਪੂਸੀਆਂ ਹੀ ਸਾਬਤ ਹੋਣਗੀਆਂ। ਗਿਰਗਿਟ ਦਾ ਰੰਗ ਬਦਲਣਾ ਉਸ ਦੀ ਆਪਣੀ ਲੋੜ ਹੈ ਨਾ ਕਿ ਉਹ ਕੁਦਰਤ ਦੇ ਕਿਸੇ ਰੰਗ ਨੂੰ ਬਦਲਣ ਦੇ ਸਮਰੱਥ ਹੈ।

## ਅਜਮੇਲ ਗਿੱਲ ਦੀ ਕਵਿਤਾ



ਬੱਦਲਾਂ ਦੀ ਕੰਧ ਖੜੀ ਏ, ਸਾਡੇ ਵਿਚਕਾਰ ਅਜੇ
ਖਿਆਲਾਂ ਦੇ ਪੰਛੀਆਂ ਉੱਡਣਾ, ਪਰਬਤ ਤੋਂ ਪਾਰ ਅਜੇ
ਬਰਫ਼ਾਂ ਦੇ ਤੁਫ਼ਾਨਾਂ ਵਿੱਚ, ਖੰਭ ਤਾਂ ਭਿੱਜਣਗੇ
ਕੰਡਿਆਂ ਤੇ ਪੈਰ ਤੁਰੇ ਨੇ, ਹੌਲੀ-ਹੌਲੀ ਗਿੱਝਣਗੇ

ਸੂਲ਼ੀ ਤੇ ਟੰਗੇ ਜਾਂਦੇ, ਸਾਡੇ ਜਜ਼ਬਾਤ ਅਜੇ
ਪੱਥਰਾਂ 'ਚੋਂ ਰੱਬ ਭਾਲ਼ਦੇ, ਮਰ ਗਏ ਹਜ਼ਰਾਤ ਬੜੇ
ਨੇਰੇ ਵਿੱਚ ਦੀਪ ਗੁਆਚੇ, ਇੱਕ ਦਿਨ ਤਾਂ ਲੱਭਣਗੇ
ਕੰਡਿਆਂ ਤੇ ......।

ਅੱਖਰਾਂ ਨੂੰ ਪੱਥਰਾਂ ਥੱਲਿਓਂ, ਇੱਕ ਦਿਨ ਤਾਂ ਕੱਢਣਾ ਪਊ
ਝੂਠੇ ਦਾ ਸਾਥ ਗੋਰੀਏ, ਇੱਕ ਦਿਨ ਤਾਂ ਛੱਡਣਾ ਪਊ
ਅੱਖਾਂ ਤੇ ਬੰਨੇ ਖੋਪੇ, ਇੱਕ ਦਿਨ ਤਾਂ ਖੁੱਲ੍ਹਣਗੇ
ਕੰਡਿਆਂ ਤੇ ......।

ਫ਼?ਕਰਾਂ ਵਿੱਚ ਫਿੱਕੇ ਪੈ ਗਏ, ਤੱਕਦਾਂ ਕਈ ਰੰਗਾਂ ਨੂੰ
ਮਾਂਵਾਂ ਦੇ ਪੁੱਤ ਮੁੜੇ ਨਾ, ਭੇਜੇ ਜੋ ਜੰਗਾਂ ਨੂੰ
ਸੁਫ਼ਨੇ ਸਰਹੱਦਾਂ ਉੱਤੇ, ਕੱਦ ਤੱਕ ਇਉਂ ਭੁੱਜਣਗੇ
ਕੰਡਿਆਂ ਤੇ ......।

ਰੂੜੀ ਤੇ ਰੂੜ੍ਹੀਵਾਦੀ, ਸੋਚ ਨੂੰ ਸੁੱਟਣਾ ਪਊ
ਲਾਇਆ ਭਰਮਾਂ ਦਾ ਬੂਟਾ, ਵਿਹੜੇ 'ਚੋਂ ਪੁੱਟਣਾ ਪਊ
ਨਹੀਂ ਤਾਂ ਧਰਮਾਂ ਦੇ ਨਾਂ ਤੇ, ਏਦਾਂ ਈ ਗਿੱਲ ਲੁੱਟਣਗੇ
ਕੰਡਿਆਂ ਤੇ ......।

# ਹਾਇਕੂ



**ਕਸ਼ਮੀਰੀ ਲਾਲ ਚਾਵਲਾ**
ਸੰਪਾਦਕ ਅਦਬੀ ਪਰਿਕਰਮਾ ਮੁਕਤਸਰ
91-9814814791

1) ਇੰਦਰ ਆਯਾ
ਤਰਲ ਹੋਈ ਮਨ
ਭਿੱਜਗੀ ਕਾਯਾ

2) ਬਾਜ਼ ਇਕੱਲਾ
ਸ਼ਿਕਾਰੀ ਬਹੁਤ ਨੇ
ਆਖਰ ਫਸੂ

3) ਚੰਨ ਦਾ ਬਿੰਬ
ਪਾਣੀ ਵਿਚ ਤੈਰਦਾ
ਫੜਦਾ ਬੱਚਾ

4) ਨੀਂਦ ਆਈ ਹੈ
ਬਣਾ ਬਾਂਹ ਸਿਰਾਣਾ
ਉਹ ਸੌਂ ਰਹੀ

5) ਰਿਸ਼ੀ ਰੁੱਖ ਨੇ
ਤਪਸਿਆ ਦਾ ਫ਼ਲ
ਬੱਦਲ ਛਾਏ

6) ਹਰਦਾ ਮਨ
ਪਾਣੀ ਭਰਾ ਗਗਨ
ਸ਼ੁਭ ਸ਼ਗਨ

7) ਮੁੱਠੀ ਵਿਚ ਨੇ
ਜੋ ਕਣਕ ਬੱਲੀਆਂ
ਵੱਡਾ ਖਜ਼ਾਨਾ

8) ਵਧਦੀ ਆਯੂ
ਢਲਦੀਆਂ ਇੱਛਾਵਾਂ
ਲੱਭਣ ਸਾਥ

9) ਮੀਂਹ ਆਇਗਾ
ਕੀੜੀਆਂ ਢੋ ਰਹੀਆਂ
ਆਪਣਾ ਦਾਣਾ

10) ਤੇਜ਼ ਪਾਣੀ ਦੇ
ਆਪਣੇ ਵਹਾਅ 'ਚ
ਟੁੱਟੀ ਨਹਿਰ

# ਮਿੰਨੀ ਕਹਾਣੀ : ਇਤਿਹਾਸਕ ਪਰਿਪੇਖ



**ਦਵਿੰਦਰ ਸਿੰਘ ਪਨੇਸਰ**

ਇੱਥੇ ਅਸੀਂ ਪੰਜਾਬੀ ਮਿੰਨੀ-ਕਹਾਣੀ ਦੇ ਇਤਿਹਾਸ ਉਪਰ ਚਰਚਾ ਕਰਨ ਦੀ ਯੋਜਨਾ ਬਣਾਈ ਹੈ। ਜਦੋਂ ਅਸੀਂ, ਇਸ ਸਾਹਿਤਕ-ਵਿਧਾ ਦੇ ਇਤਿਹਾਸ ਦੀ ਗੱਲ ਕਰਦੇ ਹਾਂ ਤਾਂ ਇਸ ਵਿਚ, ਪੰਜਾਬੀ ਮਿੰਨੀ-ਕਹਾਣੀ ਦੇ ਨਿਕਾਸ ਜਾਂ ਮੁੱਢ ਅਤੇ ਇਸ ਦੇ ਵਿਕਾਸ-ਪੜਾਵਾਂ ਦੀ ਗੱਲ ਆ ਜਾਂਦੀ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਿਆ ਹੋਇਆ ਹੈ ਕਿ ਭਾਸ਼ਾ ਵਿਭਾਗ, ਪੰਜਾਬ ਦੇ ਆਪਣੀ ਬਹੁ-ਚਰਚਿਤ ਪੱਤ੍ਰਿਕਾ "ਪੰਜਾਬੀ ਦੁਨੀਆ" ਦਾ ਇਕ ਅੰਕ, "ਮਿੰਨੀ-ਕਹਾਣੀ ਆਲੋਚਨਾਤਮਕ ਵਿਸ਼ੇਸ਼ ਅੰਕ (ਅਕਤੂਬਰ-ਦਸੰਬਰ 2020) ਪ੍ਰਕਾਸ਼ਤ ਕੀਤਾ। ਕਰਮਜੀਤ ਕੌਰ (ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ), ਇਸ ਵਿਸ਼ੇਸ਼ ਅੰਕ ਦੇ ਮੁੱਖ ਸੰਪਾਦਕ ਹਨ ਅਤੇ ਡਾ. ਵੀਰਪਾਲ ਕੌਰ (ਡਿਪਟੀ ਡਾਇਰੈਕਟਰ) ਤੇ ਸਤਨਾਮ ਸਿੰਘ (ਸਹਾਇਕ ਡਾਇਰੈਕਟਰ), ਇਸ ਵਿਸ਼ੇਸ਼ ਅੰਕ ਦੇ ਸੰਪਾਦਕ ਹਨ। ਮਿੰਨੀ-ਕਹਾਣੀ, ਖ਼ਾਸ ਕਰਕੇ, ਪੰਜਾਬੀ ਮਿੰਨੀ-ਕਹਾਣੀ ਦੇ ਭਿੰਨ-ਭਿੰਨ ਪੱਖਾਂ ਉਪਰ, ਇਸ ਵਿਚ 14 ਆਲੋਚਨਾਤਮਕ ਲੇਖ ਸ਼ਾਮਿਲ ਹਨ। ਅਖੀਰ 'ਤੇ ਪੁਸਤਕ ਰੀਵਿਊ ਅੰਕਿਤ ਹੈ। ਇਨ੍ਹਾਂ 'ਚੋਂ ਇਕ ਲੇਖ ਸਿੱਧੇ ਤੌਰ 'ਤੇ ਪੰਜਾਬੀ ਮਿੰਨੀ-ਕਹਾਣੀ ਦੇ ਨਿਕਾਸ ਤੇ ਵਿਕਾਸ, ਵਿਸ਼ੇ ਨਾਲ ਸੰਬੰਧਤ ਹੈ। ਡਾ. ਹਰਪ੍ਰੀਤ ਸਿੰਘ ਰਾਣਾ, ਇਸ ਲੇਖ ਦੇ ਲੇਖਕ ਹਨ। ਜਿੱਥੋਂ ਤੱਕ ਪੰਜਾਬੀ ਮਿੰਨੀ-ਕਹਾਣੀ ਦੇ ਨਿਕਾਸ ਦਾ ਸੰਬੰਧ ਹੈ, ਉਸ ਬਾਬਤ ਇੱਥੇ ਸਪੱਸ਼ਟ ਟਿੱਪਣੀ ਕੀਤੀ ਗਈ ਹੈ। ਉਨ੍ਹਾਂ ਦੇ ਕਹਿਣ ਮੁਤਾਬਕ, ਕੁੱਝ ਵਿਦਵਾਨ ਆਲੋਚਕ, ਹੋਰਨਾਂ ਗਲਪ-ਰੂਪਾਂ ਦੀ ਤਰ੍ਹਾਂ, ਪੰਜਾਬੀ ਮਿੰਨੀ-ਕਹਾਣੀ ਦੇ ਬੀਜ, ਪ੍ਰਾਚੀਨ ਪੰਜਾਬੀ ਅਤੇ ਭਾਰਤੀ ਸਾਹਿਤਕ ਵਿਚੋਂ ਲੱਭਦੇ ਹਨ। ਜਿਵੇਂ ਕਿ :

ਮਿੰਨੀ-ਕਹਾਣੀ ਦੇ ਬੀਜ ਸਾਨੂੰ, ਆਪਣੇ ਪੁਰਾਤਨ ਸਾਹਿਤ, ਜਿਵੇਂ ਕਿ ਨਾਥ ਜੋਗੀਆਂ ਦੀ ਬਾਣੀ, ਸ਼ੇਖ ਫ਼ਰੀਦ ਦੇ ਸਲੋਕਾਂ, ਭਾਈ ਗੁਰਦਾਸ ਦੀਆਂ ਵਾਰਾਂ, ਜਨਮ-ਸਾਖੀਆਂ ਅਤੇ ਇਸ ਤੋਂ ਇਲਾਵਾ ਕਥਾ, ਸਾਖੀ ਸੁਖਨ, ਬਚਨ, ਹਿਦਾਇਤ, ਸਿਧੀ, ਪ੍ਰਮਾਣ, ਪ੍ਰੇਤ, ਪਰੀ, ਜਨੌਰ ਨੀਤੀ, ਦੈਂਤ ਕਥਾਵਾਂ, ਟੋਟਕਾ, ਸਿੱਧੀ ਆਦਿ ਵਿਚ ਮਿਲਦੇ ਹਨ। ਪੁਰਾਤਨ ਭਾਰਤੀ ਕਥਾ-ਸਾਹਿਤ, ਜਿਵੇਂ ਇਤੋਪਦੇਸ਼, ਬੋਧ ਜਾਤਿਕਾ, ਪੰਚਤੰਤਰ, ਵੇਦ-ਪੁਰਾਨ ਵਿਚ ਵੀ, ਮਿੰਨੀ-ਕਹਾਣੀ ਜਾਂ ਲਘੂ-ਕਥਾ ਦੇ ਬੀਜ ਸਾੱ ਮਿਲਦੇ ਹਨ। ਪਰ, ਪੰਜਾਬੀ ਮਿੰਨੀ-ਕਹਾਣੀ ਦਾ ਪ੍ਰਾਚੀਨ ਸੋਮਾ, ਜਨਮ-ਸਾਖੀਆਂ ਵਾਰਤਕ ਰੂਪ ਵਿਚ ਹੋਣ ਕਾਰਨ, ਸਹੀ ਮੰਨਿਆ ਜਾਂਦਾ ਹੈ।"

ਭਾਵੇਂ, ਡਾ. ਰਾਣਾ ਦੇ ਇਸ ਲੇਖ ਦਾ ਸਿਰਲੇਖ "ਪੰਜਾਬੀ ਮਿੰਨੀ ਕਹਾਣੀ : ਜਨਮ ਅਤੇ ਨਿਕਾਸ' ਹੈ। ਪਰ, ਇਸ ਵਿਚ ਡਾ. ਹਰਪ੍ਰੀਤ ਸਿੰਘ ਨੇ ਭਿੰਨ-ਭਿੰਨ ਵਿਦਵਾਨਾਂ ਦੇ, ਸੰਬੰਧਤ ਵਿਸ਼ੇ ਬਾਰੇ ਵਿਚਾਰਾਂ ਨੂੰ ਸਾਡੇ ਨਾਲ ਸਾਂਝਿਆ ਕੀਤਾ ਹੈ। ਇਸ ਨਾਲ ਕਿਤੇ ਕਿਤੇ, ਪੰਜਾਬੀ ਮਿੰਨੀ ਕਹਾਣੀ ਵਿਚ ਹੋਏ ਕੁੱਝ ਵਿਕਾਸ ਦੀ ਸੂਚਨਾ ਵੀ ਮਿਲਦੀ ਹੈ। ਜਿਵੇਂ ਕਿ ਪੰਜਾਬੀ ਮਿੰਨੀ-ਕਹਾਣੀ ਦੇ ਮੁੱਢਲੇ ਲੇਖਕ ਜਗਦੀਸ਼ ਅਰਮਾਨੀ ਦੇ ਕਹਿਣ ਮੁਤਾਬਕ, 'ਮਿੰਨੀ" ਕਹਾਣੀ, ਨਵੀਨ ਕਲਾ ਹੈ, ਪਰ ਨਵੀਨ ਵਿਧਾ ਨਹੀਂ। ਇਸ ਸੰਬੰਧ ਵਿਚ ਅਰਮਾਨੀ ਹੁਰਾਂ ਦਾ ਕਹਿਣਾ ਹੈ ਕਿ ਭਾਈ ਮਨੀ ਸਿੰਘ ਜੀ ਦੀਆਂ ਕਿਰਤਾਂ"ਗਿਆਨ ਰਤਨਾਵਲੀਂ ਅਤੇ ਭਗਤ ਰਤਨਾਵਲੀ ਵਿਚ ਅੰਕਿਤ ਢੇਰ ਸਾਰੀਆਂ ਲਘੂ ਕ੍ਰਿਤੀਆਂ (ਮਿੰਨੀ-ਕਹਾਣੀਆਂ) ਦੇ ਕਾਰਨ, ਉਹ ਪੰਜਾਬੀ ਮਿੰਨੀ-ਕਹਾਣੀ ਦਾ ਮੋਢੀ ਹੋਣ ਦੇ ਪੂਰੇ ਹੱਕਦਾਰ ਹਨ। ਅਰਮਾਨੀ ਜੀ ਦੇ ਇਨ੍ਹਾਂ ਵਿਚਾਰਾਂ ਨਾਲ ਡਾ. ਅਨੂਪ ਸਿੰਘ ਸਹਿਮਤ ਨਹੀਂ ਹਨ। ਇਸ ਸੰਬੰਧ ਵਿਚ ਡਾ. ਅਨੂਪ ਸਿੰਘ ਦਾ ਆਪਣਾ ਹੀ ਤਰਕ ਹੈ। ਇੰਝ ਡਾ. ਰਾਣਾ ਇਸ ਨਤੀਜੇ 'ਤੇ ਪੁੱਜਦੇ ਹਨ ਕਿ :

ਸਮੇਂ ਦੀ ਗਤੀਸ਼ੀਲਤਾ ਅਤੇ ਪ੍ਰਸਥਿਤੀਆਂ ਸਦਕਾ, ਮਿੰਨੀ-ਕਹਾਣੀ ਦਾ ਜਨਮ, ਵੀਹਵੀਂ ਸਦੀ ਦੀ ਹੀ ਦੇਣ ਹੈ। ਇਸ ਗੱਲ ਨਾਲ ਸਾਰੇ ਆਲੋਚਕ ਸਹਿਮਤ ਹਨ ਕਿ ਵੀਹਵੀਂ ਸਦੀ ਦੇ ਅੱਜ ਤੋਂ ਕੁੱਝ ਸਮਾਂ ਪਹਿਲਾਂ, ਆਧੁਨਿਕ ਮਿੰਨੀ-ਕਹਾਣੀ ਦੇ ਬੀਜ-ਅੰਕ ਜਸਵੰਤ ਸਿੰਘ ਕੰਵਲ ਦੀ ਪੁਸਤਕ ਜੀਵਨ ਕਣੀਆਂ (1944 ਈ:) ਦੇ ਵਿਚ ਮਿਲਦੇ ਹਨ। ਫਿਰ ਬਿਸ਼ਨ ਸਿੰਘ ਉਪਾਸਕ

ਦੀ 'ਚੋਭਾਂ' (1956 ਈ:) ਅਤੇ ਜਗਦੀਸ਼ ਅਰਮਾਨੀ ਦੇ ਕਹਾਣੀ-ਸੰਗ੍ਰਹਿ ਧੂੰਆਂ ਅਤੇ ਬੱਦਲ (1967 ਈ:) ਵਿਚ ਤੇਰ੍ਹਾਂ ਮਿੰਨੀ-ਕਹਾਣੀਆਂ ਨਾਲ, ਮਿੰਨੀ-ਕਹਾਣੀ ਦਾ ਆਧੁਨਿਕ ਵਿਕਸਤ ਰੂਪ ਸਾਹਮਣੇ ਆਇਆ।

ਇਸ ਸੰਬੰਧ ਵਿਚ ਡਾ. ਅਜੀਤ ਸਿੰਘ ਦੀ ਇਹ ਟਿੱਪਣੀ ਵੀ ਇੱਥੇ ਜ਼ਿਕਰਯੋਗ ਹੈ ਕਿ :

1970-71 ਈ: ਦੇ ਲਗਭਗ ਜਦੋਂ ਮਿੰਨੀ ਬੱਸਾਂ, ਮਿੰਨੀ ਲਾਇਬ੍ਰੇਰੀਆਂ, ਮਿੰਨੀ ਸਕਰਟਾਂ, ਮਿੰਨੀ ਬੈਂਕ ਸ਼ੁਰੂ ਹੋਏ ਤਾਂ ਜਾਣੇ ਜਾਂ ਅਣਜਾਣੇ, ਇਸ ਵਿਧਾ ਦੇ ਨਾਲ ਮਿੰਨੀ (Mini) ਸ਼ਬਦ ਜੁੜ ਜਾਣ ਨਾਲ, ਇਸ ਵਿਧਾ ਮਿੰਨੀ-ਕਹਾਣੀ ਕਿਹਾ ਜਾਣ ਲੱਗਾ। ਮਿੰਨੀ ਸ਼ਬਦ ਅੰਗਰੇਜ਼ੀ (Mini) ਭਾਸ਼ਾ ਦੇ ਸ਼ਬਦ ਦਾ ਸਮਾਨਾਰਥੀ ਹੈ। ਜਿਵੇਂ ਪੰਜਾਬੀ ਨਾਵਲ ਸ਼ਬਦ ਅੰਗਰੇਜ਼ੀ ਦੇ (Novel) ਦਾ ਤਤਸਮ ਰੂਪ ਹੈ।"

ਜਿੱਥੋਂ ਤੱਕ ਪੰਜਾਬੀ ਮਿੰਨੀ-ਕਹਾਣੀ ਉਪਰ ਪਏ ਪ੍ਰਭਾਵਾਂ ਦਾ ਸੰਬੰਧ ਹੈ, ਉਸ ਬਾਬਤ ਡਾ. ਰਾਣਾ ਦਾ ਕਹਿਣਾ ਹੈ ਕਿ :

1960-1970 ਈ: ਦੇ ਸਮੇਂ ਦੌਰਾਨ, ਪੰਜਾਬੀ ਲੇਖਕਾਂ, ਖਾਸ ਕਰਕੇ, ਕਹਾਣੀ-ਵਿਧਾ ਨਾਲ ਜੁੜੇ ਲੇਖਕਾਂ ਦੀਆਂ ਰਚਨਾਵਾਂ ਉੱਤੇ ਪੂੰਜੀਵਾਦ ਅਤੇ ਪ੍ਰਯੋਗਸ਼ੀਲ ਲਹਿਰ ਦਾ ਅਸਰ, ਪ੍ਰਤੱਖ ਜਾਂ ਅਪ੍ਰਤੱਖ ਪਿਆ ਹੈ। ਨਾਲ ਹੀ ਨਾਲ ਦੂਜੀਆਂ ਭਾਸ਼ਾਵਾਂ, ਜਿਵੇਂ ਅੰਗਰੇਜ਼ੀ, ਫ਼ਰਾਂਸੀਸੀ, ਰੂਸੀ, ਉਰਦੂ, ਹਿੰਦੀ, ਬੰਗਲਾ ਆਦਿ ਸਾਹਿਤਕਾਰਾਂ ਦਾ ਪ੍ਰਭਾਵ ਵੀ, ਉਨ੍ਹਾਂ ਦੀਆਂ ਰਚਨਾਵਾਂ ਤੋਂ ਵੇਖਣ ਮਿਲਦਾ ਹੈ। ਸਾਡੇ ਉਸ ਸਮੇਂ ਦੇ ਪੰਜਾਬੀ ਕਹਾਣੀਕਾਰ ਰੂਸੀ ਲੇਖਕਾਂ ਚੈਖੋਵ, ਦੋਸਤੋਵਸਕੀ, ਤਾਲਸਤਾਏ, ਪੁਸ਼ਕਿਨ, ਗੋਰਕੀ, ਅੰਰਗੇਜ਼ੀ ਲੇਖਕਾਂ ਓ. ਹੈਨਰੀ, ਹਮਿੰਗਵੇ, ਫਾਕਨਰ, ਫ਼ਰਾਂਸੀਸੀ ਲੇਖਕ ਮੋਪਾਸਾਂ, ਜਰਮਨ ਲੇਖਕ ਕਾਮੂ, ਨੈਟ ਹੈਮਸਨ ਤੋਂ ਇਲਾਵਾ ਉਰਦੂ ਵਿਚ ਕੁਰਤੁਲੀਨ ਹੈਦਰ, ਸਾਅਦਤ ਹਸਨ ਮੰਟੋ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਹਿੰਦੀ ਵਿਚ ਮੋਹਨ ਰਾਕੇਸ਼, ਮੁਨਸ਼ੀ ਪ੍ਰੇਮ ਚੰਦ, ਮਨੂ ਭੰਡਾਰੀ, ਕਮਲੇਸ਼ਵਰ, ਰਾਜੇਂਦਰ ਯਾਦਵ, ਭੀਸ਼ਮ-ਸਾਹਨੀ ਆਦਿ ਤੋਂ ਕਾਫੀ ਪ੍ਰਭਾਵਿਤ ਹੋਏ। ਖਲੀਲ ਜ਼ਿਬਰਾਨ, ਸ਼ੇਖ ਸਾਅਦੀ ਅਤੇ ਸਾਅਦਤ ਹਸਨ ਮੰਟੋ ਦੀਆਂ ਲਘੂ ਕਥਾਵਾਂ ਨੇ, ਪੰਜਾਬੀ ਦੇ ਕਈ ਨਵੇਂ ਪੁਰਾਣੇ ਲੇਖਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਹ ਵੀ ਬਦੋਬਦੀ ਛੋਟੇ ਤੋਂ ਛੋਟੇ ਆਕਾਰ ਦੀਆਂ ਰਚਨਾਵਾਂ ਲਿਖਣ ਲੱਗ ਪਏ।

ਇਉਂ, ਡਾ. ਰਾਣਾ ਇਸ ਸਿੱਟੇ 'ਤੇ ਪੁੱਜਦਾ ਹੈ ਕਿ ਅਕਤੂਬਰ 1972 ਦੇ ਦੌਰਾਨ, ਸਤਵੰਤ ਕੈਂਥ ਨੇ ਪਹਿਲੀ ਵੇਰਾਂ ਆਪਣੀ ਪੁਸਤਕ ਬਰਫ਼ੀ ਦਾ ਟੁੱਕੜਾ, ਮਿੰਨੀ-ਕਹਾਣੀ ਸੰਗ੍ਰਹਿ ਵਜੋਂ ਪ੍ਰਕਾਸ਼ਤ ਕਰਵਾਇਆ। ਇਸ ਵਿਚ ਉਸ ਦੀਆਂ 28 ਦੇ ਕਰੀਬ ਰਚਨਾਵਾਂ ਸ਼ਾਮਿਲ ਹਨ। ਇਸ ਸੰਗ੍ਰਹਿ ਦੇ ਛਪਣ ਨਾਲ, ਪੰਜਾਬੀ ਲੇਖਕਾਂ ਨੇ ਸੁਚੇਤ ਪੱਧਰ 'ਤੇ, ਇਸ ਨਵੇਂ ਸਾਹਿਤਕ ਰੂਪਾਕਾਰ ਅਪਣਾਇਆ। ਇੰਝ ਮਿੰਨੀ-ਕਹਾਣੀ, ਪੰਜਾਬੀ ਗਲਪੀ-ਸਾਹਿਤ ਦੇ ਇਕ ਸੁਤੰਤਰ ਰੂਪਾਕਾਰ ਵਜੋਂ ਸਥਾਪਤ ਹੋਈ। ਇਹ ਡਾ. ਰਾਣਾ ਹੁਰਾਂ ਦੀ ਇਕ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਹੈ, ਜਿਸ ਨੂੰ ਉਨ੍ਹਾਂ ਨੇ, ਇਸ ਖੇਤਰ ਵਿਚ ਨਿਰੰਤਰ ਖੋਜ ਕਰਕੇ ਵਿਕਸਤ ਕੀਤਾ ਹੈ।

ਜਿੱਥੋਂ ਤੱਕ ਪੰਜਾਬੀ ਮਿੰਨੀ-ਕਹਾਣੀ ਦੇ ਇਤਿਹਾਸ ਅਤੇ ਇਤਿਹਾਸਕਾਰੀ ਦਾ ਸੰਬੰਧ ਹੈ, ਉਸ ਬਾਬਤ ਡਾ. ਗੁਰਦੀਪ ਸਿੰਘ ਨੇ "ਮਿੰਨੀ (ਜਨਵਰੀ-ਮਾਰਚ 2023, ਨੰਬਰ 137) ਨਾਮਕ ਪੱਤ੍ਰਿਕਾ ਵਿਚ"**"ਪੰਜਾਬੀ ਮਿੰਨੀ-ਕਹਾਣੀ : ਰੂਪ, ਇਤਿਹਾਸ ਅਤੇ ਇਤਿਹਾਸਕਾਰੀ ਦਾ ਸਵਾਲ"** ਇਕ ਲੇਖ ਲਿਖਿਆ। ਇੱਥੇ ਸਾਡਾ ਸੰਬੰਧ, ਪੰਜਾਬੀ ਮਿੰਨੀ-ਕਹਾਣੀ ਦੇ ਇਤਿਹਾਸ ਅਤੇ ਇਤਿਹਾਸਕਾਰੀ ਦੇ ਸਵਾਲ ਨਾਲ ਹੈ। ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਡਾ. ਸਰਬਜੀਤ ਸਿੰਘ ਦੇ ਵਿਚਾਰਾਂ ਦੇ ਹਵਾਲੇ ਨਾਲ ਇਹ ਅੰਤਰ-ਦ੍ਰਿਸ਼ਟੀ ਵਿਕਸਤ ਕੀਤੀ ਹੈ ਕਿ ਹੁਣ ਤੱਕ ਜਿੰਨੇ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਲਿਖੇ ਗਏ ਹਨ, ਉਹ 'ਕਾਲ' ਕੇਂਦਰਿਤ ਹਨ। ਜੇਕਰ, ਪੰਜਾਬੀ ਵਿਚ ਵਿਧਾਗਤ ਇਤਿਹਾਸ ਵੀ ਲਿਖੇ ਗਏ ਹਨ, ਉਹ ਵੀ ਵਧੇਰੇ ਕਰਕੇ, 'ਕਾਲ' ਕੇਂਦਰਿਤ ਮਾਡਲ-ਚੇਤਨਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹਨ। ਇਹ, ਡਾ. ਸਰਬਜੀਤ ਸਿੰਘ ਦੇ ਇਤਰਾਜ਼ ਹਨ, ਜਿਨ੍ਹਾਂ ਬਾਬਤ ਇੱਥੇ ਨਿੱਠਕੇ ਚਰਚਾ ਕੀਤੀ ਗਈ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕਿਸੇ ਵੀ ਸਾਹਿਤਕ-ਵਿਧਾ ਦੀ ਇਤਿਹਾਸਕਾਰੀ ਨਾਲ ਸੰਬੰਧਤ ਮਸਲੇ ਨਾਲ ਜੂਝਣ ਵਕਤ 'ਕਾਲ' ਦੇ ਸੰਕਲਪ ਤੋਂ, ਸਹਿਜੇ ਕੀਤਿਆਂ ਬਚਿਆ ਨਹੀਂ ਜਾ ਸਕਦਾ। ਸ਼ਾਇਦ ਇਹੀ ਵਜ੍ਹਾ ਹੈ ਕਿ ਉਨ੍ਹਾਂ ਨੇ ਜਿਹੜੀਆਂ ਉਦਾਹਰਣਾਂ ਵੀ ਦਿੱਤੀਆਂ ਹਨ, ਉਹ 'ਕਾਲ' ਦੇ ਸੰਕਲਪ ਤੋਂ ਮੁਕਤ ਨਹੀਂ ਹਨ।ਮਸਲਨ :

""ਜਦੋਂ ਵਿਧਾਵਾਂ ਆਪਣੇ ਸ਼ੁਰੂਆਤੀ ਦੌਰ ਵਿਚ ਹੁੰਦੀਆਂ ਹਨ, ਉਦੋਂ ਉਨ੍ਹਾਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ।

ਪਰ, ਜਦੋਂ ਵਿਧਾ 'ਕਾਲ' ਪੱਖ ਤੋਂ ਪੰਜਾਹ ਵਰ੍ਹੇ ਦਾ ਸਮਾਂ ਪਾਰ ਕਰਦੀ ਹੈ, ਉਦੋਂ ਘੱਟੋ ਘੱਟ ਉਸ ਵਿਧਾ ਨਾਲ ਜੁੜੇ ਚਿੰਤਕਾਂ ਨੂੰ, ਇਸ ਦੀ ਇਤਿਹਾਸਕਾਰੀ ਦਾ ਮਾਡਲ ਤਿਆਰ ਕਰਨ ਲਈ ਚਿੰਤਤ ਹੋਣਾ ਚਾਹੀਦਾ ਹੈ। ਸਾਡੇ ਸਾਹਮਣੇ ਕੁੱਝ ਨੁਕਤੇ ਇਸ ਦੀ ਇਤਿਹਾਸਕਾਰੀ ਦੇ ਆਏ ਵੀ ਹਨ, ਪਰ ਉਹ ਸਿਰਫ਼ 'ਕਾਲ' ਨੂੰ ਸਾਹਮਣੇ ਰੱਖਕੇ ਕੀਤੀ ਗਈ ਵੰਡ ਹੈ, ਜਿਸ ਵਿਚੋਂ"ਮਿੰਨੀ-ਕਹਾਣੀ ਦੇ ਚਾਰ 'ਦਹਾਕੇ' ਪੁਸਤਕ ਵਿਚ, ਇਸ ਦੀ ਵੰਡ ਇਸ ਤਰ੍ਹਾਂ ਹੋਈ ਹੈ:

ਮਿੰਨੀ-ਕਹਾਣੀ : ਸ਼ੁਰੂਆਤੀ ਦੌਰ (1972 ਤੋਂ 1988 ਤੱਕ ਦੀ ਮਿੰਨੀ-ਕਹਾਣੀ)

ਮਿੰਨੀ-ਕਹਾਣੀ : ਵਿਕਾਸ ਵੱਲ (1989 ਤੋਂ 2000 ਤੱਕ ਦੀ ਮਿੰਨੀ-ਕਹਾਣੀ)

ਮਿੰਨੀ-ਕਹਾਣੀ : ਪਛਾਣ ਵੱਲ (2001 ਤੋਂ 2012 ਤੱਕ ਦੀ ਮਿੰਨੀ-ਕਹਾਣੀ)

ਜਦੋਂ ਅਸੀਂ ਇਸ ਪੱਖ ਤੋਂ, ਇਸ ਦੀ ਨਿਸ਼ਾਨਦੇਹੀ ਕਰਨ ਵੱਲ ਤੁਰਦੇ ਹਾਂ ਤਾਂ ਇਸ ਵੰਡ ਵਿਚ ਜਿਸੱ ਸ਼ੁਰੂਆਤੀ ਦੌਰ ਕਿਹਾ ਗਿਆ ਹੈ, ਉਸ ਦੌਰ ਵਿਚ ਬਹੁਤ ਅਹਿਮ ਮਿੰਨੀ-ਕਹਾਣੀਆਂ ਮਿਲਦੀਆਂ ਹਨ, ਜਿਹੜੀਆਂ ਇਸ ਦੌਰ ਦਾ ਗਵਾਹ ਵੀ ਬਣੀਆਂ ਅਤੇ ਰੂਪ ਪੱਖ ਤੋਂ ਇਸ ਵਿਧਾ ਦੀ ਪਛਾਣ ਵੀ ਬਣੀਆਂ। ਦੂਜੀ ਵੰਡ ਅਣੂ 'ਕਹਾਣੀਆਂ' ਸਿਰਲੇਖ ਹੇਠ ਛਪੀ ਪੁਸਤਕ ਵਿਚ ਮਿਲਦੀ ਹੈ:

ਭਾਗ ਪਹਿਲਾ (1972 ਤੋਂ 1980 ਈ.)

ਭਾਗ ਦੂਜਾ (1981 ਤੋਂ 1990 ਈ.)

ਭਾਗ ਤੀਜਾ (1991 ਤੋਂ 2000 ਈ.)

ਭਾਗ ਚੌਥਾ (2001 ਤੋਂ 2010 ਈ.)

ਜਾਂ ਇਸ ਤਰ੍ਹਾਂ ਹੋ ਸਕਦਾ ਹੈ ਕਿ ਪੀਐਚ.ਡੀ. ਦੇ ਖੋਜਾਰਥੀਆਂ ਨੇ ਇਸ ਪਾਸੇ ਇਤਿਹਾਸਕਾਰੀ ਦੇ ਮਾਡਲ ਦੀ ਗੱਲ ਤੋਰੀ ਹੋਵੇ। ਪਰ, ਇਸ ਨੂੰ 'ਕਾਲ' ਅਤੇ"'ਸੰਕਲਪ' ਪੱਖੋਂ ਕੇਂਦਤਿਰ ਕਰਕੇ, ਇਸ ਦੀ ਇਤਿਹਾਸਕਾਰੀ ਦੇ ਮਾਡਲ ਅਤੇ ਗਲਪ ਸ਼ਾਸਤਰ ਦੀ ਰੂਪਰੇਖਾ ਉਲੀਕਣੀ ਚਾਹੀਦੀ ਹੈ। ਇਸ ਪੱਖ ਤੋਂ ਸਾਹਿਤ ਦੀ ਇਤਿਹਾਸਕਾਰੀ ਦੇ ਮਾਡਲ ਵੀ ਕੇਂਦਰ ਵਿਚ ਰੱਖੇ ਜਾ ਸਕਦੇ ਹਨ। ਪਰ, ਮਿੰਨੀ-ਕਹਾਣੀ ਦੀ ਇਤਿਹਾਸਕਾਰੀ ਦਾ ਨਵਾਂ ਮਾਡਲ ਸਾਹਮਣੇ ਆਉਣਾ ਚਾਹੀਦਾ ਹੈ। ਦੂਜਾ, ਮੇਰਾ ਮੰਨਣਾ ਹੈ ਕਿ ਇਹ ਇਤਿਹਾਸਕਾਰੀ ਸਿਰਫ਼ ਵਸਤੂ ਕੇਂਦਰਿਤ ਨਾ ਹੋਵੇ, ਬਲਕਿ ਰੂਪ ਨੂੰ ਬਰਾਬਰ ਅਹਿਮੀਅਤ ਦੇਣ ਵਾਲੀ ਹੋਵੇ। ਮੈਂ ਖੁਦ ਵੀ ਇਸ ਦੀ ਇਤਿਹਾਸਕਾਰੀ ਦਾ ਮਾਡਲ ਤਲਾਸ਼ਣ ਦਾ ਯਤਨ ਕਰਾਂਗਾ। ਇਸ ਮਾਡਲ ਦੀ ਤਲਾਸ਼ ਦੇ ਆਧਾਰ ਵਿਚ ਕੁਝ ਪੁਸਤਕਾਂ ਅਧਾਰ ਸਰੋਤ ਬਣਨਗੀਆਂ।"

ਇੱਥੇ ਡਾ. ਗੁਰਦੀਪ ਸਿੰਘ ਹੁਰਾਂ ਨੇ ਬਾਖੂਬੀ ਸਪੱਸ਼ਟ ਕੀਤਾ ਹੈ ਕਿ ਪੰਜਾਬੀ ਮਿੰਨੀ-ਕਹਾਣੀ ਦੀ ਇਤਿਹਾਸਕਾਰੀ ਦਾ ਕੋਈ ਨਵਾਂ ਮਾਡਲ ਸਾਹਮਣੇ ਆਉਣਾ ਚਾਹੀਦਾ ਹੈ। ਜੋ ਸਿਰਫ਼ ਵਸਤੂ (Content) ਕੇਂਦਰਿਤ ਹੀ ਨਾ ਹੋਵੇ, ਬਲਕਿ ਇਸ ਸਾਹਿਤਕ-ਵਿਧਾ (ਪੰਜਾਬੀ ਮਿੰਨੀ-ਕਹਾਣੀ) ਵਿਚ 'ਰੂਪ' ਨੂੰ ਵੀ ਬਰਾਬਰ ਦੀ ਅਹਿਮੀਅਤ ਦੇਣ ਵਾਲਾ ਹੋਵੇ। ਸਾਡੀਆਂ ਸ਼ੁੱਭ ਇੱਛਾਵਾਂ ਹਮੇਸ਼ਾ ਉਨ੍ਹਾਂ ਦੇ ਨਾਲ ਹਨ। ਹਾਲ ਹੀ ਘੜੀ ਅਸੀਂ ਇਸੇ 'ਕਾਲ' ਕੰਦਰਿਤ ਮਾਡਲ ਨੂੰ ਹੀ, ਆਪਣਾ ਆਧਾਰ ਮੰਨ ਕੇ ਤੁਰਦੇ ਹਾਂ।

ਡਬਲਿਯੂ.ਜ਼ੈਡ. 68
ਪਲਾਟ ਨੰਬਰ 59
ਰਵੀ ਨਗਰ, ਤਿਲਕ ਨਗਰ
ਨਵੀਂ ਦਿੱਲੀ-110018
ਮੋਬਾਈਲ : 9810678795, 9811063631




**ਰਚਨਾਂਜਲੀ ਦੀ ਮੁੱਖ ਸੰਪਾਦਕ ਸ਼੍ਰੀਮਤੀ ਮਾਲਾ ਅਗਰਵਾਲ ਮਾਧਵੀ ਨੂੰ ਆਪਣੀ ਆਵਾਜ਼ ਦਾ ਤਾਜ਼ਾ ਅੰਕ ਭੇਟ ਕਰਦਿਆਂ, ਡਾ. ਰਾਮ ਮੂਰਤੀ ਅਤੇ ਜਨਾਬ ਸੰਤ ਸਿੰਘ ਸੰਧੂ।**

ਵਿਅੰਗ

# ਮੂਰਖਾਂ ਦਾ ਪ੍ਰਧਾਨ

ਮਨੀਸ਼ ਤਾਲਿਬ

ਇੱਕ ਵਾਰ ਭਾਰਤ ਦੇ ਕਿਸੇ ਸ਼ਹਿਰ ਵਿੱਚ ਕੁਝ ਜ਼ਾਹਿਲਾਂ ਅਤੇ ਮੂਰਖਾਂ ਦੇ ਵਰਗ ਦਾ ਹਾਕਮ ਦੇ ਸਰਕਾਰੀ ਕੰਮਾਂ ਜਾਂ ਸਿਸਟਮ ਤੋਂ ਕੁੱਝ ਦਿੱਕਤਾਂ ਦਾਂ ਸਾਹਮਣਾ ਕਰਨਾ ਪੈਣ ਲੱਗਾ। ਉਹਨਾਂ ਵਿੱਚੋਂ ਕੁੱਝ ਇੱਕ ਦੋ ਨੇ ਕੁੱਝ ਅਕਲਮੰਦਾ ਨੂੰ ਕਿਸੇ ਸ਼ਹਿਰ ਵਿੱਚ ਜਲਸੇ ਜਾਂ ਮਜਲਿਸ ਕਰਦਿਆਂ ਵੇਖਿਆ। ਆਪਣੇ ਨਗਰ ਆ ਕੇ ਉਨ੍ਹਾਂ ਦੀ ਨਕਲ ਕਰਦਿਆਂ ਹੋਇਆਂ ਹੌਲੀ ਹੌਲੀ ਇਕੱਠ ਯਾਨੀ ਕਿ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾਂ। ਕਿਉਂਕਿ ਉਹਨਾਂ ਨੇ ਇਹ ਸੁਣ ਲਿਆ ਕੀ ਇਕੱਠ ਤੋਂ ਤਾਂ ਸਰਕਾਰਾਂ ਵੀ ਡਰਦੀਆਂ ਨੇ, ਪਰ ਉਹ ਪੁਰੀ ਤਕਰੀਰ ਸੁਣ ਨਾਂ ਸਕੇ ਅਤੇ ਨਾ ਉਹਨਾਂ ਦਾਂ ਸਿਸਟਮ ਅਤੇ ਕਮੇਟੀ ਦਾਂ ਕੰਮ ਕਾਜ ਵੇਖਿਆ। ਮੂਰਖ਼ ਸਨ ਨਾਂ ਚੰਗੀ ਤਰ੍ਹਾਂ ਕਿਸੇ ਨੂੰ ਗੱਲ ਕਰਨ ਦਾ ਪਤਾ ਅਤੇ ਨਾਂ ਹੀ ਫੈਸਲਾ ਕਰਨ ਦਾ ਪਤਾ ਅਤੇ ਨਾਂ ਹੀ ਕੋਈ ਸਚੁੱਜੀ ਲੀਡਰਸ਼ਿਪ ਅਤੇ ਨਾਂ ਹੀ ਬੈਠਣ ਖੜ੍ਹੇ ਹੋਣ ਦਾ ਪਤਾ। ਹਰ ਵਾਰ ਇਕੱਠ ਤਾਂ ਕਰ ਲੈਂਦੇ ਥੋੜ੍ਹੀ ਦੇਰ ਬਾਅਦ ਆਪਸ ਵਿੱਚ ਖੱਪ ਖਾਨਾ ਪਾ ਲੈਣਾ ਕਈ ਵਾਰ ਕੁਟਮਾਰ ਕਰਨੀ ਜਾਂ ਗਾਲੋ ਗਾਲੀ ਹੋ ਕੇ ਭੱਜ ਜਾਣਾ। ਪਰ ਸਰਕਾਰੀ ਡਰ ਤੇ ਲੋੜ ਲਈ ਫਿਰ ਕੁੱਝ ਸਮੇਂ ਬਾਅਦ ਇਕੱਠੇ ਹੋ ਜਾਣਾ। ਇਸੇ ਤਰ੍ਹਾਂ ਕੁਝ ਸਾਲ ਦੋ ਸਾਲ ਚੱਲਦਾ ਰਿਹਾ।

ਇੱਕ ਵਾਰ ਉਨ੍ਹਾਂ ਦੀ ਮਜਲਿਸ ਅੰਦਰ ਲੜਾਈ ਤੇ ਖੱਪ ਪਹਿਲਾਂ ਬੋਲਣ ਤੋਂ ਲੈ ਕੇ ਪੈ ਗਈ, ਨਾਂ ਆਪ ਬੋਲਣ ਨਾਂ ਦੂਜੇ ਨੂੰ ਬੋਲਣ ਦੇਣ। ਉਥੇ ਰੌਲਾ ਸੁਣ ਕੇ ਇੱਕ ਐਸਾ ਬੰਦਾ ਆ ਗਿਆ ਜੋਂ ਥੋੜਾ ਬਹੁਤ ਆਪਣੇ ਆਪ ਵਿੱਚ ਸਿਆਣਾਂ ਤੇ ਤਜਰਬੇਕਾਰ ਸੀ ਉਸ ਨੇ ਆ ਕੇ ਪੁੱਛਿਆ ਭਾਈ ਤੁਹਾਡਾ ਪ੍ਰਧਾਨ ਕਿਹੜਾ ਉਹ ਇਕੋਂ ਜ਼ੁਬਾਨ ਵਿੱਚ ਬੋਲੇ ਇਥੇ ਸਾਰੇ ਪ੍ਰਧਾਨ ਹੀ ਹਾਂ। ਉਸ ਨੇ ਉਹਨਾਂ ਦੇ ਅੰਦਰ ਦੇ ਹਾਲਾਤ ਵੇਖੇ ਅਤੇ ਜਾਂਦਾ ਜਾਂਦਾ ਆਂਖ ਗਿਆ ਭਾਈ ਤੁਸੀਂ ਆਪਣੇ ਵਿੱਚੋਂ ਕੋਈ ਇੱਕ ਪ੍ਰਧਾਨ ਚੁਣ ਲੋ ਜਿਹੜਾ ਤਹਾਨੂੰ ਸਮਝਾਵੇ ਅਤੇ ਤੁਹਾਡੀਆਂ ਦਿੱਕਤਾਂ ਦਾਂ ਹੱਲ ਕਰੇ। ਉਨ੍ਹਾਂ ਵਿੱਚ ਕੁਝ ਮੂਰਖਾ ਨੇ ਆਪਸ ਵਿੱਚ ਸਲਾਹ ਕੀਤੀ ਕਿ ਇਹ ਗੱਲ ਤਾਂ ਕੁੱਝ ਸਿਆਣੀ ਕਰਦਾ, ਦਸੋਂ ਕਿਉਂ ਨਾ ਆਪਾਂ ਇਸਨੂੰ ਹੀ ਆਖੀਏ ਕਿ ਸਾਨੂੰ ਕੋਈ ਸਲਾਹ ਦੇ ਜਾ ਜਾਂ ਸਾਡੇ ਵਿੱਚੋਂ ਪ੍ਰਧਾਨ ਚੁਣ ਜਾਂ।

ਕੁਝ ਦਿਨਾਂ ਬਾਅਦ ਉਹ ਫੇਰ ਇਕੱਠ ਕਰ ਕੇ ਬੈਠ ਗਏ ਪਰ ਉਹ ਤਜਰਬੇਕਾਰ ਬੰਦਾ ਨਹੀਂ ਆਇਆ। ਇਹਨਾਂ ਵਿੱਚੋਂ



ਕਿਸੇ ਨੇ ਕਿਹਾ ਭਾਈ ਮੈਂ ਕੁੱਝ ਚਿਰ ਪਹਿਲਾਂ ਆਲਮਾਂ ਫਾਜਲਾਂ ਦੀ ਮਜਲਿਸ ਵਿੱਚ ਗਿਆ ਸੀ ਉਨ੍ਹਾਂ ਨੇ ਜਿਹੜਾ ਪ੍ਰਧਾਨ ਚੁਣਿਆ ਸੀ ਜਦੋਂ ਉਹ ਗੱਲ ਕਰਦਾ ਸੀ ਤਾਂ ਸਾਰੇ ਸਿਰ ਮਾਰ ਕੇ ਸ਼ਾਹਦੀ ਭਰਦੇ ਸੀ। ਫਿਰ ਇੱਕ ਮੂਰਖ਼ ਨੇ ਕਿਹਾ ਕਿ ਚਲੋ ਆਪਾਂ ਵੀ ਇਦਾਂ ਕਰਦੇ ਹਾਂ ਆਪਾਂ ਉਸ ਨੂੰ ਕੁਝ ਸਮਝਾਉਣ ਲਈ ਆਖਦੇ ਹਾਂ ਸ਼ਾਇਦ ਗੱਲ ਬਣ ਜਾਵੇ ਉਹ ਸਾਡੇ ਵਿੱਚੋਂ ਪ੍ਰਧਾਨ ਚੁਣ ਜਾਵੇ। ਉਨੀਂ ਦੇਰ ਨੂੰ ਉਹੀ ਬੰਦਾ ਉਨ੍ਹਾਂ ਦੀ ਮਜਲਿਸ ਕੋਲੋਂ ਫੇਰ ਲਗਿਆ ਤੇ ਉਸ ਨੇ ਉਨ੍ਹਾਂ ਨੂੰ ਫਿਰ ਪੁੱਛਿਆ ਕਿ ਤੁਸੀਂ ਪ੍ਰਧਾਨ ਚੁਣਿਆ ਕਿ ਨਹੀਂ। ਪਹਿਲਾਂ ਉਨ੍ਹਾਂ ਵਿੱਚੋ ਕੋਈ ਨਹੀਂ ਬੋਲਿਆ। ਫਿਰ ਇੱਕ ਬੋਲਦਾ ਹੈ ਜਨਾਬ ਤੁਸੀਂ ਸਿਆਣੇ ਹੋ ਤੁਸੀਂ ਸਾਨੂੰ ਸਮਝਾਉ। ਫਿਰ ਕੀ ਸੀ ਹੁਣ ਉਹ ਵੀ ਵਿਹਲਾ ਤੇ ਅਗੋਂ ਵੀ ਵੇਹਲੇ ਉਸ ਦੀ ਘਰ ਕੋਈ ਸੁਣਦਾ ਨਹੀਂ ਸੀ ਸਿੱਧੀ ਜਿਹੀ ਗੱਲ ਜਿਸਦੀ ਕੋਈ ਘਰ ਨਾਂ ਸੁਣਦਾ ਹੋਵੇ ਉਹ ਬਾਹਰ ਚੌਧਰੀ ਹੁੰਦਾ। ਉਸ ਨੇ ਮੌਕਾ ਦੇਖ ਕੇ ਗੱਲਾਂ ਕਰਨੀਆਂ ਚਾਲੂ ਕਰ ਦਿਤੀਆਂ। ਸਾਰੇ ਉਸ ਦੀਆਂ ਗੱਲ੍ਹਾਂ ਦੀ ਸ਼ਾਹਦੀ ਭਰਦੇ ਰਹੇ। ਉਹ ਗੱਲ ਤੇ ਗੱਲ ਕਰਦਾਂ ਰਿਹਾ ਉਹ ਸ਼ਾਹਦੀ ਤੇ ਸ਼ਾਹਦੀ ਭਰਦੇ ਰਹੇ। ਉਸ ਨੇ ਮਹਿਸੂਸ ਕੀਤਾ ਕਿ ਇਹਨਾਂ ਨੂੰ ਤਾਂ ਸਿਰਫ਼ ਟਰੇਨਿੰਗ ਦੀ ਲੋੜ ਹੈ ਤੇ ਸਿਰਫ਼ ਉਹੀ ਵਾਹਿਦ ਇੱਕ ਐਸਾ ਸ਼ਖਸ ਉਸ ਪਰਮ ਸ਼ਕਤੀ ਨੇ ਬਣਾਇਆ ਹੈ ਜਿਵੇਂ ਕਿਸੇ ਸਮੇਂ ਹਜ਼ਰਤ ਮੂਸਾ ਨੂੰ ਉਸ ਮਾਲਕ ਨੇ ਦੱਬੇ ਕੁੱਚਲੇ ਲੋਕਾਂ ਲਈ ਚੁਣਿਆ ਸੀ ਸ਼ਾਇਦ ਮੈਂ ਵੀ ਉਵੇਂ ਹੀ ਕੋਈ ਫਰਿਸ਼ਤਾ ਹੋਵਾਂ ਜੋਂ ਅੱਜ ਤੱਕ ਗੁਪਤ ਰਿਹਾ ਹੋਵੇ। ਇਨ੍ਹਾਂ ਮਜ਼ਲੂਮਾਂ ਦੀ ਮਦਦ ਲਈ ਆਇਆ ਹੋਵੇ। ਮੈਂ ਹੀ ਹਾਂ ਜੋਂ ਇਹਨਾਂ ਨੂੰ ਟਰੇਨ ਕਰ ਸਕਦਾ ਹੈ। ਮੂਰਖਾਂ ਨੇ ਉਸ ਦੀ ਬੁਹਤ ਖੁਸ਼ਾਮਦ ਕੀਤੀ। ਇਸ ਤਰ੍ਹਾਂ ਸਮਾਂ ਲੰਘਦਾ ਰਿਹਾ ਉਹ ਹਰ ਵਾਰ ਸਮੇਂ ਤੋਂ ਪਹਿਲਾਂ ਆਉਂਦਾ ਆਪਣੀ ਕੋਈ ਨਾ ਕੋਈ ਜ਼ੋਰਦਾਰ ਤਕਰੀਰ ਦਿੰਦਾ ਉਨ੍ਹਾਂ ਨੂੰ ਸਮਝਦਾਰੀ ਦੀਆਂ ਗੱਲਾਂ ਸਮਝਾਉਂਦਾ ਅਤੇ ਇਕੱਠੇ ਹੋ ਕੇ ਲਾਮਬੰਦੀ ਦੇ ਵਿਚਾਰ ਦਿੰਦਾ ਮੂਰਖ਼ ਸ਼ਾਹਦੀ ਭਰਦੇ ਰਹਿੰਦੇ। ਹੁਣ ਨਾਂ ਕੋਈ ਕਲੇਸ਼ ਨਾਂ ਕੋਈ ਝਗੜਾ। ਬਸ ਤਕਰੀਰਾਂ ਤੇ ਸ਼ਾਹਦੀਆ।

ਇੱਕ ਦਿਨ ਘੁੱਟ ਪੀਤੀ ਵਿੱਚ ਦੋ ਮੂਰਖ ਕਿਤੇ ਜਾ ਰਹੇ ਸੀ ਤੱਦ ਇੱਕ ਨੇ ਥਾਣੇ ਦੀ ਸਰਕਾਰੀ ਕੰਧ ਤੇ ਮੂਤਰ ਕਰ ਦਿੱਤਾ ਜਦੋਂ ਉਥੋਂ ਦੂਰ ਖੜੇ ਸ਼ਰੀਰ ਤੋਂ ਮਾੜੇ ਪੁਲਿਸ ਸਿਪਾਹੀ ਨੇ ਉਸ ਨੂੰ ਦੱਬਕਾ ਮਾਰਿਆ ਤੇ ਉਸ ਨੂੰ ਮਾਫ਼ੀ ਮੰਗ ਕੇ ਇਥੋਂ ਦੌੜਨ ਦਾ ਕਿਹਾ ਤਾਂ ਇਨੀਂ ਦੇਰ ਨੂੰ ਦੂਜਾ ਵੀ ਆ ਗਿਆ ਤੇ ਉਸ ਨੇ ਪੁੱਛਿਆ ਕੀ ਮਾਮਲਾ ਹੈ ਤਦ ਮੁਲਾਜ਼ਮ ਨੇ ਆਖਿਆ ਇਸ ਮੂਰਖ਼ ਨੇ ਥਾਣੇ ਦੀ ਕੰਧ ਤੇ ਮੂਤਰ ਕਰ ਦਿੱਤਾ ਤੇ ਦੂਜੇ ਨੇਂ ਕਿਹਾ "ਹੈ ਮੂਰਖ਼ ਕਿਸੇ ਥਾਂ ਦਾ, ਦੇਖ ਲੋ ਜਨਾਬ ਮੈਂ ਵੀ ਤਾਂ ਕੀਤਾ, ਨਾ ਕਿਸੇ ਨੂੰ ਪਤਾਂ ਲੱਗਾ ਨਾ ਕਿਸੇ ਨੂੰ ਕੁੱਝ ਕਿਹਾ; ਮੁਲਾਜ਼ਮ ਨੇ ਪੁੱਛਿਆ ਤੂੰ ਕਿਥੇ ਕੀਤਾ?" ਉਸ ਨੇ ਬਾਹਰ ਖੜ੍ਹੀ ਥਾਣੇਦਾਰ ਦੀ ਗੱਡੀ ਕੋਲ ਉਂਗਲ ਕਰ ਦਿੱਤੀ ਅਤੇ ਕਿਹਾ ਜਨਾਬ ਮੈਂ ਇਸਨੂੰ ਵੀ ਕਿਹਾ ਸੀ ਆਜਾ ਉਥੇ ਕਰਦੇ ਹਾਂ, ਪਰ ਇਹ ਮੇਰੀ ਮੰਨਦਾ ਕਿੱਥੇ ਆ। ਸਿਪਾਹੀ ਨੇ ਦੋਵਾਂ ਨੂੰ ਬੋਲਣਾ ਸ਼ੁਰੂ ਕਰ ਦਿੱਤਾ। ਮੂਰਖਾਂ ਨੇ ਵੇਖਿਆ ਕਿ ਫਸ ਗਏ ਹਾਂ। ਉਹ ਉਸ ਨੂੰ ਇਕੱਲਾ ਤੇ ਮਾੜਾ ਸਮਝ ਕੇ ਗਾਲਾਂ ਕੱਢਦੇ ਹੋਏ ਹੌਲੀ ਹੌਲੀ ਸਾਇਕਲਾਂ ਤੇ ਚੱਲ ਪਏ ਅਤੇ ਰਾਹ ਵਿੱਚ ਗੱਲਾਂ ਕਰਦੇ ਹਨ ਕਿ ਉਨ੍ਹਾਂ ਨੇ ਪੁਲਿਸ ਨੂੰ ਡਰਾ ਦਿੱਤਾ, ਵੇਖੀ ਇਕੱਠ ਦੀ ਤਾਕਤ। ਉਨ੍ਹਾਂ ਨੂੰ ਰਾਹ ਵਿੱਚ ਯਾਦ ਆਇਆ ਕਿ ਅੱਜ ਤਾਂ ਉਹਨਾਂ ਦੀ ਮਜਲਿਸ ਹੈ। ਉਹ ਚੁੱਪ ਚਾਪ ਆ ਕੇ ਮਜਲਿਸ ਵਿੱਚ ਬੈਠ ਗਏ। ਇਨੀਂ ਦੇਰ ਨੂੰ ਮਜਲਿਸ ਵਿੱਚ ਪੁਲਿਸ ਆ ਵੀ ਗਈ ਉਹਨਾਂ ਨੇ ਆ ਕੇ ਜਦੋਂ ਦਬਕੇ ਮਾਰੇਂ ਤਾਂ ਸਾਰੇ ਮੂਰਖ਼ ਦੌੜ ਗਏ। ਬਸ ਇਕੋ ਬੰਦਾ ਜੋਂ ਉਥੇ ਖੜ੍ਹਾ ਲੰਮੀਆਂ ਲੰਮੀਆਂ ਤਕਰੀਰਾਂ ਕਰ ਰਿਹਾ ਸੀ ਉਹ ਫੜਿਆ ਗਿਆ। ਜਦੋਂ ਪੁਲਿਸ ਨੇ ਉਸ ਨੂੰ ਦੋ ਘਸੁੰਨ ਮਾਰੇ ਤੇ ਉਸ ਨੂੰ ਪੁੱਛਿਆ ਕਿ ਦਸ ਤੂੰ ਕੋਣ ਏ ਤੇ ਇਨ੍ਹਾਂ ਨੂੰ ਇਹ ਕੀ ਅਕਲਾਂ ਦੇ ਰਿਹਾ ਏ? ਤਾਂ ਉਸ ਭਲੇ ਮਾਣਸ ਬੰਦੇ ਨੇ ਆਪਣੇ ਚਾਰੇ ਪਾਸੇ ਨਜ਼ਰ ਮਾਰੀ ਪਰ ਉਸ ਨੂੰ ਸਿਰਫ਼ ਖ਼ਾਲੀ ਦਰੀਆਂ ਤੇ ਬੀੜੀਆਂ ਦੇ ਟੋਟੇ, ਤੰਬਾਕੂ ਦੇ ਇੱਕ ਦੋ ਖਾਲੀ ਪੈਕਟ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਦਿਸਿਆ। ਅੰਤ ਥਾਣੇਦਾਰ ਨੇ ਉਸ ਨੂੰ ਫਿਰ ਦਬਕਾ ਮਾਰ ਕੇ ਪੁੱਛਿਆ ਦਸ ਇਨ੍ਹਾਂ ਸਾਰਿਆਂ ਮੂਰਖਾਂ ਦਾਂ ਪ੍ਰਧਾਨ ਕੋਣ ਹੈ। ਕੋਲ ਖੜੀਆ ਸਿਪਾਹੀ ਆਖਦਾ ਹੈ "ਜਨਾਬ ਇਨ੍ਹਾਂ ਮੂਰਖਾਂ ਦਾਂ ਪ੍ਰਧਾਨ ਵੀ ਕੋਈ ਵੱਡਾ ਮੂਰਖ਼ ਹੀ ਹੋਵੇਗਾ, ਤਾਂ ਉਸ ਨੇ ਫਿਰ ਇੱਧਰ ਉੱਧਰ ਵੇਖਿਆ ਤਾਂ ਨਜ਼ਰ ਨਾਂ ਆਵੇਂ ਕੁੱਝ ਸੋਚ ਕੇ ਹੋਲੀ ਆਵਾਜ਼ ਵਿੱਚ ਕਿਹਾ ਕੀ "ਲੈ ਚੱਲੋ ਜੀ" ਜਨਾਬ ਮੈਂ ਹੀ ਹਾਂ ਜੀ ਇਨ੍ਹਾਂ ਮੂਰਖਾਂ ਦਾਂ............। ਲੈ ਚੱਲੋ ਜੀ।

ਇਸ ਤਰ੍ਹਾਂ ਇੱਕ ਮੂਰਖਾਂ ਦੇ ਟੋਲੇ ਨੇ ਆਪਣੇ ਪ੍ਰਧਾਨ ਦੀ ਚੋਣ ਕੀਤੀ।

ਤੁਲਸੀ ਮੂਰਖ ਕੋ ਸਮਝਾਏ ਗਿਆਨ ਘਟਤਾ ਜਾਏਂ।
(ਗੋਸਵਾਮੀ ਤੁਲਸੀਦਾਸ)

***

# ਕੁਲਦੀਪ ਦੁਸਾਂਝ ਦੀਆਂ ਚਾਰ ਰੁਬਾਈਆਂ



**ਕੁਲਦੀਪ ਦੋਸਾਂਝ**
ਜਲੰਧਰ

## ਇੱਜ਼ਤ ਤੇ ਨ.ਫ਼ਰਤ

ਖੰਭਿਆਂ, ਇਮਾਰਤਾਂ ’ਤੇ ਲਟਕ ਕੇ ਕੰਮ ਕਰਦੇ ਕਾਰੀਗਰ ਸਾਡੀ ਇੱਜ਼ਤ ਦੇ ਹੱਕਦਾਰ ਨੇ।
ਜੇਲ੍ਹਾਂ ’ਚ ਸੜਦੇ ਸੀਨੀਅਰ ਪੁਲਿਸ ਅਫ਼ਸਰ ਤੇ ਬਲਾਤਕਾਰੀ ਲੀਡਰ ਸਾਡੀ ਨ.ਫ਼ਰਤ ਦੇ ਹੱਕਦਾਰ ਨੇ।
ਸਮਾਜਿਕ ਇੱਜ਼ਤ ਤੇ ਨ.ਫ਼ਰਤ ਵਿਚ ਜ਼ਮੀਨ-ਅਸਮਾਨ ਦਾ ਫ਼ਰਕ ਹੋਇਆ ਕਰਦੈ, ਦੋਸਤ!
ਇਨਸਾਨੀਅਤ ਦਾ ਤਕਾਜ਼ਾ ਹੈ ਕਿ ਕਾਮੇ, ਮਜ਼ਦੂਰ, ਹਲ-ਵਾਹਕ ਕਿਸਾਨ ਸਾਡੇ ਸਲਾਮ ਦੇ ਹੱਕਦਾਰ ਨੇ।

--------

## ਅੰਦਰ ਵੱਲ

ਦੂਸਰਿਆਂ ਤੇ ਦਿਆਲੂ ਹੋਣਾਂ, ਅਸਲ ’ਚ ਅਪਣੇ ਆਪ ਤੇ ਦਿਆਲੂ ਹੋਣਾ ਹੀ ਹੈ,
ਦੂਸਰਿਆਂ ਪ੍ਰਤੀ ਈਮਾਨਦਾਰ ਹੋਣਾਂ, ਅਪਣੇ ਆਪ ਨਾਲ ਈਮਾਨਦਾਰ ਹੋਣਾ ਹੀ ਹੈ,
ਦੋਸਤੋ! ਜ਼ਿੰਦਗੀ ਦੇ ਰੌਲੇ-ਗੌਲੇ ’ਚ ਇਹੋ ਜਿਹੀ ‘ਅੰਦਰ ਵੱਲ’ ਸੋਚ ਅਕਸਰ ਗੁੰਮ ਜਾਂਦੀ,
ਅੱਲਬਤਾ ਦੂਸਰਿਆਂ ਲਈ ਵਧੀਆ ਜ਼ਿੰਦਗੀ ਉਲੀਕਣਾ, ਅਪਣੇ ਲਈ ਵਧੀਆ ਜ਼ਿੰਦਗੀ ਉਲੀਕਣਾ ਹੀ ਹੈ।

--------

## ਖੁਦਾ ਕਹਿੰਦ

ਬੰਦਿਆ! ਤਾਮੀਰ ਕਰ, ਤੱਦਬੀਰ ਆ ਜਾਂਦੀ, ਤਕਦੀਰ ਦਾ ਫਿਕਰ ਨਾਂ ਕਰ,
ਮੇਹਨਤ-ਕਛ ਬਣ, ਈਮਾਨਦਾਰੀ ਦਾ ਪੱਲਾ ਫੜ, ਬੇਲੋੜੀ ਚਿੰਤਾ ਨਾਂ ਕਰ,
ਲੋੜੀਂਦੇ ਸਾਥੀ ਆ ਮਿਲਦੇ , ਇੰਜ ਰਸਤੇ ਹੋਰ ਆਸਾਨ ਹੋ ਜਾਂਦੇ ਨੇ ,
ਆਸ਼ਾਵਾਦੀ ਜ਼ਿੰਦਗੀ ਜੀਊ, ਮੈਨੂੰ ਯਾਦ ਕਰਨ ਦੀ ਜਿਆਦਾ ਫਿਕਰ ਨਾਂ ਕਰ।

--------

## ਫਾਰਵਰਡਜ਼

(ਉਨ੍ਹਾਂ ਦੋਸਤਾਂ ਦੇ ਨਾਂ ਜੋ ਹਮੇਸ਼ਾਂ, ਇਧਰੌਂ - ਉਧਰੌਂ ਫਾਰਵਰਫਜ਼ ਭੇਜਦੇ ਰਹਿੰਦੇ ਨੇ)
ਜੋ ਅਪਣੇ ਨਹੀਂ, ਦੂਜ਼ਿਆਂ ਤੋਂ ਆਏ ਤੇ ਦੂਜਿਆਂ ਨੂੰ ਭੇਜੇ ਉਹ ਹੈ ਫਾਰਵਰਡਜ਼,
ਰਚਨਾਤਮਿਕ ਕੋਈ ਹੋਰ, ਤੇ ਤੁਸੀਂ ਜਿਸ ਨਾਲ ਅਪਣਾ ਵੇਹੜਾ ਸ਼ਿੰਗਾਰਿਆ, ਉਹ ਹੈ ਫਾਰਵਰਡਜ਼,
ਮੰਨਿਆ ਕੇ ਵਧੀਆ ਤੇ ਘਿਸੀ-ਪਿਟੀ ਨੌਲਿਜ ਸਾਂਝੀ ਕਰਨਾਂ ਤੁਹਾਡੇ ਹੱਥ ’ਚ ਹੈ,
ਪਰ ਦੋਸਤੋ! ਆਉ ਕੋਈ ਨਵੇਂ ਬੀਜ਼ ਬੀਜ਼ੀਏ, ਨਵੀਆਂ ਫਸਲਾਂ ਉਗਾਈਏ, ਉਹ ਹੈ ਅਸਲੀ ਫਾਰਵਰਜ਼।

--------

# ਪੰਜਾਬੀ ਫਿਲਮਾਂ ਦੀਆਂ ਛੋਕਰ-ਖੇਲ੍ਹਾਂ ਵਿੱਚ ਫ਼ਕੀਰ ਦਾ ਤਕੀਆ : ਫਿਲਮ ਚਾਲੀ ਦਿਨ

-ਡਾ. ਰਾਮ ਮੂਰਤੀ

ਗੁਰਪ੍ਰੀਤ ਸਿੰਘ ਘੁੱਗਾ ਦੇ ਨਾਵਲ ਚਾਲੀ ਦਿਨ ਤੇ ਅਧਾਰਤ ਬਣੀ ਫਿਲਮ ਚਾਲੀ ਦਿਨ 19 ਜੂਨ ਨੂੰ ਵਿਸ਼ਵ ਭਰ ਦੇ ਸਿਨਮਾ ਘਰਾਂ ਦੇ ਵਿੱਚ ਰਿਲੀਜ਼ ਹੋਈ। ਇਸ ਫਿਲਮ ਦਾ ਪਹਿਲਾ ਸ਼ੋਅ ਕੇ ਸੀ ਸਿਨੇ ਕੰਪਲੈਕਸ ਨੂਰ ਮਹਿਲ ਰੋਡ ਨਕੋਦਰ ਵਿੱਚ ਦੇਖਣ ਦਾ ਮੌਕਾ ਮਿਲਿਆ। ਗੁਰਪ੍ਰੀਤ ਘੁੱਗੀ ਪੰਜਾਬੀ ਸਿਨੇਮਾ ਦੀ ਆਸ ਉਮੀਦ ਹੈ। ਉਸਨੇ ਪੰਜਾਬੀ ਫਿਲਮਾਂ ਨੂੰ ਅਰਦਾਸ ਵਰਗੀ ਗੰਭੀਰ ਫਿਲਮ ਦੇ ਕੇ ਪੰਜਾਬੀ ਸਿਨੇਮਾ ਦੀ ਗੁਣਵੱਤਾ ਵਿੱਚ ਬੇਜੋੜ ਵਾਧਾ ਕੀਤਾ ਹੈ। ਇਸ ਫਿਲਮ ਨੂੰ ਵੀ ਮੈਂ ਅਰਦਾਸ ਦੀ ਕੜੀ ਵਿੱਚ ਸਿਰਜੀ ਗਈ ਇੱਕ ਹੋਰ ਅਹਿਮ ਤੇ ਮਹੱਤਵਪੂਰਨ ਪੰਜਾਬੀ ਫਿਲਮ ਵਜੋਂ ਵੇਖਦਾ ਹਾਂ। ਇਸ ਫਿਲਮ ਵਿੱਚ ਪੰਜਾਬੀ ਦੇ ਪ੍ਰਸਿੱਧ ਗਾਇਕ ਤੇ ਲੇਖਕ ਸ਼ਾਇਰ ਦੇਬੀ ਮਖਸੂਸਪੁਰੀ ਨੇ ਸਾਈ ਜੀ ਦਾ ਲੀਡ ਰੋਲ ਕਰਕੇ ਆਪਣੇ ਅਭਿਨੈ ਦਾ ਸਿੱਕਾ ਜਮਾਇਆ ਹੈ। ਜਿੱਥੇ ਗੁਰਪ੍ਰੀਤ ਘੁੱਗੀ ਇੱਕ ਜਾਗਦੀ ਸੁਰਤ ਵਾਲੇ ਸਾਧੂ ਵਜੋਂ ਇਸ ਫਿਲਮ ਵਿੱਚ ਆਪਣੀ ਹਾਜ਼ਰੀ ਲਵਾਉਂਦੇ ਹਨ ਉਥੇ ਦੇਬੀ ਮਖਸੂਸਪੁਰੀ ਨੂੰ ਸਾਈ ਜੀ ਦਾ ਰੋਲ ਬਹੁਤ ਹੀ ਜਚਿਆ ਹੈ। ਦੇਬੀ ਖੁਦ ਇੱਕ ਫਕੀਰ ਕਿਸਮ ਦਾ ਸ਼ਾਇਰ ਤੇ ਗਾਇਕ ਹੈ । ਉਸਦੀ ਜ਼ਿੰਦਗੀ ਦੀ ਤਰਜ਼ ਮੁਤਾਬਕ ਉਸ ਨੂੰ ਇਹ ਬੜਾ ਖੂਬਸੂਰਤ ਰੋਲ ਮਿਲਿਆ ਹੈ। ਸ਼ਾਇਦ ਲੀਡ ਰੋਲ ਵਜੋਂ ਦੇਬੀ ਮਖਸੂਸਪੁਰੀ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਜਿਸ ਵਿੱਚ ਉਸਨੇ ਆਪਣੀ ਗੰਭੀਰ ਅਦਾਕਾਰੀ ਦਾ ਸਿੱਕਾ ਜਮਾ ਕੇ ਇੱਕ ਪਰੋੜ ਕਿਸਮ ਦੇ ਅਭਿਨੇਤਾ ਵਜੋਂ ਆਪਣੇ ਆਪ ਨੂੰ ਸਿੱਧ ਕੀਤਾ ਹੈ। ਸੁਖਣ ਵੜੈਚ ਨੇ ਸਾਈਂ ਜੀ ਦੇ ਸਹਿਯਾਤਰੀ ਵਜੋਂ ਬਹੁਤ ਖੂਬਸੂਰਤ ਅਭਿਨੇ ਦਾ ਮੁਜਾਹਰਾ ਕੀਤਾ ਹੈ। ਇਸ ਯਾਤਰਾ ਵਿੱਚ ਉਹ ਸਾਈਂ ਜੀ ਦੇ ਇੱਕ ਸ਼ਿਸ਼ ਵਜੋਂ ਵਿਚਰਦਾ ਹੋਇਆ ਜਿੰਦਗੀ ਦੇ ਗਹਿਰੇ ਭੇਦਾਂ ਦੀ ਸਮਝ ਪ੍ਰਾਪਤ ਕਰਦਾ ਹੈ। ਦ੍ਰਿਸ਼ਟੀ ਤਲਵਾਰ, ਨਿਰਮਲ ਰਿਸ਼ੀ ਤੇ ਹਰਬੀ ਸੰਘਾ ਨੇ ਵੀ ਆਪਣੇ ਪ੍ਰੌੜ ਅਭਿਨੈ ਦੀ ਹਾਜ਼ਰੀ ਇਸ ਫਿਲਮ ਵਿੱਚ ਲਗਵਾਈ ਹੈ। ਹਰਬੀ ਸੰਘਾ ਦਾ ਇਹ ਹਾਸਲ ਹੈ ਕਿ ਉਸਦੀ ਹਾਜ਼ਰੀ ਤੋਂ ਬਿਨਾਂ ਸ਼ਾਇਦ ਹੀ ਕੋਈ ਪੰਜਾਬੀ ਫਿਲਮ ਬਣਦੀ ਹੋਵੇ ਲੇਕਿਨ ਉਸਦੇ ਅਭਿਨੇ ਦੀ ਇੱਕ ਸੀਮਾ ਵੀ ਹੈ ਕਿ ਉਸਨੂੰ ਲਗਭਗ ਹਰ ਫਿਲਮ ਵਿੱਚ ਇੱਕ ਨਸ਼ੇੜੀ ਜਾਂ ਮਜਾਹੀਆ ਪਾਤਰ ਵਜੋਂ ਹੀ ਰੋਲ ਮਿਲਦਾ ਹੈ। ਹਰਬੀ ਸੰਘਾ ਨੂੰ ਆਪਣੇ ਅਭਿਨੈ ਦੀ ਇਸ ਸੀਮਾ ਤੋਂ ਬਾਹਰ ਵੀ ਨਿਕਲਣਾ ਚਾਹੀਦਾ ਹੈ, ਇਹ ਮੇਰੀ ਉਸ ਨੂੰ ਇੱਕ ਰਾਏ ਹੈ। ਮੀਸ਼ਾ ਸਾਰੋਵਾਲ, ਰਾਜਧਾਲੀਵਾਲ ਤੇ ਨਛੱਤਰ ਗਿੱਲ ਆਦਿ ਅਭਿਨੇਤਾਵਾਂ ਨੇ ਵੀ ਚੰਗਾ ਕੰਮ ਕੀਤਾ ਹੈ। ਇਸ ਫਿਲਮ ਦੇ ਨਿਰਦੇਸ਼ਕ ਤਰਨਵੀਰ ਸਿੰਘ ਜਗਪਾਲ ਦੇ ਨਿਰਦੇਸ਼ਨ ਦੀ ਦਾਦ ਦੇਣੀ ਵੀ ਬਣਦੀ ਹੈ। ਫਿਲਮ ਦੇ ਸੰਗੀਤ ਨੂੰ ਪੰਜਾਬੀ ਸੰਗੀਤ ਉਦਯੋਗ ਦੀਆਂ ਮਾਣਮਤੀਆਂ ਆਵਾਜਾਂ ਬੱਬੂ ਮਾਨ, ਨਛੱਤਰ ਗਿੱਲ, ਜੋਤੀ ਨੂਰਾ, ਜੋਤੀ ਟਾਂਗੜੀ, ਮੰਨਤ ਨੂਰ ਤੇ ਦੇਬੀ ਮਖਸੂਸਪੁਰੀ ਦੀਆਂ ਆਵਾਜ਼ਾਂ ਨੇ ਚਾਰ ਚੰਨ ਲਾਏ ਹਨ। ਇਹ ਫਿਲਮ ਗੰਭੀਰ ਕਿਸਮ ਦੇ ਸਾਹਿਤਿਕ ਪਾਠਕਾਂ ਤੇ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰੇਗੀ। ਇਹ ਫਿਲਮ ਸਿਨਮਾ ਘਰਾਂ ਵਿੱਚ ਭਾਵੇਂ ਭੀੜ ਨਾ ਵੀ ਜੁਟਾ ਸਕੇ ਤਾਂ ਵੀ ਇਸ ਫਿਲਮ ਦਾ ਪੰਜਾਬੀ ਫਿਲਮ ਇੰਡਸਟਰੀ ਨੂੰ ਇੱਕ ਮਹੱਤਵਪੂਰਨ ਯੋਗਦਾਨ ਮੰਨਿਆ ਜਾਵੇਗਾ। ਇਹ ਫਿਲਮ ਪੰਜਾਬੀ ਸਿਨੇਮਾ ਦੀ ਗੁਣਵੱਤਾ ਵਿੱਚ ਬੇਜੋੜ ਵਾਧਾ ਕਰਦੀ ਹੈ। ਇਸ ਫਿਲਮ ਦਾ ਥੀਮ ਇਸ ਗੱਲ ਦਾ ਲਖਾਇਕ ਬਣਦਾ ਹੈ ਕਿ ਪੰਜਾਬੀ ਲੋਕ ਆਪਣੇ ਵਿਰਾਸਤੀ ਸਾਹਿਤ ਜਿਵੇਂ ਗੁਰਬਾਣੀ ਅਤੇ ਸੂਫੀ ਸਾਹਿਤ ਤੋਂ ਸੇਧ ਲੈ ਕੇ ਇੱਕ ਸਫਲ ਜ਼ਿੰਦਗੀ ਜਿਉ ਸਕਦੇ ਹਨ ਅਤੇ ਜ਼ਿੰਦਗੀ ਦੇ ਮਰਮ ਨੂੰ ਸਮਝ ਕੇ ਖੁਸ਼ੀਆਂ ਭਰਿਆ ਜੀਵਨ ਜਿਉ ਸਕਦੇ ਹਨ। ਇਸ ਫਿਲਮ ਵਿੱਚ ਸਾਈਂ ਜੀ ਨਾਂ ਦਾ ਪਾਤਰ ਥਾਂ ਥਾਂ ਤੇ ਜ਼ਿੰਦਗੀ ਦੇ ਗੁੱਝੇ ਭੇਦਾਂ, ਕੁਦਰਤ ਦੇ ਨਿਯਮਾਂ ਅਤੇ ਸਫਲ ਜੀਵਨ ਦੇ ਰਾਜ ਨੂੰ ਆਪਣੇ ਪ੍ਰਵਚਨ ਜਾਂ ਵਾਰਤਾਲਾਪ ਰਾਹੀਂ ਥਾਂ ਥਾਂ ਤੇ ਪ੍ਰਗਟ ਕਰਦਾ ਤੁਰਿਆ ਜਾਂਦਾ ਹੈ। ਯਾਤਰਾ ਵਿੱਚ ਬੱਝੇ ਸਾਈਂ ਜੀ ਤੇ ਕੇਸਰ ਦੇ ਇਹ ਦੋ ਪਾਤਰ ਸਫਲ ਜੀਵਨ ਜਿਉਣ ਦੇ ਚਿੰਨਾਂ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ।

ਯਾਤਰਾ ਦੇ ਅਖੀਰ ਤੇ ਸਾਈ ਜੀ ਦੁਆਰਾ ਕੇਸਰ ਨੂੰ ਦਿੱਤੇ ਗਏ ਦੋ ਪੱਥਰ ਜਿਨਾਂ ਵਿੱਚੋਂ ਇੱਕ ਚਿੱਟੇ ਰੰਗ ਦਾ ਹੈ ਤੇ ਦੂਜਾ ਕਾਲੇ ਰੰਗ ਦਾ, ਇਹ ਦੋਵੇਂ ਪੱਥਰ ਜਿੰਦਗੀ ਵਿੱਚ ਦੁੱਖ ਸੁੱਖ ਦੇ ਚਿੰਨਾਂ ਵਜੋਂ ਉਭਰਦੇ ਹਨ ਅਤੇ ਦੁੱਖ ਸੁੱਖ ਦੇ ਇਹਨਾਂ ਦੋ ਪੱਥਰਾਂ ਦੇ ਵਿਚਕਾਰ ਦੀ ਲੰਘ ਕੇ ਹੀ ਇਨਸਾਨ ਨੇ ਆਪਣੇ ਜੀਵਨ ਨੂੰ ਸਫਲ ਬਣਾਉਣਾ ਹੁੰਦਾ ਹੈ। ਇਸ ਗੱਲ ਦਾ ਸੁਨੇਹਾ ਅਖੀਰ ਤੇ ਛੱਡਦੀ ਹੋਈ ਇਹ ਫਿਲਮ ਖਤਮ ਹੋ ਜਾਂਦੀ ਹੈ। ਸਸਤੀ ਤੇ ਘਟੀਆ ਕਮੇਡੀ ਨਾਲ ਲਬਰੇਜ ਬਹੁਤ ਸਾਰੀਆਂ ਅਜੋਕੀਆਂ ਫਿਲਮ ਵਿੱਚ ਇਹ ਫਿਲਮ ਮੈਨੂੰ ਕਿਸੇ ਫਕੀਰ ਦਾ ਤਕੀਆ ਜਾਪਦੀ ਹੈ। ਪੰਜਾਬੀ ਸਿਨੇਮਾ ਨੂੰ ਪਿਆਰ ਕਰਨ ਵਾਲਿਆਂ ਨੂੰ ਇਹ ਫਿਲਮ ਵੇਖਣ ਲਈ ਸਿਨੇਮਾ ਘਰਾਂ ਵਿੱਚ ਜ਼ਰੂਰ ਜਾਣਾ ਚਾਹੀਦੀ ਹੈ।

# 'ਕਾਕਰੋਚ ਜਨਤਾ ਪਾਰਟੀ : ਬੇਕਾਬੂ ਭੀੜ ਕਿ ਬਾ-ਜ਼ਾਬਿਤਾ ਵਹੀਰ'



-ਡਾ.ਲਾਭ ਸਿੰਘ ਖੀਵਾ

–ਅੱਜ ਸਾਡੇ ਰੋਜ਼ਾਨਾ ਜੀਵਨ ਵਿੱਚ ਸੋਸ਼ਲ ਮੀਡੀਆ ਦੀ ਭੂਮਿਕਾ ਤੋਂ ਹਰ ਇਨਸਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਇਸ ਭੂਮਿਕਾ ਦੀ ਪਹੁੰਚ ਸੰਸਾਰ ਪੱਧਰ ਦੀ ਹੈ। ਇਸਦੇ ਪ੍ਰਭਾਵ ਤੋਂ ਨਵੇਂ ਨਵੇਂ ਵਿਚਾਰ (thoughts) ਤੇ ਨਾਅਰੇ ਸਕਰੀਨ 'ਤੇ ਛਾਇਆ ਹੁੰਦੇ ਹਨ। ਇਨ੍ਹਾਂ ਪ੍ਰਤੀ ਸਮੂਹਕ ਹੁੰਗਾਰਾ ਮਿਲਦਾ ਹੈ ਤੇ ਲੋਕ ਰਾਏ ਬਣਦੀ ਹੈ। ਜਿਹੜੇ ਵਿਚਾਰ ਦੇ ਕੰਟੈਂਟ (content) ਵਿੱਚ ਦਮ ਖ਼ਮ ਹੋਏਗਾ, ਉਹ ਵਿਚਾਰ/ ਨਾਅਰਾ ਠੋਸ ਰੂਪ ਲੈ ਲੈਂਦਾ ਹੈ ਤੇ ਬਾਕੀ ਕੁਝ ਦਿਨ ਵਾਇਰਲ ਹੋ ਕੇ ਖਤਮ ਹੋ ਜਾਂਦੇ ਹਨ।

ਕਾਕਰੋਚ ਜਨਤਾ ਪਾਰਟੀ ਦਾ ਵਿਚਾਰ (idea) ਇੱਕ ਠੋਸ ਘਟਨਾ ਦੀ ਉਪਜ ਹੈ। ਭਾਰਤੀ ਸੁਪਰੀਮ ਕੋਰਟ ਦੇ ਮੌਜੂਦਾ ਚੀਫ਼ ਜੱਜ ਵੱਲੋਂ ਨੌਜਵਾਨਾਂ ਨੂੰ ਕਾਕਰੋਚ/ ਪਰਜੀਵੀ ਕਹਿਣ ਦੀ ਅਪਮਾਨਜਨਕ ਟਿੱਪਣੀ ਵਿੱਚੋਂ ਇਹ ਵਿਚਾਰ ਪੁੰਗਰਿਆ। ਕੋਰਟ ਦੇ ਜਵਾਨ ਵਕੀਲ ਦੀ ਇੱਕ ਮੰਗ ਸਦਕਾ ਇਹ ਘਟਨਾ/ ਵਰਤਾਰਾ ਵਾਪਰਿਆ ਤੇ ਇਸ ਨੇ ਇੱਕ ਸੰਕਲਪ ਨੂੰ ਜਨਮ ਦਿੱਤਾ। ਇਸ ਸੰਕਲਪ ਦੇ ਅਮੂਰਤ (digital) ਸੁਭਾਅ ਵਿੱਚ ਇਸ ਸੀਜੇਪੀ ਦਾ ਸਰੂਪ ਛਾਇਆ ਹੁੰਦਾ ਹੈ। ਇਸ ਵਰਤਾਰੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਇਸ ਘਟਨਾ ਦੇ ਪਾਤਰ ਹੋਰ ਹਨ ਤੇ ਇਸ ਬਾਰੇ ਡੂੰਘੀ ਤੇ ਵਿਅੰਗਾਤਮਕ ਸੋਚ- ਸਮਝ ਵਾਲਾ 'ਕਾਕਰੋਚ ਜਨਤਾ ਪਾਰਟੀ' ਦਾ ਸੰਸਥਾਪਕ ਹੋਰ ਹੈ। "ਮੈਂ ਖ਼ਿਆਲ ਹੂੰ ਕਿਸੀ ਔਰ ਕਾ, ਮੁਝੇ ਸੋਚਤਾ ਕੋਈ ਔਰ ਹੈ" ਵਾਂਗ ਅਮਰੀਕਾ ਪੜ੍ਹਨ ਗਿਆ ਵਿਦਿਆਰਥੀ ਅਭੀਜੀਤ ਦੀਪਕੇ ਇਸ ਪਾਰਟੀ ਦਾ ਮਜ਼ਾਹੀਆ ਨਾਮਕਰਨ float ਕਰਦਾ ਹੈ । ਪਾਰਟੀ ਦਾ ਮੈਨੀਫੈਸਟੋ ਇਸਦੀ ਕਰਮਭੂਮੀ ਭਾਰਤ ਨੂੰ ਐਲਾਨਦਾ ਹੈ ਪਰ ਜਨਮਭੂਮੀ ਅਮਰੀਕਾ ਹੈ। ਇਉਂ ਲੱਗਦਾ ਹੈ ਕਿ ਕਰਤਾਰ ਸਿੰਘ ਸਰਾਭਾ ਦੀ ਰੂਹ ਅਭੀਜੀਤ ਵਿੱਚ ਆ ਗਈ ਹੋਵੇ। ਫ਼ਰਕ ਇੰਨਾ ਹੈ ਕਿ ਸਰਾਭਾ ਉੱਧਰ ਜਾ ਕੇ ਆਪਣੀਆਂ ਸਰਗਰਮੀਆਂ ਸ਼ੁਰੂ ਕਰਦਾ ਹੈ ਪਰ ਅਭੀਜੀਤ ਇੱਧਰ ਪਹਿਲਾਂ ਅੰਨਾ ਹਜ਼ਾਰੇ-ਅੰਦੋਲਨ ਦਾ ਸਰਗਰਮ ਕਾਰਕੁਨ ਰਿਹਾ ਤੇ ਫਿਰ 'ਆਪ' ਬਣਾਉਣ ਸਮੇਂ ਲਾਗੇ-ਬੰਨੇ ਰਿਹਾ।

ਸਵਾਲ ਇਹ ਹੈ ਕਿ ਕਾਕਰੋਚ ਜਨਤਾ ਪਾਰਟੀ ਫਿਲਹਾਲ virtual form ਵਿੱਚ ਹੈ। ਇਹ actual structure ਵਿੱਚ ਕਦੋਂ ਤੇ ਕਿਵੇਂ ਆਵੇਗੀ? ਮੰਨਿਆ ਕਿ ਸੀਜੇਪੀ ਦਾ ਨਾਂ ਬੀਜੇਪੀ ਦੇ ਨੇੜੇ ਤੇੜੇ ਦਾ ਹੈ ਪਰ ਜੋ ਅਜੋਕਾ ਢਾਂਚਾ ਬੀਜੇਪੀ ਦਾ ਹੈ, ਕੀ ਇਹ ਇਸ ਨੂੰ ਮਾਤ ਪਾ ਸਕੇਗੀ? ਸੁਪਰੀਮ ਕੋਰਟ ਦੇ ਬੇਇਜ਼ਤ ਹੋਏ ਵਕੀਲ ਦੇ ਨਵ-ਯੁਵਕੀ ਗੁੱਸੇ ਅਤੇ ਅਮਰੀਕਾ ਬੈਠੇ ਵਿਦਿਆਰਥੀ ਦੇ ਖ਼ਿਆਲ ਵਿੱਚੋਂ ਉਤਪੰਨ ਹੋਈ ਸੀਜੇਪੀ ਦਾ ਸੰਘਰਸ਼ ਆਖਰ ਬੀਜੇਪੀ ਨੂੰ ਸੱਤਾਰਹਿਤ ਕਰਨ ਦੇ ਏਜੰਡੇ ਨਾਲ ਸ਼ੁਰੂ ਹੋਵੇਗਾ? ਦੁਨੀਆ ਭਰ ਦੀ ਸਭ ਤੋਂ ਵੱਡੀ ਪਾਰਟੀ ਤੇ ਕੰਪਿਊਟਰ ਸਕਰੀਨ 'ਤੇ ਫਾਲੋਅਰਜ ਪੱਖੋਂ ਭਾਰਤ ਦੀਆਂ ਸਭ ਪਾਰਟੀਆਂ ਦੀ ਪਿੱਠ ਲਾਉਣ ਦਾ ਦਾਅਵਾ ਕਰਨ ਵਾਲੀ ਬੀਜੇਪੀ ਨੂੰ ਉਂਞ ਇਸ ਪੱਖੋਂ ਸੀਜੇਪੀ ਪਿੱਛੇ ਛੱਡ ਗਈ ਹੈ। ਪਲੇਠੇ ਖਾਤੇ ਵਿੱਚ 10 ਲੱਖ ਫਾਲੋਅਰਜ ਅੰਗੂਠਾ ਦਿਖਾਉਂਦੇ ਹਨ। ਇਸ ਭਾਰੀ ਤਾਦਾਦ ਸਦਕਾ ਹੀ ਸੀਜੇਪੀ ਦੇ ਖਾਤੇ ਨਾਲ ਸਰਕਾਰ ਵੱਲੋਂ ਛੇੜਖ਼ਾਨੀ ਕੀਤੀ ਗਈ ਕਿਹਾ ਜਾਂਦਾ ਹੈ। ਫ਼ਰਕ ਇੰਨਾ ਕੁ ਹੈ ਕਿ ਸੀਜੇਪੀ ਅਜੇ ਵਰਚੁਅਲ ਪਾਰਟੀ ਹੈ ਤੇ ਬੀਜੇਪੀ ਐਕਚੁਅਲ। ਪਰ ਸਮਾਜ ਸ਼ਾਸਤਰੀ ਤੇ ਰਾਜਨੀਤੀਵਾਨ ਕਹਿੰਦੇ ਹਨ ਕਿ ਭੀੜ ਜਾਂ ਵਹੀਰ ਦਾ ਅੰਦੋਲਨ ਸਾਰੇ ਅੰਕੜੇ/ਅਨੁਮਾਨ ਫੇਲ ਕਰ ਜਾਂਦਾ ਹੈ। 'ਆਪ' ਦੀ ਅਤੀਤ ਤੇ ਤਾਮਿਲਨਾਡੂ ਵਿੱਚ ਟੀ ਵੀ ਕੇ ਦੀ ਵਰਤਮਾਨ ਨੇਰ੍ਹੀ ਸਾਡੇ ਸਾਹਮਣੇ ਹੈ। ਅਜਿਹੇ ਕਿਆਸੋਂ ਬਾਹਰੇ ਅੰਦੋਲਨ ਸਿਰਫ਼ ਮੋਦੀ ਸਰਕਾਰ ਦੇ ਸਿਰ ਪੀੜ ਹੀ ਨਹੀਂ ਕਰ ਰਹੇ, ਰਾਹੁਲ ਗਾਂਧੀ ਵੱਲੋਂ ਪਾਲੇ? ਜਾ ਰਹੇ ਭਵਿੱਖੀ ਬਿਰਖ਼ ਦਾ ਬੂਰ ਵੀ

ਝਾੜ ਸਕਦੇ ਹਨ। ਸ਼੍ਰੀਲੰਕਾ, ਨੇਪਾਲ ਤੇ ਬੰਗਲਾ ਦੇਸ਼ ਵਿੱਚ ਹੋਈ ਸਿਆਸੀ ਉੱਥਲ-ਪੁੱਥਲ ਗਵਾਹ ਹੈ। ਅੱਜ Gen.Z. ਆਪਣੇ ਧੁੰਦਲੇ ਭਵਿੱਖ ਨੂੰ ਨੀਝ ਨਾਲ ਤੱਕ ਰਹੀ ਹੈ। ਸਭ ਸਿਆਸੀ ਮਾਨਤਾਵਾਂ, ਧਰੁਵੀਕਰਨ, ਸਮੀਕਰਨ ਤੇ ਗਣਿਤ-ਅੰਕੜੇ ਤਹਿਸ-ਨਹਿਸ ਹੋ ਰਹੇ ਹਨ।Gen.Z.

ਸੋਸ਼ਲ ਮੀਡੀਆ ਚੋਂ ਪੈਦਾ ਹੋਈ ਨਵੀਂ ਨਸਲ ਹੈ।ਕਾਰਪੋਰੇਟੀ ਸਿਆਸੀ ਸਿਸਟਮ ਤੋਂ ਨਿਰਾਸ਼ ਹੈ। ਆਲਮੀ ਆਰਥਿਕ ਨਾਬਰਾਬਰੀ ਤੋਂ ਦੁੱਖੀ ਹੈ੍ ਬੀਜੇਪੀ ਦਾ ਦੋ ਕਰੋੜ ਨੂੰ ਰੁਜ਼ਗਾਰ ਦੇਣ ਦੇ ਵਾਅਦਿਆਂ/ਦਾਅਵਿਆਂ ਦਾ ਗੁਬਾਰਾ ਜਲਦੀ ਫਟ ਗਿਆ ਸੀ। ਪੇਪਰ ਲੀਕ ਹੋਣ ਦੇ ਵਰਤਾਰੇ ਆਮ ਹੋ ਗਏ ਹਨ੍ ਸਾਡੇ ਸਿਆਸੀ ਸਿਸਟਮ ਵਿੱਚ ਕਿੱਧਰੇ ਗੜਬੜ ਹੈ। ਇਸ ਫਾਲਟ ਲਾਈਨ (Fault line) 'ਤੇ ਹੀ Gen.Z. ਦੇ 'ਇੰਜਨੀਅਰ' ਉਂਗਲ ਰੱਖ ਰਹੇ ਹਨ। 2014 ਤੋਂ ਬਾਅਦ ਵਿੱਦਿਅਕ, ਪ੍ਰਸ਼ਾਸਨਿਕ, ਧਾਰਮਿਕ, ਆਰਥਿਕ, ਨਿਆਂਇਕ ਆਦਿ ਖੇਤਰਾਂ ਨੂੰ ਵੀ ਇਸ ਫਾਲਟ ਲਾਇਨ ਨੇ ਵੱਧ ਪ੍ਰਭਾਵਿਤ ਕੀਤਾ ਹੈ। 'ਪਗੜੀ ਸੰਭਾਲ ਜੱਟਾ' ਵਰਗਾ ਕਿਸਾਨ ਅੰਦੋਲਨ ਦਿੱਲੀ ਦੇ ਸੱਤਾਧਾਰੀ ਬੂਹਿਆਂ ਤੱਕ ਲੜਿਆ ਜਾ ਚੁੱਕਾ ਹੈ। ਜੇ ਪੀ ਤੇ ਅੰਨਾ ਹਜ਼ਾਰੇ- ਲਹਿਰਾਂ ਨੇ ਭਾਰਤ ਦੇ ਸਿਆਸੀ ਮਾਹੌਲ ਨੂੰ ਮਘਾਇਆ ਸੀ ਤੇ ਸੱਤਾ-ਪ੍ਰਾਪਤੀ ਤੱਕ ਪਹੁੰਚਿਆ ਸੀ।

ਕਾਕਰੋਚ ਜਨਤਾ ਪਾਰਟੀ ਅੱਗੇ ਭਵਿੱਖੀ ਉਬਾਲ ਤੇ ਚੁਣੌਤੀਆਂ- ਭਰਪੂਰ ਕਾਰਜਾਂ ਸਬੰਧੀ ਢੇਰ ਪ੍ਰਸ਼ਨ ਹਨ। ਕੀ ਸੀਜੇਪੀ ਬਣਨ ਦੀ ਖ਼ਬਰ ਚਾਰ ਦਿਨ ਵਾਇਰਲ ਹੋ ਕੇ ਸੋਸ਼ਲ ਮੀਡੀਆ ਤੋਂ ਗਾਇਬ ਹੋ ਜਾਵੇਗੀ? ਕੀ ਇਹ ਯੂਥ- ਆਕ੍ਰੋਸ਼ ਐਕਚੂਅਲ ਰੂਪ ਧਾਰ ਕੇ ਸਿਆਸੀ ਪਾਰਟੀਆਂ ਵਾਂਗ ਮੈਦਾਨ ਵਿੱਚ ਕੁੱਦੇਗਾ ਕਿ ਫੇਸਬੁਕੀਆਂ ਦਾ ਦਿਲ-ਪ੍ਰਚਾਵਾ ਬਣ ਕੇ ਰਹਿ ਜਾਵੇਗਾ? ਇਹ ਲਾਈਕ (Like) ਦੇ ਅੰਗੂਠੇ ਤੱਕ ਸੀਮਤ ਰਹੇਗਾ ਕਿ ਆਪਣੇ ਹੱਥ ਵਿੱਚ ਮੌਜੂਦਾ ਨਿਜ਼ਾਮ ਵਿਰੁੱਧ ਪਰਚਮ ਲਹਿਰਾਏਗਾ? ਵਰਚੁਅਲ ਕਾਨਫ਼ਰੰਸਾਂ ਹੀ ਕਰੇਗਾ ਕਿ ਐਕਚੁਅਲ ਜਲੂਸ- ਮੁਜ਼ਾਹਰਿਆਂ ਵਿੱਚ ਵੀ ਤਬਦੀਲ ਹੋਵੇਗਾ? ਮੋਬਾਈਲ/ ਕੰਪਿਊਟਰ ਦੇ ਸਕਰੀਨ 'ਤੇ ਹੀ ਗੁੱਸੇ ਦੇ ਨਾਅਰੇ ਦਿਖਦੇ/ਸੁਣਦੇ ਰਹਿਣਗੇ ਕਿ ਜ਼ਮੀਨੀ ਵਜੂਦ ਵੀ ਰੜਕਾਵੇਗਾ ? ਜੇ ਜ਼ਮੀਨੀ ਧਰਾਤਲ 'ਤੇ ਸਰਗਰਮੀ ਕਰਨ ਦੀ ਪ੍ਰਕਿਰਿਆ ਵਿੱਚ ਪਵੇਗਾ ਤਾਂ ਧਰਾਤਲੀ ਆਧਾਰ 'ਤੇ ਆ ਕੇ ਬੇਕਾਬੂ ਤੇ ਗੁਸੈਲ ਭੀੜ ਬਣੇਗਾ ਕਿ ਬਾਜਾਬਿਤਾ ਵਹੀਰ ਬਣ ਕੇ ਸਾਰਥਕ ਸਿੱਟਿਆਂ ਦੀ ਸਿਰਜਨਾ ਕਰੇਗਾ? ਜੋਸ਼ ਤੇ ਹੋਸ਼ ਦਾ ਕਿੰਨਾ ਸੁਮੇਲ ਤੇ ਸੰਤੁਲਨ ਰਹੇਗਾ? ਇਸ ਨੂੰ ਅਨੁਸ਼ਾਸਨਿਕ ਤੇ ਜਥੇਬੰਦਕ ਦਲ ਬਣਾਉਣ ਲਈ ਜੇਕਰ ਕੋਈ ਅਠਾਰਵੀਂ ਸਦੀ ਦਾ ਨਵਾਬ ਕਪੂਰ ਸਿੰਘ ਵਰਗਾ ਆਗੂ ਮਿਲ ਗਿਆ ਤਾਂ ਸਾਰਥਕ ਸਿੱਟਿਆਂ ਦੀ ਆਸ ਕੀਤੀ ਜਾ ਸਕਦੀ ਹੈ। ਬੇਕਾਬੂ ਭੀੜ ਗਲੀਆਂ- ਬਾਜ਼ਾਰਾਂ ਵਿੱਚ ਹਿੰਸਕ ਅੰਦੋਲਨ ਕਰਦੀ ਹੈ ਤਾਂ ਸਥਾਪਿਤ ਨਿਜ਼ਾਮ ਦੇ ਅਧਿਕਾਰੀਆਂ ਵੱਲੋਂ ਇਸ ਨੂੰ ਕਾਬੂ ਕਰਨਾ ਸੌਖਾ ਹੋ ਜਾਂਦਾ ਹੈ। ਇਸ ਸਾਰੀ ਪ੍ਰਕਿਰਿਆ ਵਿੱਚ ਅਕਸਰ ਸੱਤਾ ਹੀ ਤਬਦੀਲੀ ਹੁੰਦੀ ਹੈ। ਸਮੁੱਚੇ ਸਿਸਟਮ ਦੀ ਖਸਲਤ ਨਹੀਂ ਬਦਲਦੀ।

ਜੇਕਰ ਸੀਜੇਪੀ ਦਾ 'ਆਸਮਾਨ ਤੋਂ ਆਇਆ ਫਰਿਸ਼ਤਾ' ਸੰਘਰਸ਼ ਕਰਕੇ ਸੱਤਾ-ਪ੍ਰਾਪਤੀ ਦਾ ਸਬਕ ਸਿਖਾ ਜਾਂਦਾ ਹੈ ਤਾਂ ਵਿਸ਼ਵ-ਗੁਰੂ ਇਹ ਹੋਵੇਗਾ੍ ਵਿਭਿੰਨਤਾ ਦੇ ਸੱਭਿਆਚਾਰਕ ਕਿਰਦਾਰ ਵਾਲੇ ਭਾਰਤ ਵਰਗੇ ਮੁਲਕ ਵਿੱਚ 1947 ਤੋਂ ਬਾਅਦ ਦੋ ਮਹਾਂ ਸਿਆਸੀ ਤਬਦੀਲੀਆਂ ਹੋਈਆਂ ਹਨ। ਇੱਕ, ਅੰਗਰੇਜ਼-ਰਾਜ ਖਤਮ ਕਰਕੇ ਕਾਂਗਰਸ ਦਾ ਸੱਤਾ ਸੰਭਾਲਣਾ ਤੇ ਦੂਜਾ ਇੱਕ ਸਦੀ ਦੀ ਤਿਆਰੀ ਤੋਂ ਬਾਅਦ ਆਰਐੈਸਐੈਸ ਦੀ ਨਿਰਦੇਸ਼ਤ ਇੱਕ ਪਾਰਟੀ ਦਾ ਹਾਕਮ ਬਣਨਾ। ਕਕਰੋਚ ਜਨਤਾ ਪਾਰਟੀ ਦੇ ਤਜਰਬੇ ਨੂੰ ਅਵਾਮ ਹੁੰਗਾਰਾ ਭਰੇਗੀ ਪਰ ਇਹ ਦੇ ਹਾਣ ਦੀ ਲੀਡਰਸ਼ਿਪ ਤਾਮੀਰ

ਹੁੰਦੀ ਹੈ ਕਿ ਨਹੀ? ਇਸ ਤੱਥ 'ਚੋਂ ਹੀ ਤੀਜੀ ਮਹਾਂ ਤਬਦੀਲੀ ਦਾ ਖ਼ਾਬ ਲਿਆ ਜਾ ਸਕਦਾ ਹੈ।

ਸਾਬਕਾ ਡੀਨ, ਗੁਰੂ ਕਾਸ਼ੀ ਯੂਨੀਵਰਸਿਟੀ,
ਤਲਵੰਡੀ ਸਾਬੋ (ਬਠਿੰਡਾ)
ਸੰਪਰਕ:9417178487

# ਰਤਨ ਸਿੰਘ ਢਿੱਲੋਂ ਦੀ ਪਰਵਾਜ਼ : ਰਚਨਾਤਮਕ ਵਿਵੇਕ

**ਡਾ. ਕਿਰਨਦੀਪ ਕੌਰ**
*ਅਸਿਸਟੈਂਟ ਪ੍ਰੋਫੈਸਰ (ਪੰਜਾਬੀ)*
*ਡੀ.ਏ.ਵੀ. ਕਾਲਜ, ਜਲੰਧਰ।*

ਕਿਸੇ ਵੀ ਰਚਨਾਕਾਰ ਦੀ ਰਚਨਾ ਦਾ ਆਧਾਰ ਉਸਦਾ ਚੌਗਿਰਦਾ, ਸਮਾਜ, ਸਭਿਆਚਾਰ, ਸੰਸਕ੍ਰਿਤੀ, ਸਮੇਂ ਦੇ ਹਾਲਾਤ, ਟੈਕਨਾਲੌਜੀ ਆਦਿ ਹੁੰਦਾ ਹੈ। ਜਦੋਂ ਇਹ ਸਮਾਂ ਕਿਸੇ ਮਨੁੱਖ ਦੀ ਸੋਚ ਨਾਲ ਟਕਰਾਉਂਦਾ ਹੈ ਅਤੇ ਜੇਕਰ ਉਸ ਕੋਲ ਸ਼ਬਦਾਂ ਦਾ ਭੰਡਾਰ ਹੈ ਤਾਂ ਉਹ ਆਪਣੇ ਸ਼ਬਦਾਂ ਰਾਹੀਂ ਉਸ ਨੂੰ ਰਚਨਾ ਦਾ ਰੂਪ ਦੇ ਦਿੰਦਾ ਹੈ। ਵਿਸ਼ਵ ਦੇ ਸੰਪੂਰਨ ਸਾਹਿਤ ਵਿਚ ਜੋ ਵੀ ਅੱਜ ਤੱਕ ਰਚਿਆ ਗਿਆ ਉਹ ਸਭ ਉਸ ਸਮੇਂ ਦੇ ਹਾਲਾਤ ਹਨ। ਉਹੀ ਸਭ ਕੁਝ ਰਚਿਆ ਜਦੋਂ ਪਾਠਕ ਦੇ ਹੱਥ ਵਿਚ ਆਉਂਦਾ ਹੈ ਤਾਂ ਉਹ ਉਸ ਨੂੰ ਆਪਣੇ ਨਾਲ ਜੋੜ ਕੇ ਵੇਖਦਾ ਹੈ। ਇਸ ਤਰ੍ਹਾਂ ਕਿਸੇ ਲਿਖਾਰੀ ਦਾ ਲਿਖਿਆ ਸਮੂਹ ਦਾ ਹੋ ਜਾਂਦਾ ਹੈ। ਜੇਕਰ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਦਾ ਯੁੱਗ ਪੂੰਜੀਵਾਦ ਦਾ ਯੁੱਗ ਹੈ। ਮਨੁੱਖ ਦੇ ਅੰਦਰ ਬਹੁਤ ਉਤਰਾਅ ਚੜਾਅ ਚੱਲਦਾ ਰਹਿੰਦਾ ਹੈ। ਉਸ ਸਭ ਨੂੰ ਆਪਣੀ ਕਲਮ ਦੇ ਜ਼ਰੀਏ ਸਾਡੇ ਅੱਜ ਦੇ ਲਿਖਾਰੀ ਆਪਣੇ ਪਾਠਕਾਂ ਤੱਕ ਪਹੁੰਚਾ ਰਹੇ ਹਨ। ਇਨ੍ਹਾਂ ਵਿਚੋਂ ਹੀ ਰਤਨ ਸਿੰਘ ਢਿੱਲੋਂ ਇਕ ਅਜਿਹਾ ਲਿਖਾਰੀ ਹੈ ਜੋ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣੀ ਕਵਿਤਾ ਦੇ ਜ਼ਰੀਏ ਮਕਬੂਲ ਹੋਇਆ। ਉਸ ਨੇ ਮਾਰੂਥਲ (ਕਾਵਿ ਸੰਗ੍ਰਹਿ), ਕਾਲੇ ਕੋਹਾਂ ਦਾ ਸਫਰ (ਕਾਵਿ ਸੰਗ੍ਰਹਿ), ਸਰਘੀ ਦਾ ਇਕਰਾਰ (ਗ਼ਜ਼ਲ ਸੰਗ੍ਰਹਿ), ਕਾਵਿ ਤਰੰਗਾਂ (ਕਵਿਤਾ ਸੰਪਾਦਿਤ), ਸੁਰਸੱਤੀ ਕੰਡੇ-ਤਿੰਨ (ਕਹਾਣੀ ਸੰਗ੍ਰਹਿ ਸੰਪਾਦਿਤ), ਸਾਹਿਤ ਧਾਰਾ (ਕਹਾਣੀ ਸੰਗ੍ਰਹਿ ਸੰਪਾਦਿਤ), ਸੁੱਖ ਦਾ ਮਾਰਗ (ਅਨੁਵਾਦ) ਆਦਿ ਪੁਸਤਕਾਂ ਦੀ ਰਚਨਾ ਕੀਤੀ। ਸਾਡੇ ਆਲੇ ਦੁਆਲੇ ਜੋ ਚੱਲ ਰਿਹਾ ਹੁੰਦਾ ਹੈ ਉਸ ਨੂੰ ਲੈ ਕੇ ਇਕ ਕਵੀ ਹਮੇਸ਼ਾਂ ਹੀ ਸੰਵੇਦਨਸ਼ੀਲ ਹੁੰਦਾ ਹੈ। ਰਤਨ ਸਿੰਘ ਢਿੱਲੋਂ ਵੀ ਇਕ ਸੰਵੇਦਨਸ਼ੀਲ ਇਨਸਾਨ ਹੈ। ਉਸ ਦੀ ਇਹੀ ਸੰਵੇਦਨਸ਼ੀਲਤਾ ਉਸ ਨੂੰ ਕਵੀ ਦਾ ਦਰਜ਼ਾ ਦਿੰਦੀ ਹੈ। ਇਕ ਆਮ ਇਨਸਾਨ ਜਿਹੜੀ ਗੱਲ ਮਹਿਸੂਸ ਕਰਦਾ ਹੈ ਅਤੇ ਸ਼ਬਦਾਂ ਵਿਚ ਨਾ ਪਰੋ ਸਕਣ ਕਰਕੇ ਉਹ ਇਸ ਨੂੰ ਆਪਣੇ ਮਨ ਅੰਦਰ ਰੱਖਣ ਲਈ ਮਜ਼ਬੂਰ ਹੋ ਜਾਂਦਾ ਹੈ। ਉੱਥੇ ਇਕ ਕਵੀ ਇਸ ਨੂੰ ਸ਼ਬਦਾਂ ਦਾ ਰੂਪ ਦੇ ਕੇ ਉਹਨਾਂ ਆਮ ਲੋਕਾਂ ਵਿੱਚ ਲੈ ਆਉਂਦਾ ਹੈ ਅਤੇ ਜਦੋਂ ਉਹ ਹੀ ਆਦਮੀ (ਪਾਠਕ) ਲਿਖਤ ਨੂੰ ਪੜਦਾ ਹੈ ਤਾਂ ਉਹ ਆਪਣੇ ਮਨ ਵਿਚਲੀ ਟੁੱਟ ਭੱਜ, ਉਤਰਾਅ-ਚੜਾਅ ਨੂੰ ਮਹਿਸੂਸ ਕਰਦਾ ਹੈ ਅਤੇ ਆਪ ਮੁਹਾਰੇ ਉਸ ਨਾਲ ਜਾ ਜੁੜਦਾ ਹੈ।

"ਕਵਿਤਾ ਦਾ ਮੂਲ ਤੱਤ ਮਾਨਵੀ ਤਣਾਉ ਹੈ : ਕਵਿਤਾ ਜਾਂ ਤਾਂ ਕਿਸੇ ਤਣਾਉ ਤੋਂ ਮੁਕਤ ਹੋਣ ਦੇ ਯਤਨ ਕਾਰਨ ਹੋਂਦ ਵਿਚ ਆਉਂਦੀ ਹੈ ਜਾਂ ਕਿਸੇ ਤਣਾਉ ਨੂੰ ਸਿਰਜਣ ਦੇ ਜਤਨ ਕਾਰਨ।"[1]

ਰਤਨ ਸਿੰਘ ਢਿੱਲੋਂ ਨੇ ਜੋ ਕੁਝ ਵੀ ਆਪਣੀ ਕਾਵਿ ਪੁਸਤਕ 'ਪਰਵਾਜ਼' ਵਿਚ ਲਿਖਿਆ ਉਹ ਸਾਡੇ ਸਮਾਜ ਦੀ ਮੂੰਹ ਬੋਲਦੀ ਤਸਵੀਰ ਹੈ। ਅੱਜ ਦੇ ਵੇਲੇ ਜੋ ਕੁਝ ਚੱਲ ਰਿਹਾ ਹੈ ਜਾਂ ਜੋ ਕੁਝ ਵੀ ਘਟ ਰਿਹਾ ਹੈ। ਉਸ ਸਭ ਨੂੰ ਉਸਨੇ ਆਪਣੇ ਪਾਠਕਾਂ ਤੱਕ ਪਹੁੰਚਾਇਆ। ਪਰਵਾਜ਼ ਪੁਸਤਕ ਨੂੰ ਜਦੋਂ ਪਾਠਕ ਪੜ੍ਹਦਾ ਹੈ ਤਾਂ ਉਸ ਦੀਆਂ ਅੱਖਾਂ ਸਾਹਮਣਿਉ ਅਨੇਕਾਂ ਵਿਸ਼ੇ ਨਿਕਲ ਕੇ ਜਾਂਦੇ ਹਨ। ਕੋਈ ਇਕ ਵਿਸ਼ਾ ਇਸ ਪੁਸਤਕ ਦਾ ਆਧਾਰ ਨਹੀਂ ਬਲਕਿ ਅਨੇਕਾਂ ਵਿਸ਼ੇ ਜਿਵੇਂ ਮਨੁੱਖ ਦਾ ਦਿਖਾਵਾ, ਵਸਤਾਂ ਦੀ ਹੱਦ, ਮਨੁੱਖ ਦਾ ਖੁਦ ਤੇ ਕੋਈ ਨਿਯੰਤਰਨ ਨਾ ਹੋਣਾ, ਟੈਕਨਾਲੌਜੀ, ਧਰਮ, ਆਸਥਾ, ਸਭਿਆਚਾਰਕ ਕਦਰਾਂ ਕੀਮਤਾਂ ਦਾ ਖ਼ਤਮ ਹੁੰਦਿਆਂ ਮਹਿਸੂਸ ਕਰਨਾ, ਮਨੁੱਖ ਦੀਆਂ ਜਿਗਿਆਸਾਵਾਂ, ਬਦਲਦੀਆਂ ਸਥਿਤੀਆਂ, ਅਨੇਕਾਂ ਹੀ ਅਜਿਹੇ ਵਿਸ਼ੇ ਹਨ ਜਿਨ੍ਹਾਂ ਉਪੱਰ ਰਤਨ ਸਿੰਘ ਢਿੱਲੋਂ ਨੇ ਗੱਲ ਕੀਤੀ ਹੈ। ਉਸਨੇ ਛੋਟੇ-ਛੋਟੇ ਬ੍ਰਿਤਾਂਤ ਲਏ ਹਨ ਅਤੇ ਉਸ ਨਾਲ ਆਪਣੀ ਗੱਲ ਨੂੰ ਕੀਤਾ ਹੈ। ਜਿਸ ਗਲਤ ਧਾਰਨਾ ਕਰਕੇ ਮਨੁੱਖ ਪਿਸ ਰਿਹਾ ਹੈ ਉਸ ਧਾਰਨਾਂ ਨੂੰ ਉਸਨੇ ਨਕਾਰਿਆ। ਉਹ ਉਸ ਸ਼ੋਸ਼ਿਤ ਧਿਰ ਨਾਲ ਖੜਾ ਹੈ

ਜਿਸਨੂੰ ਸਿਸਟਮ ਅਤੇ ਸਮਾਜ ਦਾ ਉੱਚ ਵਰਗ ਨਕਾਰ ਰਿਹਾ ਹੈ। ਬੜੇ ਕਰਾਰੇ ਵਿਅੰਗ ਨਾਲ ਸਾਡੇ ਅੱਜ ਦੇ ਸਿਸਟਮ ਉੱਤੇ ਕਵੀ ਟਕੋਰਾਂ ਕਰੀ ਜਾ ਰਿਹਾ ਹੈ।

"ਅਸੀਂ ਉਨੱਤੀ ਕਰ ਰਹੇ ਹਾਂ
ਕਚਰੇ ਵਿਚੋਂ,
ਖਾਣ ਲਈ ਕੋਈ ਵਸਤੂ ਲੱਭਦੀ
ਅਬੋਧ ਬੱਚੀ ਨੂੰ
ਸੁਪਰ-ਕੰਪਿਊਟਰ ਦੀ
ਮਦਦ ਲੈਣ ਲਈ ਕਹਿ ਰਹੇ ਹਾਂ।
ਅਸੀਂ ਸੱਚਮੁੱਚ
ਉਨੱਤੀ ਕਰ ਰਹੇ ਹਾਂ।"[2]

ਕਵੀ ਨੇ ਸਾਡੇ ਸਮਾਜ ਦੇ ਸਾਰੇ ਗਲਤ ਅਤੇ ਘਸੇ ਪਿਟੇ ਪੱਖਾਂ ਨੂੰ ਬੇਨਕਾਬ ਕੀਤਾ ਹੈ। ਸਮਾਜ ਨੂੰ ਘਟ ਰਹੀਆਂ ਗਲਤ ਧਾਰਨਾਵਾਂ ਪ੍ਰਤੀ ਜਾਗਰੂਕ ਕਰਨਾ ਇਸ ਕਾਵਿ ਸੰਗ੍ਰਹਿ ਦਾ ਮੁੱਖ ਮੰਤਵ ਹੈ। ਉਹ ਸਭਿਆਚਾਰਕ ਹਵਾਲਿਆਂ ਨਾਲ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ। ਰਤਨ ਸਿੰਘ ਢਿੱਲੋਂ ਦੀ ਕਵਿਤਾ ਪੰਜਾਬੀਅਤ, ਪੰਜਾਬ, ਪੰਜਾਬੀ ਸਭਿਆਚਾਰ ਦੀਆਂ ਸਾਂਝੀਆਂ ਮੋਹਪਰਕ ਤੰਦਾਂ ਦੀ ਗੱਲ ਵਧੇਰੇ ਸ਼ਿਦਤ ਨਾਲ ਕਰਦੀ ਹੈ।ਉਸਦੀ ਸਮੁੱਚੀ ਕਵਿਤਾ ਦਾ ਕੇਂਦਰੀ ਥੀਮ ਸਭਿਆਚਾਰਕ ਕਦਰਾਂ ਕੀਮਤਾਂ ਦੁਆਲੇ ਨਿਰਮਿਤ ਹੈ। ਉਹ ਅੱਜ ਦੇ ਸ਼ਹਿਰੀਕਰਨ ਦੇ ਦੌਰ ਵਿਚ ਗੁੰਮ ਰਹੇ ਪੁਰਾਣੇ ਵਿਰਾਸਤੀ ਪੰਜਾਬ ਪ੍ਰਤੀ ਫ਼ਿਕਰਮੰਦੀ ਜ਼ਾਹਿਰ ਕਰਦਾ ਹੈ। ਸ਼ਹਿਰੀਕਰਨ ਦੇ ਨਾਂ ਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਜਿਹੜੀ ਮਾਰ ਪਈ ਉਸ ਬਾਰੇ ਵੀ ਆਪਣੀ ਕਵਿਤਾ ਰਾਹੀਂ ਕਵੀ ਦੱਸਦਾ ਹੈ। ਇਸ ਦੇ ਨਾਲ ਨਾਲ ਲੋਕਾਂ ਦਾ ਪਿੰਡੋਂ ਉੱਠ ਉੱਠ ਕੇ ਸ਼ਹਿਰਾਂ ਵਿਚ ਵੱਸ ਜਾਣਾ ਅਤੇ ਫਿਰ ਪਿੰਡਾਂ ਵੱਲ ਮੂੰਹ ਵੀ ਨਾ ਕਰਨਾ ਅਤੇ ਆਪਣੇ ਵਿਰਸੇ ਨੂੰ ਵੀ ਗੁਆ ਦੇਣਾ ਬਹੁਤ ਸੋਹਣੇ ਸ਼ਬਦਾਂ ਵਿਚ ਕਵੀ ਇਸ ਗੱਲ ਨੂੰ ਬਿਆਨਦਾ ਹੈ।

ਸੜਕ ਜਿਸ ਕਿਸੇ ਦੀ ਵੀ
ਬਾਂਹ ਫੜ ਕੇ
ਸ਼ਹਿਰ ਲੈ ਗਈ ਹੈ
ਪਿੰਡ ਨੇ ਉਸ ਸ਼ਖ਼ਸ ਨੂੰ
ਫਿਰ ਕਦੇ ਨਹੀਂ ਦੇਖਿਆ"[3]

ਰਤਨ ਸਿੰਘ ਢਿੱਲੋਂ ਵਰਤਮਾਨ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਕਈ ਪ੍ਰਸੰਗ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਵਿਸ਼ਵੀਕਰਨ ਦੇ ਦੌਰ ਵਿਚ ਵਿਕਾਸ ਦੀ ਆੜ ਵਿਚ ਪਿੰਡ ਨੂੰ ਸਭ ਤੋਂ ਵੱਡੀ ਢਾਅ ਲੱਗੀ ਹੈ। ਸੜਕ ਵਿਚਲੇ ਬੰਦੇ ਦੀ ਵਸੋਂ ਸ਼ਹਿਰ ਵਿਚ ਹੋ ਗਈ ਹੈ। ਉਹ ਆਪਣਾ ਵਿਰਾਸਤੀ ਪਿੰਡ ਛੱਡ ਚੁੱਕਾ ਹੈ। ਇਸੇ ਪਿੰਡ ਨੂੰ ਛੱਡ ਕੇ ਉਹ ਸ਼ਹਿਰ ਵਿਚ ਵਸਿਆ ਅਤੇ ਸ਼ਹਿਰੀਕਰਨ ਸ਼ੁਰੂ ਹੋ ਗਿਆ। ਸ਼ਹਿਰ ਵਿਚ ਵਸਦਾ ਮਨੁੱਖ ਹੌਲੀ ਹੌਲੀ ਆਪਣੇ ਪਿੱਛੇ ਸਭ ਕੁਝ ਛੱਡਦਾ ਜਾ ਰਿਹਾ ਹੈ ਉਹ ਚਾਹੇ, ਅਣਚਾਹੇ ਇਸ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਸ ਉੱਤੇ ਨਵੀਆਂ ਰੁਚੀਆਂ ਨੇ ਕਾਬੂ ਪਾ ਲਿਆ ਹੈ। ਜਿਸ ਵਿਚ ਦਿਖਾਵਾ, ਹਰ ਚੀਜ਼ ਨੂੰ ਪਾਉਣ ਦੀ ਕੋਸ਼ਿਸ਼, ਮਨੁੱਖ ਦਾ ਪਦਾਰਥਵਾਦੀ ਹੋਣਾ ਅਤੇ ਜਦੋਂ ਮਨੁੱਖ ਉੱਪਰ ਇਹ ਸਭ ਕੁਝ ਹਾਵੀ ਹੋਇਆ ਤਾਂ ਉਸਨੇ ਹੌਲੀ ਹੌਲੀ ਵਿਰਸੇ ਵਿਚੋਂ ਲਈਆਂ ਕਦਰਾਂ ਕੀਮਤਾਂ ਨੂੰ ਤਿਆਗਣਾ ਸ਼ੁਰੂ ਕਰ ਦਿੱਤਾ। ਕਵੀ ਅੱਜ ਦੇ ਟੈਕਨਾਲੌਜੀ ਦੇ ਦੌਰ ਵਿੱਚ ਘੱਟ ਰਹੀਆਂ ਅਣਗਿਣਤ ਗਲਤ ਗੱਲਾਂ ਤੋਂ ਜਾਣੂ ਹੈ ਅਤੇ ਉਸ ਨੂੰ ਲੈ ਕੇ ਚਿੰਤਤ ਵੀ ਹੈ।

"ਜੰਗਲੀ ਤੋਂ
ਸਭਿਆਚਾਰੀ ਹੋਣ ਦੀ ਯਾਤਰਾ ਵਿਚ
ਜੰਗਲ ਦਾ ਸਫਾਇਆ ਕਰਨਾ ਜ਼ਰੂਰੀ ਹੈ।
ਉਗਾਇਆ ਜਾਣਾ
ਜਾਂ ਲਾਇਆ ਜਾਣਾ ਨਹੀਂ
ਇਸ ਲਈ ਤਾਂ
ਹੁਣ ਜੰਗਲੀ ਜਾਨਵਰ
ਜਾਨ ਬਚਾਉਣ ਲਈ
ਸਾਡੇ ਸ਼ਹਿਰਾਂ, ਘਰਾਂ

ਤੇ ਸੜਕਾਂ ਤੇ ਆ ਗਏ ਹਨ।"[4]

ਕਵੀ ਨੇ ਸਾਡੇ ਸਮਾਜ ਦੇ ਸਾਰੇ ਗਲਤ ਅਤੇ ਘਸੇ ਪਿਟੇ ਪੱਖਾਂ ਨੂੰ ਬੇਨਕਾਬ ਕੀਤਾ ਹੈ। ਸਮਾਜ ਨੂੰ ਘੱਟ ਰਹੀਆਂ ਗਲਤ ਧਾਰਨਾਵਾਂ ਪ੍ਰਤੀ ਜਾਗਰੂਕ ਕਰਨਾ ਇਸ ਕਾਵਿ ਸੰਗ੍ਰਹਿ ਦਾ ਮੁੱਖ ਮੰਤਵ ਹੈ। ਉਹ ਇਸ ਸਭ ਨੂੰ ਸਭਿਆਚਾਰਕ ਹਵਾਲਿਆਂ ਨਾਲ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸਾਡੇ ਪੰਜਾਬੀ ਸਭਿਆਚਾਰ ਵਿਚ ਕਾਂ ਅਤੇ ਘੁੱਗੀ ਨੂੰ ਲੈ ਕੇ ਬਹੁਤ ਸਾਰੀਆਂ ਲੋਕ ਕਹਾਣੀਆਂ ਬਣੀਆਂ ਜਿਨ੍ਹਾਂ ਨੂੰ ਅਸੀਂ ਬਚਪਨ ਤੋਂ ਸੁਣਦੇ ਆ ਰਹੇ ਹਾਂ। ਹਰ ਕਹਾਣੀ ਵਿਚ ਕਾਂ ਅਤੇ ਘੁੱਗੀ ਇਕ ਦੂਸਰੇ ਦੇ ਸਾਥੀ ਹੁੰਦੇ ਹਨ। ਪਰ ਆਪਣੀ ਕਵਿਤਾ 'ਕਾਂ ਅਤੇ ਘੁੱਗੀ' ਦੇ ਸਭਿਆਚਾਰਕ ਹਵਾਲੇ ਨਾਲ ਕਵੀ ਨੇ ਸਾਡੇ ਅੱਜ ਦੇ ਸਮਾਜ ਦਾ ਇਕ ਘਿਨਾਉਣਾ ਰੂਪ ਵੀ ਉਜਾਗਰ ਕੀਤਾ ਹੈ। ਜਿੱਥੇ ਲੜਕੀਆਂ ਨਾਲ ਹੋ ਰਹੇ ਧੱਕੇ ਦੀ ਕਵੀ ਨੇ ਬਾਤ ਪਾਈ ਹੈ।

"ਵਿਹੜੇ ਦੀ ਉਹ ਕੁੜੀ
ਜੋ ਆਪਣੇ
ਸੁਕੇ ਅਤੇ ਖੁਸ਼ਕ ਵਾਲਾਂ ਵਿਚ
ਕਪਾਹ ਦਾ ਫੁੱਲ ਟੰਗ ਰਹੀ ਸੀ
ਆਪਣੇ ਨੰਗੇ ਪੈਰਾਂ ਵੱਲ ਤਕਦੀ
ਕਪਾਹ ਦੇ ਖੇਤ ਚੋਂ ਵਾਪਸ ਆ ਰਹੀ ਸੀ
ਕਿਕਰ ਥੱਲੇ
ਕਾਂ ਨੇ ਘੁੱਗੀ ਨੂੰ
ਖੰਭੜੀ ਖੰਭੜੀ ਕਰ ਦਿੱਤਾ ਸੀ"[5]

ਅੱਜ ਰਾਜਨੀਤੀ ਵੀ ਇੰਨੀ ਕੁ ਜ਼ਿਆਦਾ ਹਾਵੀ ਹੋ ਰਹੀ ਹੈ ਕਿ ਉਸ ਨੇ ਸਾਡੇ ਸਭਿਆਚਾਰ ਨੂੰ ਵੀ ਢਾਅ ਲਾ ਦਿੱਤੀ ਹੈ। ਇਸ ਸੰਦਰਭ ਵਿਚ ਰਤਨ ਸਿੰਘ ਢਿੱਲੋਂ ਦੀਆਂ ਕਾਵਿਤਾਵਾਂ ਮੇਲਾ, ਭੂਤਰਿਆ ਸਾਨ੍ਹ ਤੇ ਕੁੱਤੇ ਮੂੰਹੀ ਖਾਸ ਧਿਆਨ ਖਿਚਦੀਆਂ ਹਨ।

"ਮੇਲੇ ਵਿਚ ਵਿਕਦੇ ਸਨ
ਹਾਰ, ਹਮੇਲਾਂ, ਝਾਂਜਰਾਂ,
ਬਲਦਾਂ ਤੇ ਘੋੜੀਆਂ ਨੂੰ ਸਜਾਉਣ ਲਈ
ਹੁਣ ਮੇਲੇ ਵਿਚ ਵਿਕਦੀ ਹੈ
ਰਾਜਨੀਤੀ
ਤੇ ਉਨ੍ਹਾਂ ਨੂੰ
ਵੱਖ-ਵੱਖ ਖੇਮਿਆ ਵਿਚ ਵੰਡਣ ਲਈ।"[6]

ਕਵੀ ਜਿਹੜੀ ਵੀ ਗੱਲ ਕਰਦਾ ਹੈ ਉਹ ਸਿੱਧੀ ਪਾਠਕਾਂ ਤੱਕ ਨਹੀਂ ਪਹੁੰਚਾਉਂਦਾ ਬਲਕਿ ਸਭਿਆਚਾਰਕ ਹਵਾਲਿਆਂ ਨਾਲ ਪ੍ਰਤੀਕਾਂ ਦੀ ਮਦਦ ਨਾਲ ਆਪਣੀ ਗੱਲ ਨੂੰ ਪਾਠਕਾਂ ਦੇ ਸਨਮੁੱਖ ਕਰਦਾ ਹੈ ਅਤੇ ਜਦੋਂ ਪਾਠਕ ਪੜਦਾ ਹੈ ਤਾਂ ਉਹ ਰਚਨਾ ਵਿਚ ਜ਼ਿਆਦਾ ਖੁਭ ਜਾਂਦਾ ਹੈ। ਜਿਸ ਨਾਲ ਪਾਠਕ ਦਾ ਦਿਮਾਗ ਗੱਲਾਂ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ। ਵਿਅੰਗ ਨਾਲ ਗੱਲ ਕਰਨੀ ਕਵੀ ਦੀ ਇਕ ਖਾਸ ਖੂਬੀ ਹੈ।

ਚਿੜੀਆਂ ਚੰਚਲ ਹੋ ਗਈਆਂ ਹਨ।
ਹੁਣ ਉਨ੍ਹਾਂ ਦਾ ਮਨ
ਆਲ੍ਹਣਿਆਂ ਵਿਚ ਨਹੀਂ ਲਗਦਾ
ਉਹ ਕਿਸੇ ਨੁੱਕਰ ਵਿਚ ਬੈਠ ਕੇ
ਤੋਤਿਆ ਨਾਲ
ਸੰਵਾਦ ਕਰ ਰਹੀਆਂ ਹਨ
ਅਤੇ
ਤੋਤਿਆਂ ਦੀਆਂ ਟੁੱਕੀਆਂ
ਹਰੀਆਂ ਮਿਰਚਾਂ ਖਾ ਰਹੀਆਂ ਹਨ।"[7]

ਰਤਨ ਸਿੰਘ ਢਿੱਲੋਂ ਜਿਵੇਂ ਕਿ ਪਹਿਲਾਂ ਵੀ ਗੱਲ ਕੀਤੀ ਗਈ ਹੈ ਕਿ ਉਹ ਸਭਿਆਚਾਰ ਨਾਲ ਜੁੜਿਆ ਹੋਇਆ ਕਵੀ ਹੈ। ਸਭਿਆਚਾਰ ਦੇ ਘੇਰੇ ਵਿਚ ਜੋ ਵੀ ਆਇਆ ਉਸ ਸਭ ਨੂੰ ਆਪਣੀ ਕਲਮ ਦਾ ਆਧਾਰ ਬਣਾਇਆ। ਆਤੰਕਵਾਦ ਹੋਵੇ ਭਾਵ ਧਰਮ ਹੋਵੇ, ਵਿਗਿਆਨ ਹੋਵੇ, ਔਰਤ ਦੀ ਭਾਵੇਂ ਗੱਲ ਹੋਵੇ, ਉਹ ਪ੍ਰਕ੍ਰਿਤੀ ਸਭ ਨੂੰ ਘੇਰੇ ਵਿਚ ਕਵੀ ਨੇ ਲਿਆ ਹੈ। ਇੱਥੋਂ ਤੱਕ ਕਿ ਸਾਡਾ ਅੱਜ ਦਾ ਸੰਗੀਤ ਉਸ ਉਪੱਰ ਹੀ ਕਵੀ ਬੜੇ

ਵਿਅੰਗਾਤਮਕ ਢੰਗ ਨਾਲ ਗੱਲ ਕਰਦਾ ਹੈ।

"ਕਲੱਬ ਵਿਚ ਪੋਪ ਹੈ, ਜਾਝ ਹੈ
ਡੀ.ਜੇ. ਦਾ ਕੰਨ ਪਾੜਵਾ ਸ਼ੋਰ ਹੈ।
ਹੂਟਰ, ਹਾਰਨ, 'ਹਰੀ' ਤੇ ਡੀ.ਜੇ.
ਵਾਹਨ, ਮੰਦਰ ਤੇ ਕਲੱਬ
ਸਭ ਰੱਲ ਗੱਡ ਹੋ ਰਹੇ ਹਨ।"[8]

ਜੋਗਾ ਸਿੰਘ ਨੇ ਬਹੁਤ ਸੋਹਣੀ ਗੱਲ ਕਹੀ ਹੈ ਜੋ ਰਤਨ ਸਿੰਘ ਢਿੱਲੋਂ ਦੀ ਕਵਿਤਾ ਉਪੱਰ ਪੂਰੀ ਢੁੱਕਦੀ ਹੈ।

"... ਲੋਕਾਂ ਨੂੰ ਗੱਲ ਸਿਧਾਂਤਾਂ ਨਾਲ ਨਹੀਂ, ਉਹਨਾਂ ਦੇ ਕਲਚਰ, ਉਹਨਾਂ ਦੇ ਰਿਸ਼ਤਿਆਂ, ਉਹਨਾਂ ਦੀ ਬੋਲੀ ਤੇ ਮੁਹਾਵਰਿਆਂ ਨਾਲ, ਉਹਨਾਂ ਵਿਚ ਰਚਮਿਚ ਕੇ ਤੇ ਲੜ ਭਿੜ ਕੇ ਸਮਝਾਈ ਜਾ ਸਕਦੀ ਹੈ। ... ਸਾਨੂੰ ਲੋਕ ਕਵਿਤਾ ਵੱਲ ਮੁੜ ਜਾਣਾ ਚਾਹੀਦਾ ਹੈ। ਤਦ ਹੀ ਉਹਨਾਂ ਦੀ ਗੱਲ ਦੀ ਤਹਿ ਉਹਨਾਂ ਅੱਗੇ ਫਰੋਲ ਸਕਾਂਗੇ।"[9]

ਕਵੀ ਦੀ ਕਵਿਤਾ ਸਭਿਆਚਾਰਕ ਕਦਰਾਂ ਕੀਮਤਾਂ ਨਾਲ ਜੁੜ ਕੇ ਸਮਾਜ ਵਿਚਲੀਆਂ ਤੰਗ ਕਦਰਾਂ ਕੀਮਤਾਂ, ਗਲਤ ਧਾਰਨਾਵਾਂ ਨੂੰ ਨਕਾਰਨ, ਮੁਲਕਾਂ ਵਿਚ ਸ਼ਾਂਤੀ ਦਾ ਪ੍ਰਸਾਰ, ਸਮਾਜ ਦੀ ਕਾਣੀ ਵੰਡ, ਕਾਨੂੰਨ, ਰਾਜਨੀਤੀ ਸਭ ਵਿਚ ਸੁਧਾਰ ਕਰਨ ਦੀ ਚਾਹਵਾਨ ਹੈ। ਕਵੀ ਹਥਿਆਰਾਂ ਨਾਲ ਲੜਨ ਦੀ ਬਜਾਏ ਸ਼ਬਦਾਂ ਅਤੇ ਕਲਮ ਨਾਲ ਆਡਾ ਲਾਉਣਾ ਚਾਹੁੰਦਾ ਹੈ। ਇਹ ਸ਼ਬਦ ਹੀ ਹਨ ਜਿਹੜੇ ਮਨੁੱਖਤਾ ਦੀ ਬਾਤ ਪਾਉਂਦੇ ਹਨ। ਇਕ ਨਵੇਂ ਸਮਾਜ ਦੇ ਨਿਰਮਾਣ ਲਈ ਕਵੀ ਪਾਠਕ ਨੂੰ ਨਾਲ ਲੈ ਕੇ ਤੁਰਨਾ ਚਾਹੁੰਦਾ ਹੈ। ਕਵੀ ਆਪਣੀ ਕਵਿਤਾ ਵਿਚ ਮਨੁੱਖ ਦੀਆਂ ਆਪਾਰ ਕਾਮਨਾਵਾਂ ਦਾ ਜ਼ਿਕਰ ਕਰਦਾ ਹੈ ਜੋ ਹਮੇਸ਼ਾ ਰਹਿੰਦੀਆਂ ਹਨ ਹਾਲਾਂਕਿ ਮਨੁੱਖ ਦਾ ਸ਼ਰੀਰ ਨਸ਼ਵਰ ਹੈ ਪਰ ਇਸ ਨਸ਼ਵਰਤਾ ਦੀ ਪਛਾਣ ਹੋਣ ਦੇ ਬਾਵਜੂਦ ਵੀ ਉਹ ਇਸ ਤ੍ਰਿਸ਼ਨਾ ਤੋਂ ਬਚ ਨਹੀਂ ਪਾਉਂਦਾ। ਮਨੁੱਖ ਹਮੇਸ਼ਾ ਕੁਦਰਤ ਨਾਲੋਂ ਟੁੱਟ ਕੇ ਉਪਭੋਗੀ ਵਸਤਾਂ ਨਾਲ ਜੁੜਿਆ ਰਹਿੰਦਾ ਹੈ। ਮਰਨ ਤੱਕ ਵੀ ਇਹ ਤ੍ਰਿਸ਼ਨਾ ਉਸ ਦਾ ਪਿੱਛਾ ਨਹੀਂ ਛੱਡਦੀ:-

"ਤ੍ਰਿਸ਼ਨਾ
ਅਮਿਟ ਹੈ
ਅਨੰਤ ਸਵਰ ਲਹਿਰੀ ਹੈ।
ਨਾਮ ਵੱਲੋਂ ਹੋੜਦੀ
ਦੁਨੀਆਂ ਨਾਲ ਜੋੜਦੀ
ਨਦੀ ਇਹ ਬਹੁਤ ਗਹਿਰੀ ਹੈ।"[10]

ਰਤਨ ਸਿੰਘ ਢਿੱਲੋਂ ਨੇ ਸਮਾਜ ਵਿਚ ਫੈਲੇ ਅਮੀਰ ਗਰੀਬ, ਵੱਡੇ ਛੋਟੇ, ਜਾਤ, ਧਰਮ, ਨਾ ਇਨਸਾਫੀ ਨੂੰ ਬੜਾ ਖੁੱਲ ਕੇ ਪੇਸ਼ ਕੀਤਾ ਹੈ। ਕਵੀ ਆਪਣੀਆਂ ਕਵਿਤਾਵਾਂ ਵਿਚ ਇਹ ਵੀ ਬਿਆਨ ਕਰਦਾ ਹੈ ਕਿ ਧਰਮ ਨੂੰ ਆਪਣੀ ਜਗੀਰ ਸਮਝਣ ਵਾਲੇ ਲੋਕ ਧਰਮ ਦੇ ਨਾਂ ਤੇ ਲੋਕਾਂ ਨੂੰ ਲੜਾਉਂਦੇ ਹਨ ਹਾਲਾਂਕਿ ਆਮ ਲੋਕਾਂ ਦਾ ਇਨ੍ਹਾਂ ਗੱਲਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ ਪਰ ਧਰਮ ਦੇ ਠੇਕੇਦਾਰ ਇਸ ਨਾਲ ਆਪਣੀ ਸਵਾਰਥ ਸਿੱਧੀ ਪੂਰਦੇ ਹਨ।

"ਤੇਰੇ ਘਰ ਦੀ
ਟਾਹਲੀ ਥੱਲੇ ਬਹਿਕੇ
ਜੋ ਸਨ ਆਪਾਂ
ਸਾਂਝੇ ਬੋਲ ਉਚਾਰੇ
.........
ਇਕ ਦੂਜੇ ਨੂੰ ਜੋੜਨ ਵਾਲਾ
ਹੱਦਬੰਦੀਆਂ ਨੂੰ ਤੋੜਨ ਵਾਲਾ
ਲੋਕ ਗੀਤ ਕੋਈ ਗਾਈਏ।"[11]
ਆਓ!
ਕਾਮਧੇਨੁ ਗਊ ਨੂੰ
ਸੁਨਹਿਰੀ ਕਿਲਿਉ ਖੋਲ੍ਹ ਕੇ
ਆਜ਼ਾਦ ਕਰ ਦੇਈਏ।"[12]

ਢਿੱਲੋਂ ਨੇ ਧਰਮ ਦੇ ਹੋ ਰਹੇ ਵਪਾਰੀਕਰਨ ਸੰਬਧੀ ਖੁੱਲ ਕੇ ਬਿਆਨਿਆ ਹੈ। ਉਸਨੇ ਕਾਮਧੇਨੂ ਗਾਂ ਦੇ ਹਵਾਲੇ ਨਾਲ ਉਹਨਾਂ ਲੋਕਾਂ ਦੀ ਹਕੀਕਤ ਨੂੰ ਪੇਸ਼ ਕੀਤਾ ਹੈ। ਜਿਹੜੇ ਧਰਮ ਨੂੰ ਵਪਾਰ ਤੋਂ ਵੱਧ ਕੁਝ ਨਹੀਂ ਸਮਝਦੇ ਪਰ ਇਸ ਦੇ ਨਾਲ ਇਕ ਆਸ਼ਾਵਾਦੀ

ਦ੍ਰਿਸ਼ਟੀ ਵੀ ਉਸਦੀ ਕਵਿਤਾ ਵਿਚ ਜ਼ਾਹਰ ਹੈ। ਜਿੱਥੇ ਉਹ ਆਮ ਸਮਾਜ ਤੋਂ ਧੱਕੇ ਹੋਏ ਲੋਕਾਂ ਨੂੰ ਮੁਹਰੇ ਰੱਖਣ ਦੇ ਹੱਕ ਵਿਚ ਹੈ। ਹਾਲਾਂਕਿ ਸਮਾਜ ਵਿਚ ਅਮੀਰ ਗਰੀਬ, ਵੱਡੇ ਛੋਟੇ ਦਾ ਭੇਦਭਾਵ ਬਹੁਤ ਜ਼ਿਆਦਾ ਹੈ। 'ਕਾਲੀਨ' ਕਵਿਤਾ ਵਿਚ ਕਵੀ ਇਹੀ ਕਹਿਣਾ ਚਾਹੁੰਦਾ ਹੈ। ਸਾਡਾ ਸਮਾਜ ਬਹੁਤ ਨਿੱਘਰ ਚੁੱਕਾ ਹੈ। ਜਿੱਥੇ ਪੈਸੇ ਦੀ ਹੋੜ ਵਿਚ ਉਪਰਲੀ ਧਿਰ ਹੇਠਲੀ ਸ਼੍ਰੇਣੀ ਨੂੰ ਹਰਾ ਦਿੰਦੀ ਹੈ ਅਤੇ ਅਜਿਹੇ ਲੋਕ ਪੈਸੇ ਨਾਲ ਲੋਕਾਂ ਦੇ ਹੱਕਾਂ ਨਾਲ ਧੱਕਾ ਕਰਦੇ ਹਨ ਅਤੇ ਹੋਰ ਤੇ ਹੋਰ ਜਿਸ ਕੁਰਸੀ ਤੇ ਇਹ ਲੋਕ ਬੈਠੇ ਹਨ ਉਹ ਉਸ ਕੁਰਸੀ ਨਾਲ ਵੀ ਇਨਸਾਫ ਨਹੀਂ ਕਰ ਪਾਉਂਦੇ। ਪਰ ਇਕ ਜਿਹੜੀ ਖਾਸ ਗੱਲ ਰਤਨ ਸਿੰਘ ਢਿੱਲੋਂ ਦੇ ਕਾਵਿ ਵਿਚ ਵੇਖਣ ਨੂੰ ਮਿਲਦੀ ਹੈ ਉਹ ਇਹ ਹੈ ਕਿ ਉਹਨਾਂ ਦੀ ਕਵਿਤਾ ਕਿਤੇ ਵੀ ਨਿਰਾਸ਼ਾਵਾਦੀ ਨਹੀਂ ਭਾਸਦੀ ਆਸ਼ਾ ਨਾਲ-ਨਾਲ ਤੁਰ ਰਹੀ ਪ੍ਰਤੀਤ ਹੁੰਦੀ ਹੈ।

"ਕੁਝ ਲੋਕ ਵਿਛ ਜਾਂਦੇ ਹਨ
ਤੁਹਾਡੇ ਪੈਰਾਂ ਵਿਚ
ਕਿਸੇ ਕੀਮਤੀ ਕਾਲੀਨ ਵਾਂਗ
ਤੇ ਤੁਸੀਂ
ਆਪਣੇ ਨਾਪਾਕ ਪੈਰ ਧਰਦੇ
ਕਾਲੀਨ ਬਣੇ ਲੋਕਾਂ ਦੀ ਛਾਤੀ ਦਰੜਦੇ
ਅੱਗੇ ਵੱਧ ਜਾਂਦੇ ਹੋ
.........
ਕਾਸ਼!
ਕਾਲੀਨ ਬਣੇ ਲੋਕ
ਤੁਹਾਨੂੰ ਪੈਰਾਂ ਤੋਂ ਵੀ
ਕੱਢ ਸਕਣ ਦੀ ਜਾਚ ਜਾਣਦੇ।"[13]

ਰਤਨ ਸਿੰਘ ਢਿੱਲੋਂ ਦੀ ਪੁਸਤਕ 'ਪਰਵਾਜ਼' ਉਹ ਪਰਵਾਜ਼ ਹੈ ਜਿਸ ਦੇ ਘੇਰੇ ਵਿਚ ਸ਼ਬਦ ਧੁਨੀ ਸੁਰ ਸਾਜ ਸਭ ਆ ਸਕਦੇ ਹਨ। ਇਹਨਾਂ ਨੂੰ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ ਪਰ ਕਿਸੇ ਘੇਰੇ ਵਿਚ ਬੰਨ੍ਹਿਆਂ ਨਹੀਂ ਜਾ ਸਕਦਾ ਲੇਕਿਨ ਇਕ ਕਲਮ ਅਜਿਹਾ ਹਥਿਆਰ ਹੈ ਜਿਸ ਉੱਪਰ ਇਕ ਲਿਖਾਰੀ ਦਾ ਕਾਬਜ਼ ਹੁੰਦਾ ਹੈ। ਕਲਮ ਅਜਿਹਾ ਹਥਿਆਰ ਹੈ ਜਿਸਦੀ ਚੋਟ ਸਭ ਹਥਿਆਰਾਂ ਤੋਂ ਵੱਧ ਹੈ ਅਤੇ ਇਹ ਸਾਡੀ ਸੋਚ, ਸਮਾਜ, ਸਿਸਟਮ ਸਭ ਉਪੱਰ ਹਾਵੀ ਹੋ ਜਾਂਦੀ ਹੈ ਅਤੇ ਸਭ ਨੂੰ ਬਦਲਣ ਦੀ ਹੈਸੀਅਤ ਰੱਖਦੀ ਹੈ। ਸਮਾਜ ਵਿਚ ਜੋ ਮਰਜ਼ੀ ਹੁੰਦਾ ਰਹੇ ਪਰ ਇਕ ਲਿਖਾਰੀ ਆਪਣੀ ਕਲਮ ਪ੍ਰਤੀ ਵਫਾਦਾਰ ਰਹਿੰਦਿਆ ਉਸ ਸਭ ਹੁੰਦੇ ਨੂੰ ਸ਼ਬਦੀ ਰੂਪ ਦਿੰਦਾ ਰਹੇ ਅਤੇ ਆਸ਼ਾਵਾਦੀ ਰਹੇ ਇਹ ਹੀ ਇਕ ਲਿਖਾਰੀ ਦੀ ਖਾਸੀਅਤ ਹੁੰਦੀ ਹੈ ਅਤੇ ਰਤਨ ਸਿੰਘ ਢਿੱਲੋਂ ਇਸ ਗੱਲ ਉਪੱਰ ਪੂਰੀ ਤਰ੍ਹਾਂ ਖਰਾ ਉਤਰਦਾ ਹੈ। ਇਸ ਸੰਦਰਭ ਵਿਚ ਉਸਦੀਆਂ ਕਵਿਤਾਵਾਂ 'ਦੇਹਵਾਦ' ਅਤੇ 'ਕੋਇਲ' ਖਾਸ ਧਿਆਨ ਕੇਂਦਰਿਤ ਕਰਦੀਆਂ ਹਨ। ਆਪਣੀ ਕਵਿਤਾ 'ਕਿਤਾਬਾਂ' ਦੇ ਜ਼ਰੀਏ ਰਤਨ ਸਿੰਘ ਢਿੱਲੋਂ ਸਾਡੇ ਸਾਹਿਤਕਾਰਾਂ, ਲਿਖਾਰੀਆਂ ਅਤੇ ਪਾਠਕਾਂ ਸਭ ਉਪੱਰ ਬੜੇ ਜ਼ੋਰਦਾਰ ਸ਼ਬਦਾਂ ਨਾਲ ਵਿਅੰਗ ਕਰਦਾ ਹੈ। ਜਿੱਥੇ ਕਿਤਾਬ ਜਾਂ ਤਾਂ ਸਾਡੀਆਂ ਅਲਮਾਰੀਆਂ ਦੀ ਸ਼ਾਨ ਬਣਦੀ ਹੈ। ਜਿੱਥੇ ਉਸਦੀ ਹਾਲਤ ਅਲਮਾਰੀ ਵਿਚ ਪਏ ਹੀ ਖਸਤਾ ਹੋ ਜਾਂਦੀ ਹੈ। ਸਾਡੇ ਲਿਖਾਰੀ ਪੈਸੇ ਦੇ ਕੇ ਕਿਤਾਬਾਂ ਛਪਵਾਉਂਦੇ ਹਨ ਪਰ ਖੁਦ ਵੀ ਨਹੀਂ ਪੜਦੇ ਸਾਡੇ ਅੱਜ ਦੇ ਵਿਦਵਾਨਾਂ, ਸਾਹਿਤਕਾਰਾਂ ਦੇ ਅੰਦਰਲੇ ਰੂਪ ਨੂੰ ਲੇਖਕ ਨੇ ਪਾਠਕਾਂ ਦੇ ਸਾਹਮਣੇ ਲਿਆਂਦਾ ਹੈ।

"ਅਸੀਂ ਪੱਲਿਉ ਪੈਸੇ ਲਾ ਕੇ
ਕਿਤਾਬਾਂ ਕੇਵਲ ਛਪਵਾਉਂਦੇ ਹਾਂ
ਘੁੰਡ ਚੁਕਾਈ ਕਰਵਾਉਂਦੇ ਹਾਂ
ਦੂਜਿਆਂ ਨੂੰ ਦਿਖਾਉਂਦੇ ਹਾਂ
ਸਿਫਤ ਕਰਵਾਉਂਦੇ ਹਾਂ
ਦਾਰੂ ਪਿਆਉਂਦੇ ਹਾਂ
ਅਤੇ
ਸਾਹਿਤਕਾਰ ਹੋਣ ਦਾ
ਭਰਮ ਪਾਲਦੇ ਹਾਂ।"[14]

ਕਿੰਨਾ ਨਿਧੜਕ ਹੋ ਕੇ ਕਵੀ ਆਪਣੀ ਜਮਾਤ ਤੇ ਵੀ

ਵਿਅੰਗ ਕਰਨ ਤੋਂ ਸੰਕੋਚ ਨਹੀਂ ਕਰ ਰਿਹਾ। ਉਹ ਹਰ ਤਰ੍ਹਾਂ ਦੇ ਹਨੇਰੇ ਨੂੰ ਦੂਰ ਕਰਨ ਦਾ ਚਾਹਵਾਨ ਹੈ। ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਨੂੰ ਦੂਰ ਕਰਨ ਲਈ ਗ਼ਲਤ ਧਾਰਨਾਵਾਂ ਦੂਰ ਕਰਨੀਆਂ ਪੈਣਗੀਆਂ। ਕਵੀ ਦਾ ਇਹ ਮੰਨਣਾ ਹੈ ਕਿ ਸਮਾਜ ਵਿਚ ਕੋਈ ਨ ਕੋਈ ਅਜਿਹਾ ਮੋਢੀ (ਨਾਇਕ) ਪੈਦਾ ਹੁੰਦਾ ਹੈ ਜਿਹੜਾ ਬੁਰਾਈ ਦਾ ਖਾਤਮਾ ਕਰਕੇ ਚੰਗਿਆਈ ਦਾ ਚਾਨਣ ਫੈਲਾਉਂਦਾ ਹੈ। ਪਰ ਅੱਜ ਧਰਤੀ ਉਪੱਰ ਇੰਨਾ ਕੁਝ ਗਲਤ ਕਰ ਚੁੱਕੇ ਹਾਂ ਕਿ ਉਸ ਸਭ ਨੂੰ ਠੀਕ ਕਰਨਾ ਕੁਝ ਮੁਸ਼ਕਿਲ ਵੀ ਜਾਪਦਾ ਹੈ।

"ਅਜੋਕੇ ਦੌਰ ਵਿਚ ਵਿਸ਼ਵੀਕਰਨ ਦਾ ਇਹ ਵਰਤਾਰਾ ਅੱਟਲ ਹੈ, ਪਰ ਆਪਣੀ ਸਭਿਆਚਾਰਕ ਹੋਂਦ ਅਤੇ ਗੌਰਵ ਪ੍ਰਤੀ ਸਵੈਮਾਣ ਵਾਲਾ ਰਵੱਈਆ ਅਤੇ ਪ੍ਰਤਿਉਤਰ ਵੀ ਉਨਾਂ ਹੀ ਲਾਜ਼ਮੀ ਹੈ। ਜੇਕਰ ਅਸੀਂ ਪੰਜਾਬੀ ਸਭਿਆਚਾਰ ਦੀਆਂ ਸਾਂਭਣਯੋਗ, ਹੰਢਣਸਾਰ ਅਤੇ ਭਵਿਖ ਮੁਖੀ ਸਮਰਥਾਵਾਂ-ਯੋਗ ਪਹਿਲੂਆਂ ਨੂੰ ਨਾ ਪਛਾਣਿਆ ਤਾਂ ਇਹ ਨਿਸ਼ਚੇ ਹੀ ਸਾਡੀ ਵਿਕਰਾਲ ਸਭਿਆਚਾਰਕ ਤ੍ਰਾਸਦੀ ਹੋ ਨਿਬੜੇਗੀ।"[15]

ਰਤਨ ਸਿੰਘ ਢਿੱਲੋਂ ਇਨ੍ਹਾਂ ਗੱਲ੍ਹਾਂ ਪ੍ਰਤੀ ਪਹਿਲਾਂ ਤੋਂ ਹੀ ਚਿੰਤਤ ਨਜ਼ਰ ਆਉਂਦਾ ਹੈ। ਉਪਰੋਂ ਉਪਰੋਂ ਪੜਿਆ ਹੀ ਇਹ ਪਤਾ ਚੱਲ ਜਾਂਦਾ ਹੈ ਕਿ ਉਸਨੇ ਸਮਾਜ ਦੀਆਂ ਅਲਾਮਤਾਂ ਨੂੰ ਕਵਿਤਾ ਦਾ ਵਿਸ਼ਾ ਬਣਾਇਆ। ਉਸਨੇ ਇਸ ਪੁਸਤਕ ਰਾਹੀਂ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਸ਼ਾਇਦ ਸਮਾਜ ਵਿਚਲੀਆਂ ਘਟ ਰਹੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਗੱਲ ਕੀਤੀ ਹੈ। ਹਰ ਕਵਿਤਾ ਇਕ ਨਵਾਂ ਰੂਪ ਨਵਾਂ ਮੁਹਾਂਦਰਾ ਲੈ ਕੇ ਪਾਠਕ ਦੇ ਸਾਹਮਣੇ ਆ ਰਹੀ ਹੈ।ਉਸਨੇ ਆਪਣੀ ਕਵਿਤਾ ਵਿਚ ਸਭਿਆਚਾਰਕ ਹਵਾਲਿਆਂ ਦਾ ਪ੍ਰਯੋਗ ਕੀਤਾ ਅਤੇ ਹਰ ਘਟਨਾ ਉੱਤੇ ਵਿਅੰਗ ਵੀ ਕੀਤਾ ਅਤੇ ਨਾਲ ਹੀ ਨਾਲ ਟਿਪੱਣੀ ਵੀ ਕੀਤੀ ਹੈ। ਮਨੁੱਖ ਟੈਕਨਾਲੌਜੀ ਲੈ ਆਇਆ ਉਹ ਕੁਦਰਤ ਨੂੰ ਮਾਨਣ ਤੋਂ ਵੀ ਗਿਆ।ਸਾਡਾ ਸਭਿਆਚਾਰਕ ਵਿਰਸਾ ਵੀ ਕਿਤੇ ਨ ਕਿਤੇ ਖ਼ਤਮ ਹੋ ਰਿਹਾ ਹੈ ਅਤੇ ਸਾਰੀ ਸ੍ਰਿਸ਼ਟੀ ਮਨੁੱਖ ਨੇ ਗੰਦਲੀ ਕਰ ਦਿੱਤੀ, ਉਹ ਤੀਰਥ ਅਸਥਾਨ ਜਿਸ ਦਾ ਜਲ ਪਵਿੱਤਰ ਸਮਝ ਕੇ ਲੋਕ ਸ਼ਰਧਾ ਵਸ ਗ੍ਰਹਿਣ ਕਰਦੇ ਸਨ ਉਹ ਮਨੁੱਖ ਨੇ ਗੰਦਲਾ ਕਰ ਦਿੱਤਾ ਅੱਜ ਮਨੁੱਖਤਾ ਦੇ ਜਾਗਣ ਦੀ ਲੋੜ ਹੈ। ਜੇਕਰ ਉਹ ਨਾ ਜਾਗਿਆ ਤਾਂ ਸ੍ਰਿਸ਼ਟੀ ਖ਼ਤਮ ਹੋ ਜਾਵੇਗੀ। ਇਸ ਨੂੰ ਗ੍ਰਹਿਣਯੋਗ ਬਣਾਉਣ ਲਈ ਸਵਾਰਨਾ ਬਹੁਤ ਜ਼ਰੂਰੀ ਹੈ। ਇਹ ਸਭ ਪੱਖ ਰਤਨ ਸਿੰਘ ਢਿੱਲੋਂ ਦੀ ਪੁਸਤਕ ਪਰਵਾਜ਼ ਦਾ ਆਧਾਰ ਬਣੇ ਹਨ। ਇਹ ਪੁਸਤਕ ਸਮਾਜ ਨੂੰ ਸ਼ੀਸ਼ਾ ਵਿਖਾਉਣ ਦਾ ਕੰਮ ਕਰੇਗੀ।

**<u>ਪੁਸਤਕ ਸੂਚੀ</u>**


1. ਹਰਿਭਜਨ ਸਿੰਘ, ਰੂਪਕੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨਾ-1.
2. ਰਤਨ ਸਿੰਘ ਢਿੱਲੋਂ, ਪਰਵਾਜ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ-26.
3. ਉਹੀ, ਪੰਨਾ-18.
4. ਉਹੀ, ਪੰਨਾ-42.
5. ਉਹੀ, ਪੰਨਾ-20.
6. ਉਹੀ, ਪੰਨਾ-21.
7. ਉਹੀ, ਪੰਨਾ-35.
8. ਉਹੀ, ਪੰਨਾ-64.
9. ਜੋਗਾ ਸਿੰਘ "ਭੂਮਿਕਾ", ਜਦੋਂ ਪਿੰਡ ਬੋਲਦਾ ਹੈ (ਕਰਤਾਰ ਕੈਂਥ), ਪੰਨੇ-10-11.
10. ਰਤਨ ਸਿੰਘ ਢਿੱਲੋਂ, ਪਰਵਾਜ਼, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ-80.
11. ਉਹੀ, ਪੰਨਾ-46.
12. ਉਹੀ, ਪੰਨਾ-33.
13. ਉਹੀ, ਪੰਨਾ-62.
14. ਉਹੀ, ਪੰਨਾ-45.
15. ਡਾ. ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਗ੍ਰੇਸ਼ਿਅਸ ਬੁੱਕ ਸ਼ਾਪ, ਪਟਿਆਲਾ, 2012, ਪੰਨਾ-121.

# ਭਾਸ਼ਾ ਵਿਭਾਗ ਦੀ ਨੌਕਰੀ

## (ਵਾਰਿਸ ਸ਼ਾਹ ਜਾ ਰੱਬ ਮਿਹਰਬਾਨ ਹੋਵੇ......)

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ
98729-81237



16 ਅਕਤੂਬਰ 1987 ਨੂੰ ਭਾਸ਼ਾ ਵਿਭਾਗ ਪੰਜਾਬ ਦੇ ਮੁੱਖ ਦਫ਼ਤਰ ਪਟਿਆਲਾ ਵਿਚ ਰੀਸਰਚ ਵਿੰਗ ਦੀ ਸਭ ਤੋਂ ਹੇਠਲੀ ਪੋਸਟ 'ਖੋਜ ਸਹਾਇਕ' ਦੀ ਅਸਾਮੀ ਉੱਪਰ ਮੈਂ ਹਾਜ਼ਰ ਹੋਇਆ ਸੀ। ਭਾਸ਼ਾ ਵਿਭਾਗ ਵਿਚ ਆਉਣ ਤੋਂ ਪਹਿਲਾਂ ਮੈਂ 7 ਸਾਲ ਖ਼ਾਲਸਾ ਹਾਇਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਅਤੇ ਇਕ ਸਾਲ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਵਿਖੇ ਪੜ੍ਹਾਉਣ ਦਾ ਤਜਰਬਾ ਕਰ ਚੁੱਕਾ ਸੀ । ਉਸ ਤੋਂ ਵੀ ਪਹਿਲਾਂ ਮੈਂ ਪੰਜਾਬ ਸਿੰਧ ਬੈਂਕ ਵਿਚ ਨੌਕਰੀ ਕਰਨ ਦਾ ਚਾਓ ਵੀ ਪੂਰਾ ਕਰ ਲਿਆ ਸੀ।

ਧਾਰਮਿਕ ਪੁਰਖਾਂ ਵਰਗੇ ਜੀਵਨ ਦੇ ਧਾਰਨੀ, ਸਾਡੇ ਸਕੂਲ ਦੇ ਹੈਡਮਾਸਟਰ ਸ. ਠਾਕਰ ਸਿੰਘ ਜੀ (ਧੂਤਾਂ ਵਾਲੇ) ਪਰੇਅਰ ਦੇ ਸਮੇਂ, ਵਿਦਿਆਰਥੀਆਂ ਨੂੰ ਜੀਵਨ ਦੌਰਾਨ ਕੰਮ ਆਉਣ ਵਾਲੀਆਂ ਸਿੱਖਿਆਵਾਂ ਅਤੇ ਨਸੀਹਤਾਂ ਦਿੰਦੇ ਹੁੰਦੇ ਸਨ। ਉਨ੍ਹਾਂ ਦੇ ਸਮੇਂ ਮੈਂ ਸੱਤਵੀਂ ਤੋਂ ਨੌਵੀਂ ਜਮਾਤ (1968-1971) ਵਿਚ ਪੜ੍ਹਦਾ ਸੀ। ਇੱਕ ਵਾਰ ਉਹਨਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਇਕ ਕਹਾਣੀ ਸੁਣਾਈ ਜਿਸ ਦਾ ਭਾਵ ਸੀ ਕਿ 'ਤੁਸੀਂ ਕੋਈ ਵੀ ਕੰਮ ਜਾਂ ਨੌਕਰੀ ਕਰੋ, ਭਾਵੇਂ ਕਿਸੇ ਛੋਟੇ ਜਾਂ ਵੱਡੇ ਅਹੁਦੇ ਉੱਤੇ ਹੋਵੋਂ, ਤੁਹਾਡੇ ਉੱਪਰ ਫਿਰ ਵੀ ਕੋਈ ਨਾ ਕੋਈ ਅਫ਼ਸਰ ਜ਼ਰੂਰ ਹੋਵੇਗਾ। ਸਾਰੀ ਜ਼ਿੰਦਗੀ ਵਿੱਚ ਸਾਡੇ ਉੱਪਰ ਹੁਕਮ ਚਲਾਉਣ ਵਾਲਾ ਕੋਈ ਨਾ ਕੋਈ ਜ਼ਰੂਰ ਹੁੰਦਾ ਹੈ।" ਇਹ ਗੱਲ ਮੇਰੇ ਜ਼ਿਹਨ ਵਿਚ ਸਦਾ ਵਸੀ ਰਹੀ ਹੈ।

ਭਾਸ਼ਾ ਵਿਭਾਗ ਅਤੇ ਹੋਰ ਅਦਾਰਿਆਂ ਦੇ ਵੱਖਰੇ ਵੱਖਰੇ ਮਾਹੌਲ ਵਿਚ ਕੰਮ ਕਰਦਿਆਂ, ਮੈਂ ਸਮਰਪਿੱਤ ਭਾਵਨਾ ਨਾਲ ਡਿਊਟੀ ਕਰਨ ਦਾ ਯਤਨ ਕੀਤਾ ਹੈ। ਦੂਜੀ ਵਿਸ਼ਵ ਜੰਗ ਵਿਚ ਭਾਰਤੀ ਫ਼ੌਜੀਆਂ ਵਲੋਂ ਲੜਨ ਵਾਲੇ ਮੇਰੇ ਪਿਤਾ -ਗਿਆਨੀ ਚੰਨਣ ਸਿੰਘ ਜੀ ਕਿਹਾ ਕਰਦੇ ਸਨ ਕਿ ਪੂਰੀ ਵਫ਼ਾਦਾਰੀ ਨਾਲ ਨੌਕਰੀ ਕਰਨੀ ਸੱਭ ਤੋਂ ਵੱਡੀ ਭਗਤੀ ਹੈ। ਕਈ ਵਾਰ ਉਨ੍ਹਾਂ ਨੇ ਅੰਗ੍ਰੇਜ਼ ਫ਼ੌਜੀ ਅਫ਼ਸਰਾਂ ਵਲੋਂ ਕਈ ਤਰੀਕਿਆਂ ਨਾਲ ਜੁਆਨਾਂ ਦੀ ਇਮਾਨਦਾਰੀ ਤੇ ਵਫ਼ਾਦਾਰੀ ਪਰਖਣ ਦੀਆਂ ਗੱਲਾਂ ਸੁਣਾਇਆ ਕਰਦੇ ਸਨ। ਪਿਤਾ ਜੀ ਦੀਆਂ ਨਸੀਹਤਾਂ ਮੈਨੂੰ ਜੀਵਨ ਦੇ ਹਰ ਮੋੜ ਉਤੇ ਯਾਦ ਰਹੀਆਂ ਹਨ। ਸ਼ਾਇਦ ਇਸ ਸਦਕਾ ਭਾਸ਼ਾ ਵਿਭਾਗ ਵਿੱਚ ਮੈਨੂੰ ਡਾਇਰੈਕਟਰ ਦੇ ਅਹੁਦੇ ਤੱਕ ਪੁੱਜਣਾ ਨਸੀਬ ਹੋਇਆ। "ਹਿੰਮਤੇ ਮਰਦਾਂ ਮਦਦੇ ਖ਼ੁਦਾ" ਵਾਲੀ ਕਹਾਵਤ ਨੂੰ ਸਦਾ ਮੈਂ ਯਾਦ ਰੱਖਿਆ ਹੈ। ਮੈਂ ਆਪਣੀ ਵਿਚਾਰਧਾਰਾ ਅਨੁਸਾਰ ਉਕਤ ਕਹਾਵਤ ਦੇ ਦੂਜੇ ਅੱਧ 'ਮਦਦੇ ਖ਼ੁਦਾ' ਉਪਰ ਮੇਰੇ ਵਿਸ਼ਵਾਸ ਕਰਦਾ ਹਾਂ, ਵਰਨਾ ਨੌਕਰੀ ਵਿੱਚ ਵਫ਼ਾਦਾਰੀ ਅਤੇ ਮਿਹਨਤ ਤਾਂ ਹੋਰ ਵੀ ਬਹੁਤ ਸਾਰੇ ਮੁਲਾਜ਼ਮ ਕਰਦੇ ਹਨ।

ਭਾਸ਼ਾ ਵਿਭਾਗ ਵਿੱਚ ਖੋਜ ਸਹਾਇਕ ਦੀਆਂ ਨਿੱਕਲੀਆਂ ਆਸਾਮੀਆਂ ਬਾਰੇ, ਸ਼ਾਇਦ ਮੈਨੂੰ ਨਾ ਹੀ ਪਤਾ ਲੱਗਦਾ, ਜੇ ਮੇਰੇ ਨਾਲ ਇਕ ਸਾਧਾਰਨ ਜਿਹੀ ਘਟਨਾ ਨਾ ਵਾਪਰਦੀ। ਇਸ ਬਾਰੇ ਮੈਨੂੰ, ਪੰਜਾਬ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਚਣ ਲਈ ਕਿਸੇ ਕੁੰਜ ਗੋਸ਼ੇ, ਭਾਵ ਕਿਸੇ ਜੰਗਲੀ ਇਕਾਂਤ ਵਿੱਚ ਬੈਠੇ ਨੂੰ ਪਤਾ ਲੱਗਾ ਸੀ। ਬੀਤੀ ਰਾਤ ਪੰਜਾਬ ਪੁਲਿਸ ਮੇਰੇ ਵੱਡੇ ਭਰਾ ਸ. ਕਰਨੈਲ ਸਿੰਘ ਨੂੰ ਫੜ੍ਹ ਕੇ ਲੈ ਗਈ ਸੀ। ਮੈਨੂੰ ਮੁਲਾਜ਼ਮ ਤੇ ਨਿਰਦੋਸ਼ ਹੋਣ ਦਾ ਮਾਣ ਸੀ, ਪਰ ਤਾਂ ਵੀ ਪਿੰਡ ਦੇ ਇਕ ਮੁਹਤਬਰ ਸੱਜਣ ਦੇ ਕਹਿਣ 'ਤੇ 'ਇਕ ਦੋ ਦਿਨ ਲਾਂਭੇ ਹੋ' ਜਾਣ ਦੀ ਗੱਲ ਮੈਂ ਮੰਨ ਹੀ ਲਈ ਸੀ।

ਸੰਧਰਾਂ ਦੀ ਰੱਖ (ਬੀੜ) ਨੇੜੇ ਜਥੇਦਾਰ ਕਸ਼ਮੀਰ ਸਿੰਘ ਮਾਛੀਆਂ ਦੀ ਬੰਬੀ ਉਤੇ ਦਿਨ ਗੁਜ਼ਾਰਨ ਲਈ ਮੈਂ ਅੱਠ-ਦਸ ਅਖ਼ਬਾਰਾਂ ਮੰਗਵਾਂ ਲਈਆਂ ਸਨ। ਖੁੱਲ੍ਹਾ ਸਮਾਂ ਹੋਣ ਕਾਰਨ ਬਾਰੀਕੀ ਵਿੱਚ ਪੜ੍ਹਦਿਆਂ ਵੇਖਿਆ ਕਿ ਭਾਸ਼ਾ ਵਿਭਾਗ ਨੇ 6 ਖੋਜ ਸਹਾਇਕਾਂ ਦੀਆਂ ਅਸਾਮੀਆਂ ਲਈ ਬਿਨੈ ਪੱਤਰ ਮੰਗੇ ਹਨ। ਉਮੀਦਵਾਰ ਅੰਗਰੇਜ਼ੀ ਦੀ ਐਮ.ਏ.ਤੇ ਗਿਆਨੀ ਹੋਣ ਦੇ ਨਾਲ ਕੋਈ ਸਾਹਿਤਕ ਪੁਸਤਕ ਦੇ ਲੇਖਕ ਦੀ ਯੋਗਤਾ ਰੱਖਦਾ ਹੋਵੇ। ਮੇਰੇ ਪਾਸ ਸਾਹਿਤਕ ਪੁਸਤਕ ਨਹੀਂ ਸੀ। ਅਰਜ਼ੀ ਦੇਣ ਤੋਂ ਪਹਿਲਾਂ ਮੈਂ ਪ੍ਰੋਫੈਸਰ ਮਹਿਬੂਬ ਸਾਹਿਬ ਦੀ ਸਲਾਹ ਨਾਲ ਉਹਨਾਂ ਦੇ ਪਿੰਡ ਦੇ

ਨੌਜਵਾਨ ਰਛਪਾਲ ਸਿੰਘ ਗਿੱਲ ਦੀ ਸਲਾਹ ਲੈਣ ਲਈ ਮੁੱਖ ਦਫਤਰ ਭਾਸ਼ਾ ਵਿਭਾਗ ਪਟਿਆਲੇ ਚਲੇ ਗਿਆ। ਉਹ ਭਾਸ਼ਾ ਵਿਭਾਗ ਵਿੱਚ ਸਹਾਇਕ ਡਾਇਰੈਕਟਰ ਲੱਗੇ ਹੋਏ ਸਨ। ਮੇਰੀ ਗੱਲਬਾਤ ਤੋਂ ਬਾਅਦ ਉਹਨਾਂ ਨੇ ਕਿਹਾ ਕਿ 'ਜਿੰਨ੍ਹਾਂ ਤੁਸੀਂ ਪੀਐਚ.ਡੀ. ਲਈ ਖੋਜ ਕਾਰਜ ਕੀਤਾ ਹੈ, ਉਸ ਦਾ ਨਾਮ **ਭਾਈ ਵੀਰ ਸਿੰਘ ਚਿੰਤਨ** ਰੱਖ ਕੇ ਪੁਸਤਕ ਛਪਵਾ ਕੇ ਅਰਜ਼ੀ ਦੇ ਦੇਵੋ।' ਮੈਂ ਉਹਨਾਂ ਦਿਨਾਂ ਵਿੱਚ ਡਾ. ਕੇਸਰ ਸਿੰਘ ਕੇਸਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਅਗਵਾਈ ਵਿੱਚ 'ਭਾਈ ਵੀਰ ਸਿੰਘ-ਚਿੰਤਨ ਤੇ ਸ਼ੈਲੀ' ਦੇ ਵਿਸ਼ੇ ਉੱਤੇ ਪੀਐਚ.ਡੀ. ਲਈ ਖੋਜ ਕਾਰਜ ਕਰ ਰਿਹਾ ਸੀ।

ਸਾਡੇ ਪਰਿਵਾਰ ਦੇ ਸੁਨੇਹੀ ਪ੍ਰੋ. ਪਰਮਜੀਤ ਸਿੰਘ ਬਾਂਸਲ ਇਕ ਦਿਨ ਮੇਰੇ ਨਾਲ ਜਲੰਧਰ ਆਏ ਤੇ ਇਕ ਪ੍ਰੈਸ ਵਾਲੇ ਨੂੰ ਸਮੇਂ ਸਿਰ ਪੁਸਤਕ ਛਾਪਣ ਲਈ ਹਿਦਾਇਤ ਕਰ ਗਏ। ਲਗਾਤਾਰ ਅੱਠ ਦਿਨ ਪ੍ਰੈਸ ਵਿਚ ਰਹਿ ਕੇ ਕਿਤਾਬ ਦੇ ਨਾਲੋਂ ਨਾਲ ਪਰੂਫ ਪੜ੍ਹਨੇ ਪਏ। ਉਹਨਾਂ ਦਿਨਾਂ ਵਿੱਚ ਸਿੱਕੇ ਦੇ ਅੱਖਰਾਂ ਵਾਲੀ ਕੰਪੋਜ਼ਿੰਗ ਹੁੰਦੀ ਸੀ। ਗੱਲ ਕੀ ਪਟਿਆਲੇ ਅਰਜ਼ੀ ਦੇਣ ਤੋਂ ਪਹਿਲਾਂ ਮੈਂ ਇਹ ਕਿਤਾਬ ਸ਼ਾਮਿਲ ਕਰ ਦਿੱਤੀ ਸੀ। ਇੰਟਰਵਿਊ ਪਟਿਆਲੇ ਦੇ ਮੁੱਖ ਦਫਤਰ ਵਿੱਚ ਹੋਈ। ਉਸ ਵੇਲੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਰਾਜਿੰਦਰ ਸਿੰਘ ਭਸੀਨ ਸਨ। ਦੇਵਨੇਤ ਨਾਲ ਬਹੁਤੇ ਸਵਾਲ ਮੇਰੀ ਹੀ ਕਿਤਾਬ ਬਾਰੇ ਪੁੱਛੇ ਗਏ। ਇੰਟਰਵਿਊ ਕਮੇਟੀ ਵਿੱਚ ਬੈਠੇ ਸਰਦਾਰ ਹਰਚਰਨ ਸਿੰਘ ਕੈਂਬਲਪੁਰੀ (ਡਿਪਟੀ ਡਾਇਰੈਕਟਰ) ਨੇ ਵੀ ਮੇਰੀ ਸਹਾਇਤਾ ਕੀਤੀ, ਕਿਉਂਕਿ ਰਛਪਾਲ ਸਿੰਘ ਗਿੱਲ ਨੇ ਉਨ੍ਹਾਂ ਨੂੰ ਮੇਰੇ ਬਾਰੇ ਕਿਹਾ ਹੋਇਆ ਸੀ।

ਡਾਇਰੈਕਟਰ ਰਾਜਿੰਦਰ ਸਿੰਘ ਭਸੀਨ ਗੁਰੂ ਘਰ ਦੇ ਸ਼ਰਧਾਲੂ ਸਨ ਤੇ ਲਾਇਕ ਇਸ ਤੋਂ ਵੀ ਵੱਧ ਸਨ। ਉਹ ਅਨੁਵਾਦ ਤੇ ਵਿਦਵਤਾ ਦੇ ਖੇਤਰ ਵਿੱਚ ਬਹੁਤ ਵੱਡਾ ਨਾਮ ਰੱਖਦੇ ਸਨ। ਉਹਨਾਂ ਨੇ ਸਰਕਾਰ ਨੂੰ ਲਿਖਿਆ ਕਿ ਇਸ ਇੰਟਰਵਿਊ ਵਿੱਚ ਸਾਨੂੰ ਵਿਭਾਗ ਦੇ ਦ੍ਰਿਸ਼ਟੀਕੋਣ ਤੋਂ ਚੰਗੇ ਉਮੀਦਵਾਰ ਮਿਲੇ ਹਨ ਤੇ ਸਾਡੀ ਵਿਭਾਗੀ ਚੋਣ ਕਮੇਟੀ ਨੂੰ 6 ਦੀ ਥਾਂ 9 ਉਮੀਦਵਾਰ ਭਰਤੀ ਕਰਨ ਦੀ ਪਰਵਾਨਗੀ ਦਿੱਤੀ ਜਾਵੇ। ਕੁਲ 9 ਉਮੀਦਵਾਰਾਂ ਦੀ ਚੋਣ ਵਿੱਚ ਮੇਰਾ ਸੀਨੀਆਰਤਾ ਨੰਬਰ ਇਕ ਸੀ। ਮੈਂ ਜੁਆਇਨ ਕਰ ਲਿਆ। ਮੈਂ ਨਿਸ਼ਚਾ ਕਰ ਲਿਆ ਕਿ ਹੁਣ ਵਿਭਾਗ ਦੇ ਖੋਜ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਕਰਨ ਲਈ ਪੀ.ਐਚ.ਡੀ ਕਰਨ ਦਾ ਖ਼ਿਆਲ ਛੱਡ ਦੇਣਾ ਹੈ। ਮੈਨੂੰ 'ਪੰਜਾਬ ਕੋਸ਼' ਵਾਲੇ ਸੈਕਸ਼ਨ ਵਿੱਚ ਤਾਇਨਾਤ ਗਿਆ। ਇਸ ਵਿੱਚ ਪੰਜਾਬ ਦੇ ਸਰਬਪੱਖੀ ਗਿਆਨ ਨੂੰ ਵਿਸ਼ਵ ਕੋਸ਼ ਦੇ ਪੈਟਰਨ ਵਿੱਚ ਲਿਖਣਾ ਹੁੰਦਾ ਸੀ। ਧਾਰਮਿਕ ਵਿਦਿਆ ਪੜ੍ਹੀ ਤੇ ਪੜ੍ਹਾਈ ਹੋਣ ਕਾਰਨ ਸੰਮਤ ਅਤੇ ਸੰਨ ਭੇਦ ਅਤੇ ਇਤਿਹਾਸਕ ਗੁਰ-ਅਸਥਾਨਾਂ ਬਾਰੇ ਮੇਰਾ ਗਿਆਨ ਹੋਰ ਖੋਜ ਸਹਾਇਕਾਂ ਨਾਲੋਂ ਵੱਧ ਸੀ। ਛੇਤੀ ਹੀ ਮੇਰੇ ਕੰਮ ਦੀ ਲਗਨ ਕਾਰਨ ਵਿਭਾਗ ਵਿੱਚ ਮੇਰੀ ਇੱਕ ਪਛਾਣ ਬਣ ਗਈ। ਇਸ ਤੋਂ ਪਹਿਲਾਂ ਤਿੰਨ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਨ ਕਰਕੇ ਹੁਣ ਸਰਕਾਰੀ ਨੌਕਰੀ ਤਾਂ ਬਹੁਤ ਹੀ ਸੁਖਾਲੀ ਲੱਗਦੀ ਸੀ।

ਡਾਇਰੈਕਟਰ ਸਾਹਿਬ ਕਦੇ ਕਦੇ ਸੈਕਸ਼ਨ ਵਿਚ ਆ ਕੇ ਸਾਡਾ ਅਨੁਵਾਦ ਚੈੱਕ ਕਰਦੇ ਤਾਂ ਸਭ ਦੇ ਸਾਹਮਣੇ ਕਹਿ ਦਿੰਦੇ ਕਿ "I am proud of my new selections like Chetan Singh and Manjit Singh." ਅਸੀਂ ਦੋਵੇਂ ਪਤੀ-ਪਤਨੀ ਬੀ.ਐੱਡ. ਤੇ ਐੱਮ.ਐੱਡ. ਹੋਣ ਕਾਰਨ ਵਾਪਸ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੋਈ ਚੋਣ ਤੇ ਨਿਯੁਕਤੀ ਅਨੁਸਾਰ ਭਾਸ਼ਾ ਵਿਭਾਗ ਨੂੰ ਅਲਵਿਦਾ ਕਹਿਣ ਬਾਰੇ ਵਿਚਾਰ ਕਰ ਰਹੇ ਸੀ। ਇਹ ਗੱਲ ਹੋਰ ਮੁਲਾਜ਼ਮਾਂ ਨਾਲ ਵੀ ਸਾਂਝੀ ਹੋ ਗਈ ਸੀ। ਇਕ ਦਿਨ ਡਾਇਰੈਕਟਰ ਸਾਹਿਬ ਮੈਨੂੰ ਕਹਿਣ ਲੱਗੇ ਕਿ "ਤੇਰੇ ਵਰਗਿਆਂ ਦੀ ਮਹਿਕਮੇ ਨੂੰ ਲੋੜ ਹੈ, ਤਰੱਕੀ ਕਰ ਲਵੇਂਗਾ। ਉਧਰ ਸਕੂਲ ਵਿਚ ਵੱਧ ਤੋਂ ਵੱਧ ਹੈਡਮਾਸਟਰ ਜਾਂ ਪ੍ਰਿੰਸੀਪਲ ਹੀ ਬਣੋਂਗੇ। ਮਹੀਨੇ ਦੋ ਮਹੀਨੇ ਬਾਅਦ ਪਰੂਫ਼ ਰੀਡਰ ਦੀਆਂ ਅਸਾਮੀਆਂ ਦੀ ਇੰਟਰਵਿਊ ਹੋਣੀ ਹੈ, ਤੇਰੀ ਪਤਨੀ ਦੇ ਚੁਣੇ ਜਾਣ ਦੀ ਪੂਰੀ ਸੰਭਾਵਨਾ ਹੈ। ਤੁਸੀਂ ਇੱਥੇ ਰਹਿ ਕੇ ਬੱਚਿਆਂ ਨੂੰ ਪਟਿਆਲੇ ਦੇ ਮਸ਼ਹੂਰ ਸਕੂਲਾਂ ਵਿੱਚ ਪੜ੍ਹਾਓ!" ਖੈਰ ਦੋ ਕੁ ਮਹੀਨੇ ਬਾਅਦ ਮੇਰੀ ਪਤਨੀ ਅਮਰਜੀਤ ਕੌਰ ਦੀ ਚੋਣ ਵੀ ਹੋ ਗਈ ਤੇ ਉਸਨੇ ਵੀ ਭਾਸ਼ਾ ਵਿਭਾਗ ਵਿੱਚ ਜੁਆਇਨ ਕਰ ਲਿਆ। ਇਸ ਤੋਂ ਬਾਅਦ ਸਾਨੂੰ ਮੁਲਾਜ਼ਮ ਈਰਖਾ ਬਿਰਤੀ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ। ਇੱਕੋ ਵਿਭਾਗ ਵਿੱਚ ਦੋਹਾਂ ਦੇ ਨੌਕਰੀ ਕਰਨ ਨਾਲ ਖ਼ੁਸ਼ਕਿਸਮਤੀ ਅਤੇ ਬਦਕਿਸਮਤੀ ਦੇ ਵੱਖ ਵੱਖ ਅਨੁਭਵਾਂ ਨੂੰ ਕਿਵੇਂ ਨਾ ਕਿਵੇਂ ਨਾਲੋਂ ਨਾਲ ਹੰਢਾਉਣਾ ਪਿਆ।

ਬਦਕਿਸਮਤੀ ਇਹ ਕਿ ਵਿਭਾਗ ਦੀਆਂ ਛਲੇਡਾਂ ਚਾਲਾਂ ਤੇ ਮਾੜ੍ਹੀਆਂ ਪਰੰਪਰਾਵਾਂ ਅਨੁਸਾਰ, ਜਿੱਥੇ ਚੋਣਵੇਂ ਮੁਲਾਜ਼ਮਾਂ ਨੂੰ ਤਾਂ ਵਿਭਾਗ ਦੇ ਹਿੱਤਾਂ ਦੀ ਬਲੀ ਦੇ ਕੇ, ਬਿਨਾਂ ਪੋਸਟ 'ਤੇ ਤਾਇਨਾਤ ਕਰਕੇ ਸੁਖ ਸਹੂਲਤਾਂ ਦਿੱਤੀਆਂ ਗਈਆਂ, ਉੱਥੇ ਸਾਡੇ 'ਤੇ ਸਰਕਾਰ ਦਾ ਕੋਈ ਵੀ ਨਿਯਮ ਲਾਗੂ ਨਹੀਂ ਕੀਤਾ ਗਿਆ। ਖੁਸ਼ਕਿਸਮਤੀ ਇਹ ਕਿ ਅਸੀਂ ਇਨ੍ਹਾਂ ਔਕੜਾਂ ਨੂੰ ਔਕੜਾਂ ਨਾ ਮੰਨ ਕੇ ਖਿੜੇ ਮੱਥੇ ਨੌਕਰੀ ਕਰਕੇ ਵਿਭਾਗੀ ਹਿੱਤ ਨੂੰ ਸਮੱਰਪਿਤ ਸਾਂਝੀ ਸੋਚ ਵਿਚੋਂ ਕਈ ਨਵੇਂ ਰੀਕਾਰਡ ਪੈਦਾ ਕੀਤੇ।

ਇਹ ਗੱਲ ਸੱਚ ਹੈ ਕਿ ਰਾਜੇ ਮਹਾਰਾਜੇ ਤੇ ਵੱਡੇ ਅਫ਼ਸਰ ਕੰਨਾਂ ਦੇ ਕੱਚੇ ਹੁੰਦੇ। ਜਦੋਂ ਅਸੀਂ ਦੋਵੇਂ ਭਰਤੀ ਹੋ ਕੇ ਤਨਦੇਹੀ ਨਾਲ ਡਿਊਟੀ ਨਿਭਾ ਰਹੇ ਸੀ ਤਾਂ ਵਿਭਾਗ ਦੇ ਈਰਖਾਲੂ ਮੁਲਾਜ਼ਮਾਂ ਦੀ ਨਾਕਾਰਾਤਮਕ ਸੋਚ, (ਜਿਸ ਨੂੰ ਪ੍ਰਿੰਸੀਪਲ ਹਰਦਿਆਲ ਸਿੰਘ ਬੇਦੀ-Evil forces have raised their heads against you........ ਕਹਿੰਦੇ ਹੁੰਦੇ ਸਨ) ਨੇ ਸਾਡੇ ਖਿਲਾਫ਼ ਸਾਜਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ। ਮੇਰੇ ਇਕ ਜਾਣਕਾਰ ਮੁਲਾਜ਼ਮ ਦੇ ਸਾਹਮਣੇ ਇਹ ਈਰਖਾਲੂ ਮੁਲਾਜ਼ਮ ਡਾਇਰੈਕਟਰ ਸਾਹਿਬ ਨੂੰ ਅਕਸਰ ਇਉਂ ਕਹਿਣ ਲੱਗ ਪਏ- "ਇਹ ਹੈਰਾਨੀ ਦੀ ਗੱਲ ਹੈ ਕਿ ਇੰਨੀ ਛੋਟੀ ਤੇ ਕਾਲੀ ਦਾੜ੍ਹੀ ਵਾਲਾ ਇਸ ਤਰ੍ਹਾਂ ਤਰੱਕੀ ਕਰਦਾ ਕਦੇ ਰਾਖਵੇਂਕਰਨ ਦਾ ਲਾਭ ਉਠਾ ਕੇ ਸਾਡੇ ਸਿਰ ਉੱਪਰ ਬੈਠ ਸਕਦਾ ਹੈ। ਅਜੇ ਕੱਲ੍ਹ ਦੀਆਂ ਗੱਲਾਂ ਹਨ। ਇਹ ਸਾਡੇ ਜ਼ਿਲ੍ਹਾ ਭਾਸ਼ਾ ਅਫਸਰ ਹੁਸ਼ਿਆਰਪੁਰ ਹੁੰਦਿਆਂ ਪੁਸਤਕਾਂ ਖਰੀਦਣ ਆਇਆ ਕਰਦਾ ਸੀ। ਨਾਲੇ ਯੂਨੀਅਨ ਲੀਡਰ ਪ੍ਰਭਜੋਤ ਸਿੰਘ (ਐਕਸ ਸਰਵਿਸਮੈਨ) ਦੇ ਨਾਲ ਇਸ ਦੀ ਸੀਟ ਹੈ ਤੇ ਸਾਰਾ ਦਿਨ ਤੁਹਾਡੇ ਖ਼ਿਲਾਫ਼ ਸਲਾਹਾਂ ਦਿੰਦਾ ਰਹਿੰਦਾ ਹੈ।"

ਮੈਂ 1987 ਤੋਂ 13 ਸਾਲ ਪਹਿਲਾਂ ਹੀ ਹੁਸ਼ਿਆਰਪੁਰ ਦੇ ਭਾਸ਼ਾ ਵਿਭਾਗ ਡੀਪੂ ਤੋਂ ਕਿਤਾਬਾਂ ਖਰੀਦਣ ਜਾਂਦਾ ਹੁੰਦਾ ਸੀ । ਇਸ ਲਈ ਮੈਨੂੰ ਚਾਰ ਪੰਜ ਜ਼ਿਲ੍ਹਾ ਭਾਸ਼ਾ ਅਫ਼ਸਰ ਜਾਣਦੇ ਸੀ। ਭਾਸ਼ਾ ਵਿਭਾਗ ਦੀ ਸਰਵਿਸ ਦੇ ਚਾਰ ਸਾਲ ਬਾਅਦ ਸੀਨੀਅਰ ਪੋਸਟ ਦੀ ਇੰਟਰਵਿਊ ਸਮੇਂ ਮੇਰੇ ਲਈ ਇੱਕ ਤਰੱਕੀ ਦਾ ਮੌਕਾ ਪੈਦਾ ਹੋਇਆ, ਪ੍ਰੰਤੂ ਸਾਜ਼ਿਸ਼ ਤੇ ਕਾਨੂੰਨ ਦੀਆਂ ਚੋਰ ਮੋਰੀਆਂ ਕਾਰਨ ਮੈਂ ਇਹ ਤਰੱਕੀ ਨਾ ਪਾ ਸਕਿਆ। ਦੂਜਾ ਇਕ ਹੋਰ ਮੌਕਾ ਆਇਆ ਤਾਂ ਸਾਡੀ 9 ਦੀ ਪਹਿਲੀ ਸੀਨੀਆਰਤਾ ਵਿਚੋਂ ਮੇਰੇ ਤੋਂ ਜੂਨੀਅਰ ਦਲਬੀਰ ਸਿੰਘ (ਖੋਜ ਸਹਾਇਕ) ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਦੀ ਤਰੱਕੀ ਦਿੱਤੀ ਗਈ। ਮੇਰੀ ਤਰੱਕੀ ਦਾ ਇਕ ਮੌਕਾ ਹੋਰ ਗਵਾ ਦਿੱਤਾ ਗਿਆ। ਸਰਵਿਸ ਦੇ ਛੇ ਸਾਲ ਬਾਅਦ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਵਿਭਾਗ ਲਈ ਸਹਾਇਕ ਡਾਇਰੈਕਟਰ ਦੀਆਂ ਦੋ ਰਾਖਵੀਆਂ ਅਸਾਮੀਆਂ ਦੀ ਐਡ ਹੋਈ। ਵਿਭਾਗ ਨੇ ਪਰਾਪਰ ਚੈਨਲ ਵਿਧੀ ਰਾਹੀਂ ਮੇਰੀ ਅਰਜ਼ੀ ਸਹੀ ਢੰਗ ਨਾਲ ਫਾਰਵਰਡ ਨਾ ਕੀਤੀ। ਮੈਂ ਅਦਾਲਤ ਦਾ ਦਰਵਾਜ਼ਾ ਵੀ ਖੜਕਾਇਆ ਪਰ ਵਕੀਲ ਦੀ ਪ੍ਰਤੱਖ ਗ਼ਲਤੀ ਕਾਰਨ ਸਫ਼ਲ ਨਾ ਹੋ ਸਕਿਆ। ਇੰਜ ਤਰੱਕੀ ਦੇ ਤਿੰਨ ਮੌਕਿਆਂ ਦੇ ਹੱਥੋਂ ਨਿਕਲ ਜਾਣ ਨਾਲ ਮੈਨੂੰ ਕੁੱਝ ਉਦਾਸੀ ਹੋਣੀ ਸ਼ੁਰੂ ਹੋ ਗਈ। ਹੁਣ ਮੈਂ ਇਸ ਸਾਜ਼ਸ਼ੀ ਮਾਹੌਲ ਤੋਂ ਦੂਰ ਰਹਿਣਾ ਚਾਹੁੰਦਾ ਸੀ। ਮੈਂ Milton ਦੇ Paradise Lost ਵਿਚ ਪੜ੍ਹਿਆ ਹੋਇਆ ਸੀ ਕਿ- Better to rule in hell, than to serve in Heaven. ਮੈਂ ਪਰਿਵਾਰਕ ਸਹਿਮਤੀ ਨਾਲ ਵਾਲੰਟੀਅਰ ਹੋ ਕੇ, ਬਿਨਾਂ ਤਰੱਕੀ ਦੇ ਜ਼ਿਲ੍ਹਾ ਭਾਸ਼ਾ ਅਫਸਰ ਹੁਸ਼ਿਆਰਪੁਰ ਲੱਗ ਗਿਆ। ਇਥੇ ਰਹਿ ਕੇ ਪੂਰੇ ਜੋਸ਼ ਨਾਲ ਵਿਭਾਗ ਦੇ ਕੰਮਾਂ ਨੂੰ ਕੀਤਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚ ਆਪਣੀ ਵੱਖਰੀ ਪਛਾਣ ਬਣਾਈ। ਵਿਭਾਗੀ ਕੰਮ ਕਰਦਿਆਂ ਆਪਣੇ ਆਪ ਨੂੰ ਸੰਤੁਸ਼ਟੀ ਵੀ ਹੋਈ।

ਸਰਵਿਸ ਦੇ ਸੱਤਵੇਂ ਸਾਲ ਵਿਚ ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਭਾਸ਼ਾ ਵਿਭਾਗ ਲਈ 8 ਸਹਾਇਕ ਡਾਇਰੈਕਟਰਾਂ ਦੇ ਸਿੱਧੀ ਭਰਤੀ ਲਈ ਅਰਜ਼ੀਆਂ ਮੰਗੀਆਂ ਗਈਆਂ। ਕੋਈ ਰਾਖਵੀਂ ਆਸਾਮੀ ਨਾ ਹੋਣ ਕਾਰਨ ਮੈਂ ਜਨਰਲ ਕੈਟਾਗਰੀ ਵਿਚ ਵਿਚਾਰੇ ਜਾਣ ਲਈ ਅਪਲਾਈ ਕਰ ਦਿੱਤਾ। ਇੰਟਰਵਿਊ ਵਿੱਚ ਆਏ ਕੁੱਲ 22 ਉਮੀਦਵਾਰਾਂ ਵਿੱਚੋਂ ਕੇਵਲ ਮੈਂ ਹੀ ਅਜਿਹਾ ਉਮੀਦਵਾਰ ਸੀ, ਜਿਸਨੂੰ ਇੰਟਰਵਿਊ ਵਾਲੀ ਪੋਸਟ ਭਾਵ ਜ਼ਿਲ੍ਹਾ ਭਾਸ਼ਾ ਅਫ਼ਸਰ ਦਾ ਤਜਰਬਾ ਸੀ। ਮੇਰੀ ਇੰਟਰਵਿਊ ਅੱਛੀ ਹੋਈ। ਮੈਨੂੰ ਭਾਸ਼ਾ ਅਫਸਰ ਦੇ ਕੰਮ ਪੁੱਛੇ ਗਏ ਤਾਂ ਮੈਂ ਇੱਕ ਦੋ ਤਿੰਨ ਸੱਤ ਨੰਬਰ ਤੱਕ ਫਟਾ ਫਟ ਗਿਣਾ ਕੇ ਕਿਹਾ ਕਿ ਮੈਂ ਇਸ ਪੋਸਟ ਤੇ ਵਾਲੰਟੀਅਰ ਕੰਮ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਿਫਾਰਸ਼ ਕਰਨ ਨਾਲ ਰਾਜਪਾਲ ਪੰਜਾਬ ਤੋਂ ਆਹ ਸਨਮਾਨ ਸਰਟੀਫਿਕੇਟ ਪ੍ਰਾਪਤ ਕੀਤਾ ਹੈ, ਕਿਉਂਕਿ ਮੈਂ

ਵਿਭਾਗ ਦੀਆਂ ਸਕੀਮਾਂ ਨੂੰ ਆਮ ਲੋਕਾਂ ਤੱਕ ਲੈ ਕੇ ਗਿਆ ਸੀ। ਸਬਜੈਕਟ ਮਾਹਰ ਨੇ ਮੈਨੂੰ ਗੁਰਬਾਣੀ ਵਾਲੇ ਦੋਵੇਂ ਬਾਰਾਮਾਂਹ ਬਾਰੇ ਸਵਾਲ ਪੁੱਛੇ ਤਾਂ ਦੋਵੇਂ ਬਾਰਾਮਾਂਹ ਕੰਠ ਹੋਣ ਕਾਰਨ ਮੈਂ ਪੂਰੇ ਕਾੱਨਫੀਡੈਂਸ ਨਾਲ ਉੱਤਰ ਦੇ ਦਿੱਤੇ।

ਉਸੇ ਦਿਨ ਕਮਿਸ਼ਨ ਵਲੋਂ ਬਾਅਦ ਦੁਪਹਿਰ ਕਮਿਸ਼ਨ ਦਫ਼ਤਰ ਦੇ ਬਾਹਰ ਬੋਰਡ ਉਤੇ ਲਗਾਈ ਗਈ ਚੋਣ ਸੂਚੀ ਵਿਚ ਵਿੱਚ ਮੇਰਾ ਨਾਮ ਸਭ ਤੋਂ ਅਖੀਰ ਵਿਚ ਸ਼ਾਮਲ ਸੀ। ਚੋਣ ਸੂਚੀ ਸੀਨੀਆਰਤਾ ਵਿੱਚ ਮੇਰਾ ਨਾਮ ਆਖ਼ਰ ਵਿਚ ਰੱਖਿਆ ਗਿਆ; ਕਿਉਂਕਿ ਚੁਣੇ ਗਏ ਉਮੀਦਵਾਰਾਂ ਵਿਚ ਪੀਐਚ.ਡੀ ਤੇ ਯੂਨੀਵਰਸਿਟੀ ਟੌਪਰ ਭਾਵ ਮੇਰੇ ਤੋਂ ਵੱਧ ਕੁਆਲੀਫਾਈਡ ਨਵੇਂ ਪਾੜ੍ਹੂ ਸਨ ਤੇ ਮੈਂ ਪੁਰਾਣੇ ਵੇਲਿਆਂ ਦਾ ਖੁੰਡ ਸੀ। ਉਧਰ ਮੈਂ ਫਿਰ ਪਹਿਲੀ ਭਾਵਨਾ ਨਾਲ ਕੰਮ ਕਰਦਾ ਰਿਹਾ।

ਜਦੋਂ ਸੱਤ ਅੱਠ ਸਾਲ ਬਾਅਦ ਡਿਪਟੀ ਡਾਇਰੈਕਟਰ ਦੀ ਤਰੱਕੀ ਲਈ ਡੀ.ਪੀ.ਸੀ.ਹੋਣੀ ਸੀ, ਤਾਂ ਇਕ ਵਾਰ ਫਿਰ ਸਾਜ਼ਸ਼ ਅਧੀਨ ਮੇਰੀ ਏ.ਸੀ.ਆਰ. ਖ਼ਰਾਬ ਲਿਖ ਕੇ ਤਰੱਕੀ ਦੇ ਅਯੋਗ ਦਰਸਾਇਆ ਗਿਆ ਸੀ। ਇਹ 2003-04 ਦੀ ਗੱਲ ਹੈ। 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ।' ਅਨੁਸਾਰ ਜਾਣ ਬੁਝ ਕੇ ਮੈਨੂੰ ਅਣਡਿਠ ਕਰਨ ਵਿਰੁੱਧ ਮੈਂ ਉੱਚ ਅਧਿਕਾਰੀਆਂ ਨੂੰ ਫਰਿਆਦ ਕੀਤੀ ਕਿ ਮੇਰੇ ਨਾਲ ਵਿਭਾਗੀ ਸਾਜ਼ਸ਼ੀ ਪਰੰਪਰਾਵਾਂ ਅਧੀਨ ਅਨਿਆਂ ਕੀਤਾ ਜਾ ਰਿਹਾ ਹੈ। ਪ੍ਰਮਾਣ, ਦਲੀਲਾਂ ਤੇ ਸਚਾਈ ਅਧਾਰਿਤ ਮੇਰੀ ਫਰਿਆਦ ਸੁਣੀ ਗਈ। ਡੀ.ਪੀ.ਸੀ.ਦੀ ਅਗਲੀ ਮੀਟਿੰਗ ਵਿੱਚ ਮੈਂ ਡਿਪਟੀ ਡਾਇਰੈਕਟਰ ਦੀ ਤਰੱਕੀ ਪਾ ਗਿਆ। ਚੁਣੇ ਗਏ ਅੱਠ ਉਮੀਦਵਾਰਾਂ ਦੀ ਸੂਚੀ ਵਿੱਚੋਂ ਦੋ ਅਫਸਰ ਤਾਂ ਰੱਬ ਨੂੰ ਪਿਆਰੇ ਹੋ ਗਏ, ਇਕ ਸਸਪੈਂਡ ਹੋ ਗਿਆ ਤੇ ਤਿੰਨ ਚਾਰ ਅਫ਼ਸਰ ਮੇਰੇ ਤੋਂ ਪਹਿਲਾਂ ਰਿਟਾਇਰ ਹੋ ਗਏ। ਇਸ ਤਰ੍ਹਾਂ ਸੀਨੀਆਰਤਾ ਸੂਚੀ ਵਿੱਚ ਸਭ ਤੋਂ ਅਖੀਰ ਵਿੱਚ ਹੋਣ ਤੇ ਵੀ 'ਮਿੱਦੀ ਦੁੱਗੀ ਢਿੱਡ ਵਜਾਉਣ ਫਾਡੀਆਂ ਨੂੰ ਗੱਫੇ ਆਉਣ' ਵਾਲੀ ਗੱਲ ਹੋਈ ਤੇ ਮੈਨੂੰ ਡਾਇਰੈਕਟਰ ਦਾ ਅਹੁਦਾ ਨਸੀਬ ਹੋ ਗਿਆ।

ਮੈਂ ਇਸਨੂੰ ਕੇਵਲ ਤੇ ਕੇਵਲ ਰੱਬ ਦੀ ਮਿਹਰ ਸਮਝਦਾ ਹਾਂ। ਚਾਰ ਵਾਰ ਤਰੱਕੀ 'ਚ ਪਾਈਆਂ ਰੁਕਾਵਟਾਂ ਭਾਵ ਕਾਨੂੰਨ ਦੀਆਂ ਚੋਰ ਮੋਰੀਆਂ ਦੀ ਸਹਾਇਤਾ ਲੈ ਕੇ ਲੱਤਾਂ ਖਿੱਚਣ ਦੇ ਬਾਵਜੂਦ ਰੱਬ ਸੱਚੇ ਨੇ 'ਟੀਸੀ ਦਾ ਬੇਰ' ਮੇਰੇ ਭਾਗਾਂ ਵਿਚ ਰੱਖਿਆ ਹੋਇਆ ਸੀ। - "ਵਾਰਿਸ ਸ਼ਾਹ ਯਾ ਰੱਬ ਮਿਹਰਬਾਨ ਹੋਵੇ, ਹੁਕਮ ਕਰਦਾ ਹੈ ਨੇਕ ਸਿਤਾਰਿਆਂ ਨੂੰ" ਕਿ "ਜਾਓ! ਉਸਦੀ ਕਿਸਮਤ ਦਾ ਤਾਰਾ ਜ਼ਾਹਰ ਕਰੋ।" ਇਕ ਦਿਲਚਸਪ ਪਹਿਲੂ ਹੋਰ ਵੀ ਹੈ। ਜਿੱਥੇ ਮੈਂ ਸੀਨੀਆਰਤਾ ਵਿੱਚ ਸਭ ਤੋਂ ਅਖ਼ੀਰ ਵਿਚ ਸੀ ਤਾਂ ਮੇਰੇ ਤੋਂ ਪਹਿਲੇ ਸੱਤ ਅਫਸਰਾਂ ਵਿੱਚੋਂ ਕੋਈ ਵੀ ਡਾਇਰੈਕਟਰ ਦੀ ਤਰੱਕੀ ਨਹੀਂ ਪਾ ਸਕਿਆ, ਓਥੇ ਮੈਨੂੰ ਰਿਟਾਇਰ (2026) ਹੋਏ ਨੂੰ ਗਿਆਰਵਾਂ ਸਾਲ ਹੈ, ਮੇਰੇ ਤੋਂ ਬਾਅਦ ਅੱਜ ਤੱਕ ਕੋਈ ਵੀ ਭਾਸ਼ਾ ਵਿਭਾਗ ਦਾ ਡਾਇਰੈਕਟਰ ਨਹੀਂ ਬਣ ਸਕਿਆ।

ਇਕ ਗੱਲ ਹੋਰ ਸਾਂਝੀ ਕਰ ਲਵਾਂ ਕੇ ਜਿਸ ਡਾਇਰੈਕਟਰ ਨੇ ਮੇਰੀ ਤੇ ਮੇਰੀ ਪਤਨੀ ਦੀ ਚੋਣ ਕੀਤੀ ਸੀ ਅਤੇ ਸਾਨੂੰ ਮਹਿਕਮੇ ਵਿੱਚ ਸਰਵਿਸ ਕਰਦੇ ਰਹਿਣ ਲਈ ਨੇਕ ਸਾਲਾਹ ਦਿੱਤੀ ਸੀ, ਉਸ ਨੂੰ ਉਸਦੇ ਚਾਪਲੂਸਾਂ ਨੇ ਐਨਾ ਗੁਮਰਾਹ ਕੀਤਾ ਕਿ ਉਹ ਸਾਡੇ ਪ੍ਰਤੀ ਨਜ਼ਰੀਆ ਹੀ ਬਦਲ ਗਏ। ਉਨ੍ਹਾਂ ਦੀਆਂ ਹੋਰ ਕੁਚਾਲਾਂ ਚੱਲਣ ਅਤੇ ਭਸੀਨ ਸਾਹਿਬ ਨੂੰ ਗੁਮਰਾਹ ਕਰਨ ਦਾ ਇਕ ਪ੍ਰਤੱਖ ਪ੍ਰਮਾਣ ਇਹ ਹੈ ਕਿ ਜਦੋਂ ਡਾਇਰੈਕਟਰ ਰਾਜਿੰਦਰ ਸਿੰਘ ਭਸੀਨ ਰਿਟਾਇਰ ਹੋਏ ਤਾਂ ਸਟਾਫ ਦਾ ਪੰਜਵਾਂ ਹਿੱਸਾ ਹੀ ਉਹਨਾਂ ਦੀ ਵਿਦਾਇਗੀ ਪਾਰਟੀ ਵਿੱਚ ਸ਼ਾਮਿਲ ਹੋਇਆ ਤੇ ਵਿਦਾਇਗੀ ਪਾਰਟੀ ਵੀ ਆਮ ਵਾਂਗ ਟੇਬਲਾਂ ਕੁਰਸੀਆਂ ਲੱਗਣ ਦੀ ਥਾਂ ਵਿਭਾਗ ਦੇ ਵੇਹੜੇ ਵਿੱਚ ਘਾਹ ਉੱਤੇ ਬੈਠ ਕੇ ਹੀ ਦਿੱਤੀ ਗਈ ਜਦ ਕਿ ਉਹ ਗਰੈਂਡ ਗਰੈਂਡ ਫੇਅਰਵੈੱਲ ਪਾਰਟੀ ਦੇ ਹੱਕਦਾਰ ਸਨ ਕਿਉਂਕਿ ਉਨ੍ਹਾਂ ਨੇ ਵਿਭਾਗ ਲਈ ਵੱਡੇ-ਵੱਡੇ ਕੰਮ ਕੀਤੇ ਸਨ।

ਮੇਰਾ ਵਿਸ਼ਵਾਸ਼ ਹੈ ਕਿ ਕਿਰਤ ਨੂੰ ਧਰਮ (ਭਗਤੀ) ਸਮਝ ਕੇ ਆਪਣੀ ਡਿਊਟੀ ਕਰਨੀ ਚਾਹੀਦੀ ਹੈ। ਮਾਲੀ ਦਾ ਕੰਮ ਗੋਡੀ ਕਰਨਾ ਤੇ ਪਾਣੀ ਲਾਉਣਾ ਹੁੰਦਾ ਹੈ, ਰੱਬ ਦਾ ਕਰਮ ਫ਼ਲ ਲਾਉਣਾ ਹੈ। ਮੈਂ ਗਾਹੇ ਬਗਾਹੇ ਆਪਣੇ ਸਟਾਫ਼ ਨੂੰ ਗੁਰਬਾਣੀ ਦੀ ਇਹ ਤੁਕ ਦੁਹਰਾਇਆ ਕਰਦਾ ਰਿਹਾ ਹਾਂ; ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥(859)

***(...ਚਲਦਾ)***

—o—

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ

**ਜਗਦੀਸ਼ ਰਾਏ ਕੁਲਰੀਆਂ**



**ਸਮਾਜ ਵਿਚ ਰਹਿੰਦਿਆਂ ਲੇਖਕ ਦੀ ਜਿੰਮੇਵਾਰੀ ਬਣਦੀ ਹੈ ਕਿ ਉਹਦੇ ਜ਼ਹਿਨ ਵਿਚ ਘੱਟੋ ਘੱਟ ਇਹ ਗੱਲ ਤਾਂ ਜ਼ਰੂਰ ਹੋਵੇ ਕਿ ਉਹਦੀ ਲਿਖਤ ਕਿਹੜੀ ਧਿਰ ਦੇ ਹੱਕ ਵਿਚ ਭੁਗਤਦੀ ਹੈ? ਕਈ ਵਾਰ ਲੇਖਕ ਜਾਣੇ-ਅਣਜਾਣੇ ਵਿਚ ਸ਼ੋਸ਼ਣ ਕਰਨ ਵਾਲੀ ਧਿਰ ਦੇ ਹੱਕ ਵਿਚ ਹੀ ਭੁਗਤ ਜਾਂਦਾ ਹੈ। ਸਾਹਿਤ ਦਾ ਮਨੋਰਥ ਲੋਕ ਹਿੱਤ ਹੈ। ਲੋਕਾਈਂ ਦੇ ਭਲੇ ਲਈ ਸਿਰਜੀਆਂ ਰਚਨਾਵਾਂ ਮਨੁੱਖੀ ਭਾਵਨਾਵਾਂ ਦੇ ਨੇੜੇ ਹੁੰਦੀਆਂ ਹਨ, ਉਹ ਸਮਾਜ ਵਿਚ ਪ੍ਰਵਾਨ ਵੀ ਚੜ੍ਹਦੀਆਂ ਹਨ। ਸਾਹਿਤ ਦਾ ਰੂਪ ਭਾਵੇਂ ਕੋਈ ਵੀ ਹੋਵੇ ਪਰ ਲੋਕ ਮਨਾਂ ਦੀ ਤਰਜ਼ਮਾਨੀ ਜ਼ਰੂਰੀ ਹੈ। ਪੜ੍ਹਦੇ ਹਾਂ ਅਜਿਹੀਆਂ ਹੀ ਕੁਝ ਮਿੰਨੀ ਕਹਾਣੀਆਂ :**

**ਪੇਸ਼ਕਸ: ਜਗਦੀਸ਼ ਰਾਏ ਕੁਲਰੀਆਂ**

### ਮਾਂ / ਇਕਬਾਲ ਸਿੰਘ ਹਮਜਾਪੁਰ

ਉਸਨੇ ਮੱਥੇ ਵਿੱਚ ਬਿੰਦੀ, ਨੱਕ ਵਿੱਚ ਕੋਕਾ ਤੇ ਜੂੜੇ ਵਿੱਚ ਕਲਿੱਪ ਲਾ ਕੇ ਸ਼ੀਸੇ ਦੀ ਟੁਕੜੀ ਵਿੱਚ ਆਪਣਾ ਮੂੰਹ ਵੇਖਿਆ। ਇਹ ਸਾਰੀਆਂ ਚੀਜਾਂ ਉਹ ਕਈ ਚਿਰਾਂ ਤੋਂ ਸਾਂਭ-ਸਾਂਭ ਰੱਖ ਰਹੀ ਸੀ। ਮਾਂ ਨੇ ਕਦੀਂ ਵੀ ਉਸਨੂੰ ਬਿੰਦੀ, ਕਲਿਪ ਤੇ ਕੋਕੇ ਵਰਗੀਆਂ ਚੀਜਾਂ ਨਹੀਂ ਲਾਉਣ ਦਿੱਤੀਆਂ ਸਨ। ਅੱਜ ਉਹ ਮਾਂ ਵਲੋਂ ਸੁਰਖਰੂ ਸੀ। ਉਸਨੂੰ ਹੁਣ ਮਨਮਰਜੀ ਕਰਨ ਤੋਂ ਕੋਈ ਵੀ ਰੋਕਣ ਵਾਲਾ ਨਹੀਂ ਸੀ। ਉਸਦੀ ਮਾਂ ਹਰ ਵੇਲੇ ਇਕੋ ਰੱਟ ਲਗਾਈ ਰੱਖਦੀ। 'ਸਾਨੂੰ ਗਰੀਬਾਂ ਨੂੰ ਇਹੋ ਜਿਹੇ ਚੋਚਲੇ ਰਾਸ ਨਹੀਂ ਆਉਂਦੇ।'

ਸ਼ੀਸ਼ੇ ਦੀ ਟੁਕੜੀ ਵਿਚ ਆਪਣਾ ਮੂੰਹ ਵੇਖਦਿਆਂ ਉਸਨੂੰ ਆਪਣੇ ਆਪ ਤੇ ਗੁਮਾਨ ਜਿਹਾ ਹੋ ਗਿਆ।

ਮਾਂ ਤਾਂ ਕਮਲੀ ਸੀ। ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਈ ਰਹਿੰਦੀ। ਗੋਹੇ ਨਾਲ ਹੱਥ ਲਬੇੜ ਛੱਡਦੀ। ਨਾ ਆਪ ਕਦੇ ਚੱਜ ਦਾ ਪਹਿਨਿਆ ਸੀ, ਨਾ ਕਦੇ ਕਿਸੇ ਨੂੰ ਪਹਿਨਣ ਦਿੱਤਾ ਸੀ। ਸਾਰੇ ਪਿੰਡ ਦਾ ਗੰਦ ਸਿਰ 'ਤੇ ਢੋਹਣ ਦਾ ਜਿਵੇਂ ਉਸਨੇ ਠੇਕਾ ਲਿਆ ਹੋਇਆ ਸੀ। ਉਸਨੂੰ ਆਪਣੀ ਮਾਂ ਤੇ ਇਹੋ ਹਰਖ ਸੀ। 'ਸਾਨੂੰ ਗਰੀਬਾਂ ਨੂੰ ਜੀਣ ਲਈ ਆਪਣਾ ਸੁਹੱਪਣ ਲੁਕਾ ਕੇ ਰੱਖਣਾ ਚਾਹੀਦਾ।' ਮਾਂ ਉਸਨੂੰ ਨਸੀਹਤਾਂ ਦੇਂਦੀ।

ਮਾਂ ਦੀ ਮੌਤ ਤੋਂ ਬਾਅਦ ਅੱਜ ਪਹਿਲੇ ਦਿਨ ਇਕੱਲੀ ਉਹ ਸਰਦਾਰਾਂ ਦਾ ਗੋਹਾ ਸੁੱਟਣ ਆਈ ਸੀ। ਗੋਹੇ ਵਿਚ ਹੱਥ ਲਬੇੜਨ ਤੋਂ ਪਹਿਲਾਂ ਉਹ ਆਪਣਾ ਸੁਹੱਪਣ ਵੇਖਣਾ ਚਾਹੁੰਦੀ ਸੀ, ਜਿਸਨੂੰ ਮਾਂ ਲੁਕਾ-ਲੁਕਾ ਰੱਖਦੀ ਸੀ। ਬਿੰਦੀ, ਕੋਕਾ ਤੇ ਕਲਿਪ ਤੇ ਸ਼ੀਸ਼ੇ ਦੀ ਟੁਕੜੀ ਉਸਨੂੰ ਸਰਦਾਰਾਂ ਦੀ ਹਵੇਲੀ ਵਿਚ ਪਏ ਕਬਾੜ ਵਿਚੋਂ ਲੱਭ ਪਏ ਸਨ। ਪਸ਼ੂਆਂ ਵਾਲੇ ਵਾਰੇ ਵਿਚ ਹੀ ਸ਼ੀਸ਼ੇ ਦੀ ਟੁਕੜੀ ਵਿਚੋਂ ਆਪਣਾ ਸੁਹੱਪਣ ਵੇਖਦਿਆਂ ਉਸਨੇ ਗੋਹੇ ਦੀ ਟੋਕਰੀ ਭਰੀ।

ਉਹ ਗੋਹੇ ਦੀ ਟੋਕਰੀ ਚੁੱਕਣ ਹੀ ਲੱਗੀ ਸੀ ਕਿ ਸਰਦਾਰਾਂ ਦਾ ਮੁੰਡਾ ਡੰਗਰਾਂ ਵਾਲੀ ਖੁਰਲੀ ਵਿਚ ਹੱਥ ਮਾਰਦਾ, ਅੱਖਾਂ ਪਾੜ-ਪਾੜ ਕੇ ਝਾਕਦਾ ਜਾਪਿਆ।

ਉਸਨੇ ਦੋਹਾਂ ਹੱਥਾਂ ਦੇ ਜੋਰ ਨਾਲ ਗੋਹੇ ਦੀ ਭਰੀ ਟੋਕਰੀ ਚੁੱਕ ਤਾਂ ਲਈ ਪਰ ਉਸਨੂੰ ਮਾਂ ਦੀ ਅਣਹੋਂਦ ਤੋਂ ਬਿਨਾਂ ਧਰਤੀ ਡੋਲਦੀ ਜਾਪੀ। ਭਉ ਜਿਹਾ ਆ ਗਿਆ ਤੇ ਉਹ ਡਿੱਗਦੀ-ਡਿੱਗਦੀ ਮਸਾਂ ਬਚੀ!

***

### ਲਾਡਲੀ / ਸੁਭਾਸ਼ ਸਲੂਜਾ

ਠੱਲੀ ਘਰ ਵਿਚ ਅਣਚਾਹੀ ਕੁੜੀ ਸੀ। ਬੇਇੱਜਤੀ ਅਤੇ ਅਣਗਹਿਲੀ ਨੂੰ ਬਰਦਾਸ਼ਤ ਕਰਦਿਆਂ ਉਹਦਾ ਸੁਭਾਅ ਚਿੜਚਿੜਾ ਹੋ ਗਿਆ ਸੀ। ਘਰ ਵਿਚ ਸ਼ੁਰੂ ਵਿਚ ਸਾਰੇ ਉਹਨੂੰ ਨਿਠੱਲੀ ਕਹਿੰਦੇ ਸਨ। ਨਿਠੱਲੀ ਕਦੋਂ ਠੱਲੀ ਹੋ ਗਈ ਉਹਨੂੰ ਖੁਦ ਨੂੰ ਵੀ ਪਤਾ ਨਹੀਂ ਲੱਗਿਆ। ਸਾਰੇ ਉਹਨੂੰ ਠੱਲੀ ਕਹਿ ਕੇ ਬੁਲਾਉਂਦੇ।

"ਮਾਂ ਮੈਨੂੰ ਸਕੂਲ ਵਿਚ ਦਾਖਲ ਕਰਵਾ ਦਿਓ। ਕੁਝ ਪੜ੍ਹ ਲਿਖ ਕੇ ਕਿਸੇ ਕੰਮ-ਕਾਰ ਜੋਗੀ ਹੋ ਜਾਵਾਂ। ਇੱਥੇ ਨਾ ਸਹੀ ਬਿਗਾਨੇ ਘਰ ਜਾ ਕੇ ਤਾਂ ਚੰਗਾ ਕਹਾ ਲਵਾਂ। ਏਵੇਂ ਹੀ ਗੋਹਾ—ਕੂੜਾ ਕਰਦਿਆਂ ਉਮਰ ਨਾ ਲੰਘ ਜਾਵੇ।" ਠੱਲੀ ਨੇ

ਆਪਣੇ ਭਵਿੱਖ ਦੀ ਚਿੰਤਾ ਜਤਾਉਂਦਿਆਂ ਮਾਂ ਨੂੰ ਕਿਹਾ। ਉਹਦਾ ਸੁਝਾਅ ਮਾਂ ਦੇ ਮਨ ਨੂੰ ਲੱਗਿਆ। ਘਰ ਦੇ ਕੰਮ ਤਾਂ ਏਵੇਂ ਹੀ ਚਲਦੇ ਰਹਿਣਗੇ। ਇਹੀ ਸੋਚ ਕੇ ਉਹ ਉਸਨੂੰ ਅਗਲੇ ਦਿਨ ਸਕੂਲ ਵਿਚ ਦਾਖਲ ਕਰਵਾਉਣ ਲੈ ਗਈ। ਅਧਿਆਪਕ ਦਾਖਲੇ ਦਾ ਫਾਰਮ ਭਰਨ ਲੱਗਿਆ ਤਾਂ ਉਹਦਾ ਨਾਂ ਪੁੱਛਿਆ, "ਨਾਮ ਕੀ ਲਿਖਣਾ ਹੈ ਬੇਟੀ ਦਾ"

"ਘਰ ਵਿਚ ਤਾਂ ਸਾਰੇ ਇਹਨੂੰ ਠੱਲੀ ਬੁਲਾਉਂਦੇ ਹਨ। ਹੁਣ ਤੁਸੀਂ ਕੋਈ ਚੰਗਾ ਜਿਹਾ ਨਾਮ ਲਿਖ ਦਿਓ।"

"ਮਾਂ ਮੇਰਾ ਨਾਮ ਲਾਡਲੀ ਲਿਖਾ ਦਿਓ। ਜਦੋਂ ਸਾਰੇ ਮੈਨੂੰ ਲਾਡਲੀ ਬੁਲਾਉਣਗੇ ਤਾਂ ਮੇਰਾ ਮਨ ਰਾਜ਼ੀ ਹੋ ਜਾਵੇਗਾ ਕਿ ਭਾਵੇਂ ਝੂਠ ਹੀ ਸਹੀ ਲਾਡਲੀ ਹਾਂ।"

ਅਧਿਆਪਕ ਨੇ ਫਾਰਮ 'ਤੇ ਲਾਡਲੀ ਨਾਮ ਲਿਖ ਕੇ ਉਹਦੇ ਚਿਹਰੇ 'ਤੇ ਨਜ਼ਰ ਮਾਰੀ ਤਾਂ ਉਹਦੇ ਚਿਹਰੇ ਤੇ ਅਣਗੌਲੇਪਣ ਦੇ ਭਾਵ ਕੁੱਝ ਸਮੇਂ ਲਈ ਧੋਤੇ ਗਏ ਸਨ। ਹੁਣ ਉਹ ਆਤਮਵਿਸਵਾਸ ਨਾਲ ਚਮਕ ਰਹੀ ਸੀ।

***

**ਬਿਗਾਨੀ ਧੀ / ਬਲਵੰਤ ਕੌਰ ਚਾਂਦ**

ਬਾਰਾਂ ਸਾਲ ਭਾਵੇਂ ਹੋ ਗਏ ਸਨ ਸ਼ਰਨੀ ਦੇ ਵਿਆਹ ਨੂੰ, ਪਰ ਅਜੇ ਤੱਕ ਉਸਨੂੰ ਆਪਣੇ ਘਰਵਾਲੇ ਦੀ ਤਨਖਾਹ ਦਾ ਵੀ ਪਤਾ ਨਹੀਂ ਸੀ ਲੱਗਾ।

ਤਨਖਾਹ ਮਿਲਣ ਵਾਲੇ ਦਿਨ ਬੇਬੇ ਬੂਹੇ ਤੇ ਖੜ੍ਹੀ ਉਡੀਕਦੀ ਰਹਿੰਦੀ ਸੀ ਤੇ ਗੁਰਦਿਆਲ ਵੀ ਤਨਖਾਹ ਮਾਂ ਨੂੰ ਫੜਾ ਕੇ ਹੀ ਆਪਣੇ ਕਮਰੇ ਵਿੱਚ ਵੜਦਾ ਸੀ।

ਅੱਜ ਵੀ ਤਨਖਾਹ ਮਿਲਣੀ ਸੀ।ਐਤਕਾਂ ਸ਼ਰਨੀ ਨੇ ਪਹਿਲਾਂ ਹੀ ਆਪਣੇ ਘਰਵਾਲੇ ਨੂੰ ਮਨਾ ਲਿਆ ਹੋਇਆ ਸੀ ਕਿ ਹੁਣ ਤਨਖਾਹ ਮੈਨੂੰ ਦਿਆ ਕਰੋ, ਕਿਉਂ ਜੋ ਬੇਬੇ ਨੇ ਤਾਂ ਸਾਰੀਆਂ ਕੁੜੀਆਂ ਵਿਆਹ ਲਈਆਂ ਹੋਈਆਂ ਹਨ। ਹੁਣ ਤਾਂ ਆਪਣੀ ਜੀਤੀ ਵੀ ਵੱਡੀ ਹੋ ਗਈ ਹੈ, ਨਾਲੇ ਬੱਚਿਆਂ ਦੀ ਟਿਊਸ਼ਨ ਫੀਸ ਵੀ ਮੈਨੂੰ ਬੇਬੇ ਤੋਂ ਮੰਗ ਕੇ ਲੈਣੀ ਪੈਂਦੀ ਹੈ।ਕਈ ਵਾਰ ਤਾਂ ਬੇਬੇ ਕੋਲ ਟੁੱਟੇ ਪੈਸੇ ਵੀ ਨਹੀਂ ਹੁੰਦੇ ਤੇ ਜੁਆਕ ਰੋ- ਰੋ ਕੇ ਸਕੂਲ ਜਾਂਦੇ ਹਨ। ਉਹਨਾਂ ਦੀ ਭੈਣ ਜੀ ਕਲਾਸ ਵਿੱਚ ਉਨਾਂ ਨੂੰ ਖੜ੍ਹਾ ਕਰ ਦਿੰਦੀ ਹੈ ਅਤੇ ਕਈ ਵਾਰੀ ਘਰ ਹੀ ਭੇਜ ਦਿੰਦੀ ਹੈ। ਗੁਰਦਿਆਲ ਸਿੰਘ ਨੇ ਹਾਂ ਵਿੱਚ ਸਿਰ ਹਿਲਾ ਤਾਂ ਦਿੱਤਾ ਪਰ ਬੇਬੇ ਨੂੰ ਛੱਡ ਕੇ ਘਰਵਾਲੀ ਨੂੰ ਤਨਖਾਹ ਦੇਣੀ ਉਸ ਲਈ ਇਕ ਵੱਡੀ ਖਾਈ ਪਾਰ ਕਰਨ ਵਰਗੀ ਮੁਹਿੰਮ ਸੀ।

ਉਹੀ ਗੱਲ ਹੋਈ। ਬੇਬੇ ਪਹਿਲਾਂ ਵਾਂਗ ਅੱਜ ਵੀ ਬੂਹੇ ਤੇ ਖੜ੍ਹੀ ਸੀ। "ਬੇਬੇ ਹੁਣ ਮੈਂ ਤਨਖਾਹ ਸ਼ਰਨੀ ਨੂੰ ਦਿਆਂ ਕਰਾਂਗਾ।"

"ਨਾ ਪੁੱਤ, ਬਿਗਾਨੀਆਂ ਧੀਆਂ ਕਦੋਂ ਘਰ ਬਣਾਂਦੀਆਂ ਹਨ। ਇਹ ਤਾਂ ਉਜਾੜਾ ਪਾਂਦੀਆਂ ਹਨ ਪੈਸੇ ਦਾ। ਇਹ ਤਾਂ ਮੈਂ ਹੀ ਸਾਂ ਜਿਸਨੇ ਸਾਰੇ ਪੈਸੇ ਹੁਣ ਤੱਕ ਸੰਭਾਲ ਕੇ ਰੱਖੇ।" ਇਹ ਕਹਿੰਦੇ ਹੋਏ ਬੇਬੇ ਨੇ ਅੱਜ ਵੀ ਤਨਖਾਹ ਫੜ ਲਈ।

ਸ਼ਰਨੀ ਵੀ ਬੂਹੇ ਪਿੱਛੇ ਖੜ੍ਹੀ ਸਭ ਕੁੱਝ ਦੇਖ ਸੁਣ ਰਹੀ ਸੀ। 'ਬਿਗਾਨੀ ਧੀ' ਸੁਣ ਉਸਦਾ ਕਾਲਜਾ ਫਟ ਗਿਆ। ਉਹਨੇ ਬੂਹੇ ਪਿੱਛੋਂ ਨਿਕਲ ਬੇਬੇ ਹੱਥੋਂ ਪੈਸੇ ਖੋਹੰਦਿਆਂ ਕਿਹਾ "ਬੇਬੇ ਤੂੰ ਵੀ ਤਾਂ ਇਸ ਘਰ ਵਿਆਹੀ ਆਈ ਹੋਣ ਕਰਕੇ ਬਿਗਾਨੀ ਧੀ ਹੀ ਹੋਈਓਂ।" ਤੇ ਆਪਣੇ ਪਤੀ ਵਲ ਜੇਤੂ ਨਜ਼ਰਾਂ ਨਾਲ ਵੇਖ ਅੰਦਰ ਚਲੀ ਗਈ।ਬਾਰਾਂ ਸਾਲ ਵਿਆਹ ਨੂੰ ਹੋ ਗਏ ਹਨ ਹਾਲੇ ਵੀ ਮੈਂ 'ਬਿਗਾਨੀ ਧੀ'। ਪੇਕੇ, ਜਿਸ ਘਰ ਜਨਮ ਲਿਆ ਸੀ ਉੱਥੇ ਵੀ ਬਿਗਾਨੀ ਸਾਂ 'ਧੀਆਂ ਤਾਂ ਹੁੰਦੀਆਂ ਹੀ ਬਿਗਾਨੀ ਅਮਾਨਤ ਹਨ', ਇਹ ਬੋਲ ਉਸਨੇ ਮਾਂ, ਮਾਸੀ ਅਤੇ ਭੂਆ ਤੋਂ ਕਈ ਵਾਰ ਸੁਣੇ ਸਨ।

'ਫਿਰ ਮੈਂ ਆਪਣੀ ਕਿਸਦੀ ਹੋਈ' ਇਹ ਸੋਚ ਕੇ ਉਸਦਾ ਗੱਚ ਭਰ ਗਿਆ ਤੇ ਉਹ ਪਿਛਲੇ ਸਟੋਰ ਅੰਦਰ ਵੜ ਕੇ ਭੁੱਬਾਂ ਮਾਰ ਕੇ ਰੋ ਪਈ।

***

**ਚੁੱਪ/ ਮਨਜੀਤ ਸਿੱਧੂ ਰਤਨਗੜ੍ਹ**

ਉਹ ਦਸਾਂ ਕੁ ਵਰ੍ਹਿਆਂ ਦੀ ਬੱਚੀ ਹਰ ਰੋਜ਼ ਸ਼ਾਮ ਨੂੰ ਆਪਣੀ ਮਾਂ ਦੀ ਉਂਗਲ ਫੜੀ ਪਾਰਕ ਵਿਚ ਆਉਂਦੀ। ਉਹ ਫੁੱਲਾਂ ਨਾਲ ਖੇਡਦੀ ਤੇ ਤਿਤਲੀਆਂ ਨੂੰ ਫੜਨ ਲਈ ਉਹਨਾਂ ਪਿੱਛੇ ਭੱਜਦੀ। ਉੱਡਦੇ ਪੰਛੀਆਂ ਵੱਲ ਟਿਕਟਿਕੀ ਲਾ ਕੇ ਦੇਖਦੀ ਉਹ ਕੁਝ ਅਲੱਗ ਹੀ ਦਿਖਾਈ ਦਿੰਦੀ। ਬਾਕੀ ਬੱਚਿਆਂ ਨੂੰ ਖੇਡਦਿਆਂ ਦੇਖ ਕੇ ਉਹਨਾਂ ਵੱਲ ਨਹੀ ਸੀ ਜਾਂਦੀ। ਨਾਂ ਹੀ ਮੈਂ ਕਦੀ ਉਸ ਨੂੰ ਆਪਣੀ ਮਾਂ ਅੱਗੇ ਕਿਸੇ ਗੱਲ ਦੀ ਜ਼ਿੱਦ ਕਰਦਿਆਂ ਦੇਖਿਆ।

ਮੈਂ ਉਸ ਵੱਲ ਦੇਖ ਕੇ ਮੁਸਕਰਾਉਂਦਾ ਤਾਂ ਉਹ ਝੱਟ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦੀ। ਜੇ ਉਸਦੀ ਮਾਂ ਆਪਣੀ ਕਿਸੇ ਜਾਣੂ ਔਰਤ ਕੋਲ ਖੜ ਜਾਂਦੀ ਉਹ ਤਾਂ ਵੀ ਉਸ ਨੂੰ ਨਾਂ ਬੁਲਾਉਂਦੀ। ਮੈਂ ਉਸ ਨੂੰ ਇੱਕ ਘਮੰਡੀ ਕੁੜੀ ਸਮਝਣ ਲੱਗ ਪਿਆ।

ਇਕ ਦਿਨ ਉਹ ਤਿਤਲੀਆਂ ਪਿੱਛੇ ਭੱਜ ਰਹੀ ਸੀ ਤੇ ਉਸਦੀ ਮਾਂ ਮੇਰੇ ਨਾਲ ਵਾਲੇ ਬੈਂਚ ਤੇ ਆ ਕੇ ਬੈਠ ਗਈ।ਮੈਂ ਉਸ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਬੱਚੀ ਬਾਰੇ ਸਰਸਰੀ ਜਿਹੀ ਗੱਲ ਕੀਤੀ ਤਾਂ ਉਸਦੀ ਮਾਂ ਨੇਂ ਕਿਹਾ, "ਵੀਰ ਜੀ, ਇਹ ਦੇਖਣ ਨੂੰ ਤਾਂ ਆਮ ਬੱਚਿਆਂ ਜਿਹੀ ਹੀ ਜਾਪਦੀ ਹੈ ਪਰ ਰੱਬ ਨੇ ਜਨਮ ਤੋਂ ਹੀ ਇਸ ਨੂੰ ਆਵਾਜ਼ ਨਹੀਂ ਦਿੱਤੀ।ਜਦ ਸਾਰੇ ਗੱਲਾਂ ਕਰਦੇ ਨੇ ਤਾਂ ਇਹ ਆਪਣੇ ਆਪ ਨੂੰ ਇੱਕਲੀ ਸਮਝਣ ਲੱਗ ਪੈਂਦੀ ਹੈ। ਇਹ ਸੋਚਦੀ ਵੀ ਹੱਦੋਂ ਵੱਧ ਹੈ। ਕੋਈ ਬੱਚਾ ਇਸਨੂੰ ਆਪਣੇ ਨਾਲ ਨਹੀਂ ਖਿਡਾਉਂਦਾ।ਇੱਥੇ ਆ ਕੇ ਕੁਝ ਸਮਾਂ ਇਹ ਆਪਣੇ ਆਪ ਨਾਲ ਇੱਕਮਿੱਕ ਹੋ ਜਾਂਦੀ ਹੈ।"

ਉਸਦੀ ਮਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਆਪਣੀ ਸੋਚ ਤੇ ਪਛਤਾਵਾ ਹੋ ਰਿਹਾ ਸੀ ਤੇ ਮੇਰੇ ਧੁਰ ਅੰਦਰ ਤੱਕ ਚੁੱਪ ਪਸਰ ਗਈ। ਬੱਚੀ ਸਭ ਕੁਝ ਤੋਂ ਬੇਖ਼ਬਰ ਅਜੇ ਵੀ ਤਿਤਲੀਆਂ ਪਿੱਛੇ ਭੱਜ ਰਹੀ ਸੀ।

***

**ਹੱਕ ਦੀ ਲੜਾਈ / ਸੀਮਾ ਵਰਮਾ**

ਸਿਮਰ... ਸਿਮਰ... ਗੇਟ ਤੋਂ ਆਵਾਜ਼ ਦਿੰਦਾ ਹੋਇਆ ਕੁਲਦੀਪ ਸਿੰਘ ਹੱਥ ਵਿਚ ਝੰਡਾ ਚੁੱਕੀ ਘਰੇ ਆ ਵੜਿਆ।

"ਹਾਂ ਜੀ ਆਈ..." ਕੋਠੇ ਤੋਂ ਸੁੱਕੇ ਕੱਪੜੇ ਲਾਹੁੰਦੀ ਸਿਮਰ ਦੌੜਦੀ ਹੋਈ ਥੱਲੇ ਉੱਤਰੀ।

"ਚੱਲ ਜਲਦੀ ਕਰ, ਆਪਾਂ ਥੋੜ੍ਹੀ ਦੇਰ 'ਚ ਨਿੱਕਲਣਾ... " ਇਧਰੋਂ ਉਧਰੋਂ ਸਮਾਨ ਚੁੱਕਦਾ ਕੁਲਦੀਪ ਬੋਲਿਆ।

"ਤਾਂ ਫਿਰ ਹੋ ਗਈ ਤਿਆਰੀ !" ਇੱਕ ਪਾਸੇ ਕੱਪੜਿਆਂ ਦਾ ਢੇਰ ਰੱਖਦੀ ਹੋਈ ਸਿਮਰ ਬੋਲੀ।

"ਹਾਂ ਹੋ ਗਈ, ਤੂੰ ਐਦਾਂ ਕਰ... ਪੰਜ-ਛੇ ਜੋੜੀ ਆਪਣੇ ਤੇ ਮੇਰੇ ਕੱਪੜੇ ਇੱਕ ਬੈਗ ਵਿੱਚ ਪਾ ਲੈ, ਸੰਘਰਸ਼ ਲੰਮਾ ਹੋ ਸਕਦਾ, ਪਤਾ ਨਹੀਂ ਕਿੰਨੇ ਕੁ ਦਿਨ ਲੱਗ ਜਾਣੇ।"

"ਮੇਰਾ ਦਿੱਲ ਘਟੀ ਜਾਂਦਾ, ਕੀ ਹੋਊਗਾ।" ਬੈਗ ਵਿੱਚ ਕੱਪੜੇ ਪਾਉਂਦੀ ਹੋਈ ਸਿਮਰ ਦੀਆਂ ਅੱਖਾਂ 'ਚ ਹੰਝੂ ਆ ਗਏ।

"ਤੂੰ ਕਾਹਤੋਂ ਡਰੀ ਜਾ ਰਹੀ, ਆਪਣੇ ਪਿੰਡ ਤੋਂ ਵੀ ਟਰਾਲੀਆਂ ਜਾ ਰਹੀਆਂ, ਜੀਤਾ, ਮੋਹਨਾ, ਛਿੰਦਾ ਸਾਰੇ ਤਾਂ ਆਪਣੇ ਨਾਲ ਆ, ਤੂੰ ਦੇਖੀ ਅਸੀਂ ਸਰਕਾਰ ਦੀ ਇੱਟ ਨਾਲ ਇੱਟ ਖੜਕਾ ਦੇਣੀਂ ਆ!" ਗੁੱਸੇ ਵਿੱਚ ਫੁੰਕਾਰਦਾ ਹੋਇਆ ਉਹ ਬੋਲਿਆ।

"ਸਰਕਾਰ ਨੇ ਕਿਸਾਨਾਂ ਵਿਰੁੱਧ ਕਾਨੂੰਨ ਬਣਾ ਕੇ ਚੰਗਾ ਵੀ ਤਾਂ ਨਹੀਂ ਕੀਤਾ।" ਕੱਪੜਿਆਂ ਵਾਲਾ ਬੈਗ ਕੁਲਦੀਪ ਨੂੰ ਫੜਾਉਂਦੀ ਹੋਈ ਸਿਮਰ ਬੋਲੀ।

"ਹੋਰ ਕੀ, ਜੇ ਅੱਜ ਵੀ ਅਸੀਂ ਚੁੱਪ ਰਹਿ ਗਏ, ਫਾਇਦਾ ਤਾਂ ਵੱਡੀਆਂ ਕੰਪਨੀਆਂ ਨੇ ਚੱਕ ਲੈਣਾ।" ਕੁਲਦੀਪ ਬੈਗ ਮੋਢੇ ਤੇ ਪਾਉਂਦਾ ਗੁੱਸੇ ਵਿੱਚ ਬੋਲਿਆ।

"ਪਰ ਪਿੱਛੋਂ ਬੇਬੇ ਦਾ ਧਿਆਨ ਕੌਣ ਰੱਖੂ...ਇੱਕਲੀ ਰਹਿ ਜਾਣਾ ਉਸ ਨੇ !" ਸਿਮਰ ਨੇ ਕਿਹਾ।

"ਐਵੇਂ ਘਬਰਾ ਨਾ... ਬੇਬੇ ਦਾ ਵੀ ਜੁਗਾੜ ਹੋ ਗਿਆ ਆ !" ਉਹਦੇ ਮੋਢੇ ਤੇ ਹੱਥ ਰੱਖਦਿਆਂ ਕੁਲਦੀਪ ਬੋਲਿਆ।

"ਅਸੀਂ ਮਾਵਾਂ ਨੂੰ ਇੱਕ ਘਰ ਵਿੱਚ ਕਰ ਦੇਣਾ ਤਾਂ ਜੋ ਉਹ ਇਕ-ਦੂਜੇ ਦੇ ਨਾਲ ਰਹਿਣ ਤੇ ਇੱਕ ਦੂਜੇ ਦਾ ਖਿਆਲ ਵੀ ਰੱਖਣ... ਪਰ ਬੇਬੇ ਹੈ ਕਿੱਥੇ?"

ਅੱਖਾਂ ਪੂੰਝਦੀ ਸਿਮਰ ਬੋਲੀ, "ਆਪਣੇ ਕਮਰੇ ਵਿੱਚ ਹੀ ਹੋਣਗੇ।"

"ਬੇਬੇ... ਬੇਬੇ !" ਅਵਾਜਾਂ ਮਾਰਦੇ ਕੁਲਦੀਪ ਨੇ ਸਾਰਾ ਘਰ ਛਾਣ ਮਾਰਿਆ।

ਇੰਨੇ ਨੂੰ ਬਾਹਰੋਂ ਆਉਂਦੀਆਂ ਅਵਾਜਾਂ ਸੁਣ ਕੇ ਉਨ੍ਹਾਂ ਦੇਖਿਆ ਕਿ ਬੇਬੇ ਆਪਣੇ ਨਾਲ ਪਿੰਡ ਦੀਆਂ ਬੀਬੀਆਂ ਨੂੰ ਇਕੱਠਿਆਂ ਕਰੀ ਘਰ ਵੱਲ ਤੁਰੀ ਆਉਂਦੀ ਸੀ।

"ਬੇਬੇ ! ਆਹ ਕੀ ? ਤੂੰ ਕਿੱਥੇ....?" ਹੈਰਾਨੀ ਨਾਲ ਉਨ੍ਹਾਂ ਨੂੰ ਦੇਖਦਿਆਂ ਕੁਲਦੀਪ ਬੋਲਿਆ।

ਉਸ ਦੀ ਗੱਲ ਵਿੱਚੋਂ ਹੀ ਟੋਕਦੀ ਹੋਈ ਬੇਬੇ ਬੋਲ ਪਈ, "ਪੁੱਤਰਾ, ਜਦ ਛੋਟੀ ਉਮਰੇ ਤੇਰਾ ਪਿਉ ਛੱਡ ਕੇ ਤੁਰ ਗਿਆ ਸੀ ਤਾਂ ਸਾਰਾ ਟੱਬਰ ਤੇ ਖੇਤ ਮੈਂ ਕੱਲੀ ਨੇ ਸਾਂਭੇ ਸੀ, ਮੈਂ ਤਦ ਹਾਰ ਨਹੀਂ ਸੀ ਮੰਨੀ ਤੇ ਹੁਣ ਤਾਂ ਸਾਡੀ ਪੂਰੀ ਕੌਮ ਤੇ ਬਣੀ ਪਈ ਐ। ਤੂੰ ਕੀ ਸੋਚਦਾ, ਮੈਂ ਤੁਹਾਨੂੰ 'ਕੱਲਿਆਂ ਨੂੰ ਜਾਣ ਦੇਊਂ ?"

"ਪਰ ਬੇਬੇ ਤੇਰੀ ਸਿਹਤ ਵੀ ਤਾਂ ਚੰਗੀ ਨਈਂ।" ਫ਼ਿਕਰ ਕਰਦਾ ਓਹ ਬੋਲਿਆ।

"ਤੈਨੂੰ ਆਪਣੀ ਮਾਂ ਦੀ ਫ਼ਿਕਰ ਆ, ਪਰ ਅਸੀਂ ਆਪਣੀ ਧਰਤੀ ਮਾਂ ਨੂੰ ਵੀ ਜਵਾਬ ਦੇਣਾ ਜਿਸਨੇ ਅੱਜ ਤੱਕ ਸਾਨੂੰ ਸੰਭਾਲੀ ਰੱਖਿਆ। ਆਹ ਦੇਖ ! ਸਾਰੇ ਪਿੰਡ ਦੀਆਂ ਮਾਵਾਂ ਜਦ ਜਾ ਕੇ ਨਾਲ

ਖੜ੍ਹ ਗਈਆਂ ਤਾਂ ਸਰਕਾਰ ਨੂੰ ਵੀ ਝੁਕਣਾ ਪਊ।"

ਨੌਜੁਆਨਾਂ ਨਾਲੋਂ ਵੱਧ ਜੋਸ਼ ਉਨ੍ਹਾਂ 'ਚ ਝਲਕ ਰਿਹਾ ਸੀ, ਜੋ ਬੇਬੇ ਦੀ ਹਾਂ 'ਚ ਹਾਂ ਮਿਲਾ ਰਹੀਆਂ ਸਨ। ਉਨ੍ਹਾਂ ਨੂੰ ਦੇਖ ਕੇ ਉਸ ਦਾ ਜੋਸ਼ ਹੋਰ ਵੀ ਠਾਠਾਂ ਮਾਰਨ ਲੱਗ ਪਿਆ। ਝੰਡੇ ਨੂੰ ਹਵਾ ਵਿੱਚ ਲਹਿਰਾਉਂਦਾ ਹੋਇਆ ਉਹ ਉੱਚੀ ਆਵਾਜ਼ ਵਿੱਚ ਬੋਲਿਆ, "ਚੱਲੋ ਫਿਰ, ਚੱਕ ਦਿਓ ਫੱਟੇ।"

ਸਭ ਦੀਆਂ ਅੱਖਾਂ ਮੂਹਰੇ ਹਰੇ ਭਰੇ ਖੇਤ ਲਹਿ-ਲਹਾ ਉੱਠੇ।

***

**ਬੋਹਣੀ/ ਰਣਜੀਤ ਕੋਮਲ**

ਗਰਮੀ ਪੂਰੇ ਜ਼ੋਰਾਂ ਤੇ ਸੀ। ਪਿੰਡ ਨੂੰ ਜਾਂਦੀ ਸੜਕ ਤੇ ਇਕੱਲੀ ਉਹ ਹੀ ਸਾਇਕਲਾਂ ਦੀ ਮੁਰੰਮਤ ਵਾਲੀ ਦੁਕਾਨ ਸੀ। ਪ੍ਰਛਾਵੇਂ ਢਲਣ ਤੇ ਆ ਗਏ ਸਨ, ਪਰ ਉਸਨੇ ਅਜੇ ਬੋਹਣੀ ਤੱਕ ਨਹੀਂ ਸੀ ਕੀਤੀ। ਕਦੇ ਉਹ ਬਕਸੇ 'ਚ ਸਮਾਨ ਵੱਲ ਵੇਖਦਾ ਤੇ ਕਦੇ ਸੜਕ ਵੱਲ। ਉਸਨੂੰ ਗਾਹਕ ਦੇ ਆਉਣ ਦੀ ਕੋਈ ਆਸ ਨਹੀਂ ਸੀ ਬੱਝ ਰਹੀ। ਉਸਨੂੰ ਬਾਰ ਬਾਰ ਬੱਚਿਆਂ ਦਾ ਖਿਆਲ ਆ ਰਿਹਾ ਸੀ, ਜਿਹਨਾਂ ਨੂੰ ਉਸ ਨੇ ਦਿਹਾੜੀ ਕਮਾ ਕੇ ਰਾਤ ਨੂੰ ਖੁਆਉਣਾ ਸੀ। ਉਸਨੂੰ ਢਲਦੇ ਪ੍ਰਛਾਵੇਂ ਚੋਂ ਆਸ ਦੀ ਕਿਰਨ ਬੱਝੀ। ਇਕ ਬਜ਼ੁਰਗ ਰਿਕਸ਼ੇ ਵਾਲਾ ਉਸ ਕੋਲ ਸਾਹੋ ਸਾਹ ਹੋਇਆ ਆ ਖਲੋਤਾ।

"ਇਹਨੂੰ ਵੇਖੀ ਯਾਰ, ਪਤਾ ਨਹੀਂ ਏਹਦੀ ਚਲਦੇ ਦੀ ਹਵਾ ਨਿਕਲ ਗਈ ਏ ਕਿ।" ਬਜ਼ੁਰਗ ਨੇ ਮੁੜ੍ਹਕਾ ਪੂੰਝਦੇ ਪਿਛਲੇ ਟਾਇਰ ਵੱਲ ਇਸ਼ਾਰਾ ਕਰਦਿਆਂ ਕਿਹਾ।

ਟਾਇਰ ਖੋਲ੍ਹਣ ਲੱਗਿਆਂ ਦੁਕਾਨਦਾਰ ਨੇ ਇਕ ਮਿੰਟ ਨਾ ਲਾਇਆ। ਉਸ ਨੇ ਟਿਊਬ ਚੈੱਕ ਕਰਨੀ ਸ਼ੁਰੂ ਕਰ ਦਿੱਤੀ। ਉੱਪਰ ਥੱਲੇ ਤਿੰਨ ਪੈਂਚਰ ਵੇਖ ਦੁਕਾਨਦਾਰ ਦੇ ਚਿਹਰੇ 'ਤੇ ਮੁਸਕਰਾਹਟ ਆ ਗਈ। ਤਿੰਨ ਪੈਂਚਰ ਵੇਖ ਬਜ਼ੁਰਗ ਦਾ ਚਿਹਰਾ ਮੁਰਝਾ ਗਿਆ। ਕਿਉਂ ਜੋ ਉਸ ਨੇ ਵੀ ਅਜੇ ਤਕ ਬੋਹਣੀ ਨਹੀਂ ਸੀ ਕੀਤੀ।

***

**ਸੇਵਾ / ਸ਼ਾਮ ਸੁੰਦਰ ਕਾਲੜਾ**

"ਧੀਏ ਆ ਗਈ ਐਂ ਤਾਂ ਘੁੱਟ ਚਾਹ ਈ ਬਣਾ ਦੇ। ਬੜੇ ਚਿਰ ਦਾ ਸਿਰ ਦੁਖੀ ਜਾਂਦੈ। ਠੰਡ ਜੀ ਲੱਗ ਗਈ ਜਾਪਦੀ ਐ।" ਬਜ਼ੁਰਗ ਸੀਤਾ ਨੇ ਆਪਣੀ ਨੂੰਹ ਅੰਜਲੀ ਨੂੰ ਕਿਹਾ।

"ਬਣਾ ਦਿੰਨੀਂ ਐਂ। ਅਗਲੇ ਨੂੰ ਘਰ ਤਾਂ ਵੜ ਲੈਣ ਦਿਆ ਕਰੋ। ਪਹਿਲਾਂ ਈ ਸਵਾਲ ਖੜ੍ਹਾ ਹੁੰਦੈ। ਇੰਝ ਨਹੀਂ ਸੋਚਣਾ ਬਈ ਅਗਲਾ ਵੀ ਹੰਭਿਆ-ਹਾਰਿਆ ਬਜ਼ਾਰੋਂ ਆਇਐ। ਦੋ ਮਿੰਟ ਸਾਹ ਲੈ ਲੈਣ ਦੇਈਏ।" ਗੁੱਸੇ ਨਾਲ ਬੋਲਦੀ ਹੋਈ ਅੰਜਲੀ ਅੰਦਰ ਲੰਘ ਗਈ ਤੇ ਨਾਲ ਹੀ ਉਹਦੀ ਧੀ ਮੀਨਾਕਸ਼ੀ।

"ਮੰਮੀ, ਕਿਉਂ ਐਵੇਂ ਬੋਲੀ ਜਾਨੇਂ ਓਂ? ਲਿਆਓ ਸਮਾਨ ਮੈਨੂੰ ਫੜਾ ਦਿਓ, ਮੈਂ ਰੱਖ ਦਿੰਨੀਂ ਆਂ। ਤੁਸੀਂ ਅਰਾਮ ਕਰ ਲਓ। ਮੈਂ ਆਪੇ ਦਾਦੀ-ਮਾਂ ਨੂੰ ਚਾਹ ਬਣਾ ਦਿੰਨੀਂ ਆਂ।" ਮੀਨਾਕਸ਼ੀ ਨੇ ਕਿਹਾ।

"ਪਹਿਲਾਂ ਉਹਦਾ ਮੱਥਾ ਡੰਮ੍ਹ .. ਹਾਂ ਭੋਰਾ ਪਾਣੀ ਵੱਧ ਪਾ ਲੀਂ, ਮੈਂ ਵੀ ਲੈ ਲੂੰਗੀ ਘੁੱਟ।" ਕਹਿੰਦੀ ਹੋਈ ਅੰਜਲੀ ਬੈੱਡ ਉੱਤੇ ਢੋਅ ਲਾ ਕੇ ਬੈਠ ਗਈ।

ਮੀਨਾਕਸ਼ੀ ਨੇ ਸਮਾਨ ਰੱਖ, ਗੈਸ ਉੱਤੇ ਚਾਹ ਧਰ ਦਿੱਤੀ। ਉਹਨੇ ਚਾਹ ਅਜੇ ਪੁਣੀ ਹੀ ਸੀ ਕਿ ਬਾਹਰ ਡੋਰ ਬੈੱਲ ਵੱਜ ਗਈ। ਮੀਨਾਕਸ਼ੀ ਨੇ ਦੇਖਿਆ, ਗਵਾਂਢ ਵਿੱਚੋਂ ਮੰਮੀ ਦੀ ਸਹੇਲੀ ਸੀ, "ਆ ਜੋ ਅੰਟੀ ਜੀ, ਮੰਮੀ ਘਰ ਈ ਨੇਅੰਦਰ ਬੈੱਡ ਰੂਮ 'ਚ।"

ਸਹੇਲੀ ਅੰਦਰ ਲੰਘ ਗਈ। ਅੰਜਲੀ ਨੂੰ ਕਹਿਣ ਲੱਗੀ, "ਅਰਾਮ ਨਾਲ ਬੈਠੀ ਐਂ, ਡੇਰੇ ਨਹੀਂ ਜਾਣਾ?"

"ਲੈ, ਮੈਂ ਕਮਲੀ ਤਾਂ ਭੁੱਲ ਈ ਗਈ ਸੀ। ਯਾਦ ਕੀ ਰਹਿਣੈ! ਸਾਰਾ ਦਿਨ ਸੱਸ ਮੇਰੀ ਬੋਲੀ ਜਾਂਦੀ ਐ। ਦਿਮਾਗ ਖਾ ਛੱਡਿਐ.. ਬੱਸ ਚਲਦੇ ਆਂ, ਦੋ ਘੁੱਟ ਚਾਹ ਪੀ ਲਈਏ।" ਕਹਿੰਦੇ ਹੋਏ ਅੰਜਲੀ ਨੇ ਮੀਨਾਕਸ਼ੀ ਨੂੰ ਆਵਾਜ ਦਿੱਤੀ, "ਆਪਣੀ ਦਾਦੀ ਲਈ ਫੇਰ ਬਣਾ ਦੀਂ ਚਾਹ, ਪਹਿਲਾਂ ਠਾਰ ਕੇ ਸਾਨੂੰ ਦੇ ਜਾ ਦੋ ਕੱਪ ਚਾਹ, ਅਸੀਂ ਡੇਰੇ ਜਾਣੈ।"

***

**ਬਲੈਂਕ ਕਾਲ / ਹਰਮਨਜੀਤ**

ਟੈਲੀਫੋਨ ਦੀ ਘੰਟੀ ਵੱਜਦੀ ਹੈ।

"ਹੈਲੋ ਹੈਲੋ? ਹੈਲੋ?"

ਪਿਛਲੇ ਵੀਹਾਂ ਮਿੰਟਾਂ ਵਿਚ ਚਾਰ ਵਾਰ ਇੰਜ ਹੀ ਬਲੈਂਕ ਕਾਲਾਂ ਆਈਆਂ ਹਨ ਅਤੇ ਹਰ ਵਾਰ ਵਰਮਾ ਸਾਹਿਬ ਪਰੇਸ਼ਾਨ ਹੋ ਕੇ ਰਹਿ ਗਏ ਹਨ।

"ਪਤਾ ਨਹੀਂ ਕੌਣ ਐ? ਐਵੇਂ ਤੰਗ ਕਰੀ ਜਾਂਦੇ ਐ ..ਦੁਨੀਆਂ ਕੋਲ ਸਾਲਾ ਪੈਸਾ ਵਾਧੂ ਆਇਆ ਲੱਗਦਾ। ਲੋਕਾਂ ਨੇ ਆਪਣੇ ਨਿਆਣੇ ਵਿਗਾੜ ਰੱਖੇ ਨੇ।" ਵਰਮਾ ਸਾਹਿਬ ਗੁੱਸੇ ਵਿਚ ਲਾਲ ਪੀਲੇ ਹੋਏ ਸ੍ਰੀਮਤੀ ਵਰਮਾ ਨੂੰ ਮਖਾਤਿਬ ਹੁੰਦੇ ਹਨ।

"ਕੁਮਾਰ ਦੇ ਘਰ ਐਂ ਈ ਕਾਲਾਂ ਆਉਂਦੀਆਂ ਸਨ, ਜੇ ਕੋਈ ਮਰਦ ਚੁੱਕਦਾ ਤਾਂ ਕੱਟ ਦਿੰਦਾ, ਤੇ ਜੇ ਕੋਈ ਔਰਤ ਚੁੱਕਦੀ ਤਾਂ ਉਲਟੀਆਂ-ਸਿੱਧੀਆਂ ਗੱਲਾਂ ਕਰਨ ਲੱਗ ਜਾਂਦਾ। ਉਹਨੇ ਆਈ.ਡੀ. ਕਾਲਰ ਲਵਾਇਆ ਹੁਣ।" ਸ਼੍ਰੀਮਤੀ ਵਰਮਾ ਨੇ ਵਰਮਾ ਸਾਹਿਬ ਨੂੰ ਚਾਹ ਫੜਾਉਂਦਿਆਂ ਕਿਹਾ।

"ਮੁੰਡੇ ਈ ਨਹੀਂ, ਕੁੜੀਆਂ ਵੀ ਵਿਗੜੀਆਂ ਨੇ ਅੱਜਕਲ੍ਹ। ਪ੍ਰੋਫੈਸਰ ਸੁਰਜੀਤ ਦੇ ਘਰ ਕਿਸੇ ਕੁੜੀ ਦੇ ਫੋਨ ਆਉਂਦੇ ਐ, ਜਿਹੜੀ ਬਸ ਮਰਦਾਂ ਨਾਲ ਈ ਟਾਈਮ ਪਾਸ ਕਰਨ ਲਈ ਗੱਲਾਂ ਕਰਦੀ ਐ। ਅੱਜਕਲ੍ਹ ਦੇ ਮੁੰਡੇ-ਕੁੜੀਆਂ ਨੂੰ ਤਾਂ ਅੱਗ ਲੱਗੀ ਹੋਈ ਐ।"

ਵਰਮਾ ਸਾਹਿਬ ਮੱਥਾ ਤਿਉੜੀਆਂ ਨਾਲ ਭਰਦੇ ਹਨ।

"ਕੀ ਗੱਲ ਹੋਈ ਮੰਮੀ?" ਵਰਮਾ ਸਾਹਿਬ ਦੇ ਜਵਾਨ ਬੱਚੇ ਸਮੀਰ ਤੇ ਅੰਜੂ ਬੈਠਕ ਵਿਚ ਦਾਖਿਲ ਹੁੰਦਿਆਂ ਪੁੱਛਦੇ ਹਨ। ਸ਼੍ਰੀਮਤੀ ਵਰਮਾ ਗੱਲ ਦੱਸਦੀ ਹੈ।

'ਸ਼ਾਇਦ ਸ਼ਮਾਂ ਦਾ ਹੋਵੇਗਾ। ਕੱਲ੍ਹ ਈ-ਮੇਲ ਕੀਤਾ ਸੀ ਤਾਂ ਮੈਂ ਲਿਖਿਆ ਸੀ ਕਿ ਸਵੇਰੇ ਨੌਂ ਵਜੇ ਫੋਨ ਕਰੀਂ। ਪਰ ਅਜੇ ਤਾਂ ਸਾਢੇ ਸੱਤ ਈ ਹੋਏ ਹਨ। ਐਤਕੀਂ ਫੋਨ ਆਇਆ ਤਾਂ ਮੈਂ ਹੀ ਚੁੱਕਾਂਗਾ।' ਸਮੀਰ ਸੋਚਦਾ ਹੈ।

'ਸ਼ਾਇਦ ਵਿਜੇ ਦਾ ਹੋਵੇਗਾ? ਦੋ ਦਿਨਾਂ ਤੋਂ ਨਾ ਤਾਂ ਮੈਂ ਉਸਨੂੰ ਮਿਲੀ ਹਾਂ ਤੇ ਨਾ ਹੀ ਕੋਈ ਫੋਨ ਕੀਤਾ। ਇਹ ਮੈਨੂੰ ਜਰੂਰ ਮਰਵਾਏਗਾ। ਮੈਂ ਕਿੰਨੀ ਵਾਰ ਕਿਹਾ ਹੈ ਕਿ ਮੈਂ ਆਪ ਹੀ ਫੋਨ ਕਰ ਲਵਾਂਗੀ, ਪਰ ਇਹ ਕਦੇ ਵੀ ਨਹੀਂ ਸਮਝਦਾ।' ਅੰਜੂ ਦੇ ਅੰਦਰ ਡਰ ਪਸਰ ਰਿਹਾ ਹੈ।

ਵਰਮਾ ਸਾਹਿਬ ਅਖਬਾਰ ਵਿਚ ਖੁੱਭੇ ਹਨ। ਸ਼੍ਰੀਮਤੀ ਵਰਮਾ ਮੈਗਜੀਨ ਵਿਚ ਰੁੱਝ ਗਈ। ਸਮੀਰ ਤੇ ਅੰਜੂ ਚਾਹ ਦੀਆਂ ਚੁਸਕੀਆਂ ਲੈ ਰਹੇ ਹਨ ਕਿ ਅਚਾਨਕ ਫਿਰ..

ਸਮੀਰ ਅਹੁਲ ਕੇ ਫੋਨ ਨੂੰ ਪਿਆ, ਪਰ ਚੁੱਕਣ ਤੋਂ ਪਹਿਲਾਂ ਹੀ ਫੋਨ ਦੀ ਘੰਟੀ ਬੰਦ ਹੋ ਗਈ।

***

**ਲੇਡੀ ਸਵਾਰੀ / ਨਰਿੰਦਰਜੀਤ ਕੌਰ**

ਸਮਰਾਲੇ ਤੋਂ ਚੰਡੀਗੜ੍ਹ ਜਾ ਰਹੀ ਬੱਸ ਖਚਾਖਚ ਭਰੀ ਹੋਈ ਸੀ। ਬੈਠਣ ਨੂੰ ਤਾਂ ਕੀ, ਖੜਨ ਨੂੰ ਵੀ ਥਾਂ ਮਿਲਣੀ ਔਖੀ ਸੀ। ਗਰਮੀ ਅਤੇ ਘੁਟਣ ਨਾਲ ਲੋਕਾਂ ਦਾ ਬੁਰਾ ਹਾਲ ਸੀ। ਫਿਰ ਵੀ ਹਰ ਕੋਈ ਚੜ੍ਹੀ ਜਾ ਰਿਹਾ ਸੀ। ਹਰ ਸਟਾਪ ਤੇ ਲਗਦਾ ਕਿ ਹੁਣ ਤਾਂ ਬੱਸ ਨਹੀ ਰੁਕਣੀ, ਪਰ ਕੰਡਕਟਰ ਨੇ ਵੀ ਤਾਂ ਕਮਾਈ ਕਰਨੀ ਸੀ।

ਖਮਾਣੋਂ ਤੋਂ ਇਕ ਕੁੜੀ ਚੜ੍ਹੀ ਤੇ ਬੂਹੇ ਕੋਲ ਖੜੀ ਹੋ ਗਈ। ਬੱਸ ਵਿਚ ਹਲਕੀ ਜਿਹੀ ਹਲਚਲ ਮਚ ਗਈ। ਉੱਚਾ ਜਿਹਾ ਜੂੜਾ, ਗੁਲਾਬੀ ਸੂਟ, ਮੋਢੇ ਉੱਤੇ ਪਰਸ ਅਤੇ ਅੱਖਾਂ ਉੱਤੇ ਕਾਲਾ ਚਸ਼ਮਾ। ਸਵਾਰੀਆਂ ਨੂੰ ਗਰਮੀ ਅਤੇ ਘੁਟਨ ਭੁੱਲ ਗਈ ਅਤੇ ਸਾਰੀਆਂ ਅੱਖਾਂ ਉਸ ਇਕ ਚਿਹਰੇ ਉੱਤੇ ਗੱਡੀਆਂ ਗਈਆਂ। ਹਰ ਕਿਸੇ ਨੂੰ, ਭਾਵੇਂ ਉਹ ਸੋਲ੍ਹਾਂ ਸਾਲਾਂ ਦਾ ਜੁਆਨ ਮੁੰਡਾ ਸੀ ਜਾਂ ਸੱਠ ਸਾਲਾਂ ਦਾ ਬੁੜ੍ਹਾ, ਆਲੇ ਦੁਆਲੇ ਦੀਆਂ ਹੋਰ ਸਵਾਰੀਆਂ ਦਿਖਣੀਆਂ ਹੀ ਬੰਦ ਹੋ ਗਈਆਂ। ਸਭ ਨੂੰ ਬਸ ਇਕ ਕੁੜੀ ਨਜਰ ਆ ਰਹੀ ਸੀ।

ਹਰ ਦਿਲ ਵਿਚ ਬਸ ਇਕ ਹੀ ਸੋਚ ਸੀ 'ਕਾਸ਼ ਇਹ ਕੁੜੀ ਮੇਰੇ ਨਾਲ ਦੀ ਸੀਟ 'ਤੇ ਆ ਕੇ ਬਹਿ ਜਾਵੇ ਤਾਂ ਸਵਰਗ ਹੀ ਮਿਲ ਜਾਵੇ। ਪਰ ਮੈਂ ਉੱਠ ਕੇ ਸੀਟ ਨਹੀਂ ਦੇਣੀ ਕਿਉਂਕਿ ਫੇਰ ਤਾਂ ਉਹ ਮੇਰੇ ਨਾਲ ਦੇ ਬੰਦੇ ਕੋਲ ਬਹਿ ਜਾਵੇਗੀ, ਮੇਰੇ ਨਾਲ ਤਾਂ ਨਹੀਂ ਨਾ। ਬਸ ਕਿਸੇ ਤਰ੍ਹਾਂ ਮੇਰੇ ਨਾਲ ਦਾ ਬੰਦਾ ਉਠ ਜਾਵੇ ਤਾਂ ਹੀ ਗੱਲ ਹੈ। ਪਰ ਚੱਲ ਨਹੀਂ ਤਾਂ ਸਾਮ੍ਹਣੇ ਹੀ ਖੜੀ ਰਹੇ, ਅੱਖਾਂ ਨੂੰ ਹੀ ਠੰਡਕ ਦੇਈ ਜਾਵੇ।'

ਇੰਨੇ ਚਿਰ ਨੂੰ ਦੋ ਸਵਾਰੀਆਂ ਵਾਲੀ ਸੀਟ ਉੱਤੇ ਬੈਠੇ ਇਕ ਮੁੰਡੇ ਨੇ ਤਿਰਛੇ ਜਿਹੇ ਹੁੰਦੇ ਹੋਏ ਮਾੜੀ ਜਿਹੀ ਥਾਂ ਬਣਾ ਕੇ ਕੁੜੀ ਨੂੰ ਕਿਹਾ, "ਜੀ ਤੁਸੀਂ ਇੱਥੇ ਆ ਜਾਓ।"

ਸਾਰੀ ਬੱਸ ਵਿਚ ਸ਼ਾਂਤੀ ਫੈਲ ਗਈ।

'ਲੈ ਗਿਆ ਬਾਜੀ, ਸਾਲਾ ਉੱਲੂ ਦਾ ਪੱਠਾ!'

"ਥੈਂਕ ਯੂ, ਭਾਈ ਸਾਬ੍ਹ! ਤੁਸੀਂ ਇਨ੍ਹਾਂ ਬਾਬਾ ਜੀ ਨੂੰ ਬਿਠਾ ਲਓ।" ਕੁੜੀ ਨੇ ਇਕ ਬਹੁਤ ਹੀ ਕਮਜੋਰ ਜਿਹੇ ਬਜੁਰਗ ਨੂੰ ਉਸ ਸੀਟ ਤੇ ਭੇਜ ਦਿੱਤਾ।

'ਐਥੇ ਰੱਖ!'

ਹੁਣ ਇਕ ਨੂੰ ਛੱਡ ਬਾਕੀ ਸਾਰੇ ਚਿਹਰੇ ਖੁਸ਼ੀ ਨਾਲ ਖਿੜ ਗਏ ਸਨ।

***

# ਪੈੜ ਜਗੀਰੋ ਦੀ



ਸੰਤ ਸਿੰਘ ਸੰਧੂ

ਸਿਆਸਤ – ਮੂੰਹ ਵਿਚ ਭਾਬੀ ਦੇ, ਨਣਦ ਬੁਰਕੀਆਂ ਪਾਵੇ।
ਈਰਾਨ – ਉਨ੍ਹਾਂ ਪੜ੍ਹ ਬਿਸਮਿਲਾ ਮਾਰਿਆ, ਕੋਈ ਅਰਜਨ ਵਰਗਾ ਤੀਰ।
ਪ੍ਰਵਾਸ – ਲਾਲੀ ਨੈਣਾਂ 'ਚੋਂ ਰੜਕਦੀ ਛੱਡ ਗਏ, ਸੁਫ਼ਨੇ ਗੁਲਾਬੀ ਰੰਗ ਦੇ।
ਮੁਫਤ ਰਿਉੜੀ – ਰੋਟੀ ਖਾ ਲੈ ਕੋਹੜੀ ਟੱਬਰਾ, ਮੈਂ ਮੂੰਗਰੇ ਤੁੜਕ ਲਿਆਈ।
ਭਾਜਪਾ – ਦਿਨ ਚੜ੍ਹ ਗਿਆ ਮੁਕਰੀਏ ਨਾਰੇ, ਮੁੱਖ ਉੱਤੋਂ ਘੁੰਡ ਚੁਕ ਦੇ।
ਚੋਣਾਂ – ਕੀਤੀ ਕਿੱਥੇ ਦੀ ਪਟੋਲਿਆ ਤਿਆਰੀ, ਕੱਤਣੀ ਨੂੰ ਫੁਲ ਲਗਦੇ।
ਦਲ ਬਦਲੀ – ਗਭਰੂ ਮੁੱਲ ਵਿਕਦੇ, ਛਾਂਟ ਲੈ ਪਤਲੀਏ ਨਾਰੇ।
ਪੰਜਾਬੀ ਸੱਥ ਭੰਗਾਲਾ – ਤਿਲੀਅਰ ਤੋਤੇ ਨੇ, ਛਾਲ ਗਿੱਧੇ ਵਿਚ ਮਾਰੀ।
ਮਨ ਦੀ ਬਾਤ – ਧੋਅ ਕੇ ਕਾਲਜਾ ਪੀਤਾ, ਤੇਰਿਆਂ ਬੋਲਾਂ ਨੇ।
ਨਰੇਗਾ – ਤੈਨੂੰ ਪੱਟ ਗਏ ਨੀ ਪਟਵਾਰੀ, ਭੁਸ ਪਾ ਕੇ ਲੱਡੂਆਂ ਦੇ।
ਜੰਗ – ਰੱਬਾ ਰੰਡੀਆਂ ਨਾ ਹੋਣ ਮੁਟਿਆਰਾਂ, ਗਭਰੂ ਦੀ ਨਾਰ ਨਾ ਮਰੇ।
ਜਲ ਸੰਕਟ – ਥੋੜਾ-ਥੋੜਾ ਨਹਾ ਛੱਡਦੀ, ਜੇ ਮੈਂ ਜਾਣਦੀ ਨਦੀ ਨੇ ਸੁਕ ਜਾਣਾ।
ਡੇਰੇ – ਸੀਟੀ ਫੱਕਰਾਂ ਦੀ, ਸੁਣ ਅੜੀਏ ਕੰਨ ਲਾ ਕੇ।
ਵਣ ਮਹੱਤਵ – ਟਾਹਣੀ ਨਾਲੋਂ ਫੁੱਲ ਟੁੱਟਿਆ, ਪੱਤੀ-ਪੱਤੀ ਨੇ ਦੁਹਾਈ ਪਾਈ।
ਸੰਤਾਲੀ – ਕੂੰਜ ਵਿਛੜ ਗਈ ਡਾਰੋਂ, ਬੁੱਤ ਨਾਲੋਂ ਰੂਹ ਵਿਛੜੀ।
ਕੌਕਰੋਚ ਪਾਰਟੀ – ਪੰਜ ਬਾਰੀਆਂ ਪੰਝਤਰ ਬੂਹੇ, ਆਈ ਹਾਂ ਮੈਂ ਵਾ' ਬਣ ਕੇ।
ਵਿਨੇਸ਼ ਫੋਗਾਟ – ਮੇਰੀ ਵੰਗ ਦਾ ਪਿਆ ਲਿਸ਼ਕਾਰਾ, ਬੱਦਲਾਂ 'ਤੇ ਪੀਂਘ ਪੈ ਗਈ।
ਮੋਤਾ ਸਿੰਘ ਸਰਾਏ – ਅਰਜ਼ ਗਰੀਬਾਂ ਦੀ, ਸੁਣ ਲਓ ਸੁਹਣਿਓ ਖੜ੍ਹ ਕੇ।
ਮਾਧਵੀ ਰਚਨਾਂਜਲੀ – ਇਕ ਬੇਟੀ ਹੋਵੇ ਮਾਧਵੀ, ਰੱਬਾ ਹੋਵੇ ਰੱਖੜੀ ਵੀ ਤੇਰੀ ਰੱਬ ਵਰਗੀ।
ਸੁਖਦੀਪ ਬਿਰਧਨੋ – ਬੂਟਾ ਬਾਗ ਦਾ ਬਣ ਗਈ, ਕੁੜੀ ਕਲਮ ਹੱਥਾਂ ਵਿਚ ਫੜ ਕੇ।
ਸੰਤ ਬਲਬੀਰ ਸਿੰਘ – ਓਥੇ ਉਗਦੇ ਚੰਨਣ ਦੇ ਬੂਟੇ, ਜਿੱਥੋਂ ਸੀਚੇਵਾਲ ਲੰਘਦੇ।
ਮਮਤਾ ਬੈਨਰਜੀ – ਜੇ ਮੈਂ ਜਾਣਦੀ ਚੱਕੀ ਦਾ ਪੁੜ ਭਾਰਾ, ਸੱਸ ਨੂੰ ਮਨਾਂ ਰੱਖਦੀ।
ਵਿਜੇ ਧੰਮੀ – ਕੰਨੀ ਨੱਤੀਆਂ ਸੰਧੂਰੀ ਸਿਰ ਸਾਫ਼ਾ, ਉਹ ਮੇਰਾ ਵੀਰ ਕੁੜੀਓ।
ਈ.ਡੀ. – ਕੂਕਾ ਮਾਰਦੀ ਮਾਰਦੀ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ।
ਗੁਰਦਾਸ ਮਾਨ – ਵਾਰਿਸ ਸ਼ਾਹ ਇਹ ਫੱਕਰ ਤਾਂ ਨਹੀਂ ਖਾਲੀ, ਕਿਸੇ ਕਾਰਨੇ 'ਤੇ ਏਥੇ ਆਇਆ ਈ।
ਦਾਨ – ਖੈਰ ਫੱਕਰ ਨੂੰ ਅਕਲ ਦੇ ਨਾਲ ਪਾਈਏ, ਹੱਥ ਸੰਭਲ ਕੇ ਬੁੱਕ ਉਲਾਰੀਏ ਜੀ।
ਫੀਫਾ ਕੱਪ – ਜਿੱਥੇ ਛੈਲ ਗੱਭਰੂ ਅਲਬੇਲੜੇ ਜੀ, ਸੁੰਦਰ ਹਿਕ ਥੀਂ ਹਿਕ ਸਵਾਇਆ ਈ।

ਤਲਵੰਡੀ ਸਲੇਮ (ਜਲੰਧਰ)
97794-79169



ਸਾਲ - 2022
ਪਲੇਠਾ ਅੰਕ
ਤੇਈ ਮਾਰਚ
ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਸ਼ਹੀਦ ਭਗਤ ਸਿੰਘ ਨਗਰ
District Education officer (S.E.) Shaheed Bhagat Singh Nagar
email : deose .sbsnagar@punjabeducation.gov.in




ਰੂਹ ਦੀ ਪਰਵਾਜ਼
ਜਰਨੈਲ ਸਿੰਘ ਮੱਖਣ




ਨੈਤਿਕ ਸਿੱਖਿਆ ਤੇ ਹੋਰ ਲੇਖ
ਮਹਿੰਦਰ ਸਿੰਘ ਸੋਢੀ




ਇਹ ਕੇਹੀ ਬਾਲ-ਵਰੇਸ
(ਬਾਲ-ਮਜ਼ਦੂਰੀ 'ਤੇ ਆਧਾਰਿਤ ਪੰਜਾਬੀ ਕਹਾਣੀਆਂ)
(ਕਹਾਣੀਆਂ ਦੀ ਚੋਣ ਤੇ ਸੰਪਾਦਨ)
ਡਾ. ਚਰਨਜੀਤ ਸਿੰਘ
پنجابی ستھ
ਪੰਜਾਬੀ ਸੱਥ













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/07/2026*
*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਨ ਮਿਤੀ : 01/07/2026*